ਮੰਗਲਵਾਰ, 16 ਅਪ੍ਰੈਲ, 2024
4 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 316

# ਨਵਾਂ ਜ਼ਮਾਨਾ

DAILY NAWAN ZAMANA • TUESDAY, 16 APRIL, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਐਤਕੀਂ ਆਮ ਨਾਲੋਂ ਵੱਧ ਮੀਂਹ ਪਵੇਗਾ



**ਨਵੀਂ ਦਿੱਲੀ** : ਭਾਰਤੀ ਮੌਸਮ ਵਿਭਾਗ ਨੇ ਸੋਮਵਾਰ ਕਿਹਾ ਕਿ ਦੇਸ਼ 'ਚ 2024 ਦੇ ਮੌਨਸੂਨ ਸੀਜ਼ਨ 'ਚ ਆਮ ਨਾਲੋਂ ਵੱਧ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ ਵਿਭਾਗ 104 ਤੋਂ 110 ਫੀਸਦੀ ਵਿਚਾਲੇ ਮੀਂਹ ਨੂੰ ਆਮ ਨਾਲੋਂ ਬਿਹਤਰ ਮੰਨਦਾ ਹੈ। ਇਹ ਫਸਲਾਂ ਲਈ ਚੰਗਾ ਸੰਕੇਤ ਹੈ। ਵਿਭਾਗ ਨੇ ਦੱਸਿਆ ਕਿ 2024 ਵਿਚ 106 ਫੀਸਦੀ ਯਾਨਿ 87 ਸੈਂਟੀਮੀਟਰ ਮੀਂਹ ਪੈ ਸਕਦਾ ਹੈ। ਚਾਰ ਮਹੀਨਿਆਂ ਦੇ ਮੌਨਸੂਨ ਸੀਜ਼ਨ ਲਈ ਲੰਮੀ ਮਿਆਦ ਦੀ ਔਸਤ 868.6 ਮਿਲੀਮੀਟਰ ਯਾਨਿ 86.86 ਸੈਂਟੀਮੀਟਰ ਹੁੰਦੀ ਹੈ। ਯਾਨਿ ਮੌਨਸੂਨ ਵਿਚ ਕੁਲ ਏਨਾ ਮੀਂਹ ਪੈਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਨਿੱਜੀ ਮੌਸਮ ਏਜੰਸੀ ਸਕਾਈਮੇਟ ਨੇ ਜੂਨ ਤੋਂ ਸਤੰਬਰ ਤੱਕ 96 ਤੋਂ 104 ਫੀਸਦੀ ਮੀਂਹ ਦੀ ਭਵਿੱਖਬਾਣੀ ਕੀਤੀ ਸੀ। ਭਾਰਤ ਵਿਚ ਮੌਨਸੂਨ ਇਕ ਜੂਨ ਦੇ ਕਰੀਬ ਕੇਰਲਾ ਵਿਚ ਆਉਂਦਾ ਹੈ ਤੇ ਚਾਰ ਮਹੀਨਿਆਂ ਬਾਅਦ ਸਤੰਬਰ ਵਿਚ ਰਾਜਸਥਾਨ ਰਾਹੀਂ ਇਸ ਦੀ ਵਾਪਸੀ ਹੁੰਦੀ ਹੈ।

ਮੌਨਸੂਨ ਵਿਚ ਪੰਜਾਬ, ਹਰਿਆਣਾ ਸਮੇਤ 20 ਰਾਜਾਂ ਵਿਚ ਆਮ ਨਾਲੋਂ ਵੱਧ ਮੀਂਹ ਪੈਣ ਦੀ ਸੰਭਾਵਨਾ ਹੈ। ਹਿਮਾਚਲ, ਛੱਤੀਸਗੜ੍ਹ, ਜੰਮੂ-ਕਸ਼ਮੀਰ ਤੇ ਲੱਦਾਖ ਵਿਚ ਨਾਰਮਲ ਮੀਂਹ ਪਵੇਗਾ। ਜਲਵਾਯੂ ਵਿਗਿਆਨੀਆਂ ਦਾ ਕਹਿਣਾ ਹੈ ਕਿ ਬਰਸਾਤ ਦੇ ਦਿਨਾਂ ਦੀ ਗਿਣਤੀ ਘਟ ਰਹੀ ਹੈ, ਜਦੋਂ ਕਿ ਭਾਰੀ ਵਰਖਾ ਦੀਆਂ ਘਟਨਾਵਾਂ (ਥੋੜ੍ਹੇ ਸਮੇਂ 'ਚ ਵਧੇਰੇ ਮੀਂਹ) ਵਧ ਰਹੀਆਂ ਹਨ, ਜਿਸ ਨਾਲ ਅਕਸਰ ਸੋਕੇ ਅਤੇ ਹੜ੍ਹ ਦੇ ਹਾਲਾਤ ਪੈਦਾ ਹੋ ਜਾਂਦੇ ਹਨ।

1951-2023 ਦਰਮਿਆਨ ਅੰਕੜਿਆਂ ਦੇ ਆਧਾਰ 'ਤੇ ਭਾਰਤ 'ਚ ਮੌਨਸੂਨ ਸੀਜ਼ਨ 'ਚ ਨੌਂ ਵਾਰ ਆਮ ਨਾਲੋਂ ਜ਼ਿਆਦਾ ਮੀਂਹ ਪਿਆ।

# ਕੇਜਰੀਵਾਲ ਨਾਲ ਅੱਤਵਾਦੀਆਂ ਵਰਗਾ ਸਲੂਕ : ਮਾਨ

**ਨਵੀਂ ਦਿੱਲੀ (ਗੁਰਜੀਤ ਬਿੱਲਾ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਰਾਸ਼ਟਰੀ ਜਨਰਲ ਸਕੱਤਰ ਡਾ. ਸੰਦੀਪ ਪਾਠਕ ਨੇ ਸੋਮਵਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਜੇਲ੍ਹ 'ਚ ਮੁਲਾਕਾਤ ਕੀਤੀ।ਉਨ੍ਹਾਂ ਦੀ ਮੁਲਾਕਾਤ ਕਰੀਬ 30 ਮਿੰਟ ਤੱਕ ਚੱਲੀ।ਇਸ ਦੌਰਾਨ ਜੇਲ੍ਹ 'ਚ ਕੇਜਰੀਵਾਲ ਨਾਲ ਹੋਈ ਬਦਸਲੂਕੀ ਨੂੰ ਦੇਖ ਕੇ ਭਗਵੰਤ ਮਾਨ ਭਾਵੁਕ ਹੋ ਗਏ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਕੇਜਰੀਵਾਲ ਨਾਲ ਜੇਲ੍ਹ 'ਚ ਅੱਤਵਾਦੀ ਵਰਗਾ ਸਲੂਕ ਕੀਤਾ ਜਾ ਰਿਹਾ ਹੈ।ਸਾਨੂੰ ਸ਼ੀਸ਼ੇ ਰਾਹੀਂ ਫੋਨ 'ਤੇ ਗੱਲ ਕਰਨ ਲਈ ਬਿਠਾਇਆ ਗਿਆ ਸੀ, ਸ਼ੀਸ਼ਾ ਵੀ ਬਹੁਤ ਗੰਦਾ ਸੀ, ਅਸੀਂ ਇੱਕ-ਦੂਜੇ ਦੇ ਚਿਹਰੇ ਵੀ ਸਾਫ ਨਹੀਂ ਦੇਖ ਸਕੇ। ਕੇਜਰੀਵਾਲ ਦਾ ਕਸੂਰ ਸਿਰਫ ਇਹ ਹੈ ਕਿ ਉਨਾ ਸਕੂਲ ਅਤੇ ਹਸਪਤਾਲ ਬਣਾਏ ਅਤੇ ਲੋਕਾਂ ਲਈ ਬਿਜਲੀ ਅਤੇ ਪਾਣੀ ਮੁਫਤ ਕੀਤਾ, ਇਸੇ ਕਰਕੇ ਉਨ੍ਹਾ ਨੂੰ ਉਹ ਸਹੂਲਤਾਂ ਵੀ ਨਹੀਂ ਮਿਲ ਰਹੀਆਂ, ਜੋ ਗੰਭੀਰ ਅਪਰਾਧੀਆਂ ਨੂੰ ਮਿਲਦੀਆਂ ਹਨ।ਡਾ. ਸੰਦੀਪ ਪਾਠਕ ਨੇ ਕਿਹਾ ਕਿ ਕੇਜਰੀਵਾਲ ਹਰ ਸਮੇਂ ਦਿੱਲੀ ਅਤੇ ਪੰਜਾਬ ਦੇ ਲੋਕਾਂ ਦੇ ਸੁੱਖ-ਦੁੱਖ ਬਾਰੇ ਪੁੱਛਦੇ ਰਹੇ। ਉਨ੍ਹਾ ਸਵਾਲ ਕੀਤਾ ਕਿ ਕੀ ਲੋਕਾਂ ਨੂੰ ਮੁਫ਼ਤ ਬਿਜਲੀ, ਪਾਣੀ, ਇਲਾਜ ਅਤੇ ਔਰਤਾਂ ਲਈ ਮੁਫਤ ਬੱਸ ਸੇਵਾ ਦੀ ਸਹੂਲਤ ਮਿਲ ਰਹੀ ਹੈ ਜਾਂ ਨਹੀਂ।ਅਗਲੇ ਹਫ਼ਤੇ ਤੋਂ ਉਹ ਦੋ ਮੰਤਰੀਆਂ ਨੂੰ ਜੇਲ੍ਹ ਬੁਲਾ ਕੇ ਉਨ੍ਹਾਂ ਦੇ ਵਿਭਾਗਾਂ ਦਾ ਜਾਇਜ਼ਾ ਲੈਣਗੇ।

ਕੇਜਰੀਵਾਲ ਨਾਲ ਮੁਲਾਕਾਤ ਤੋਂ ਬਾਅਦ ਮਾਨ ਨੇ ਕਿਹਾ ਕਿ ਸਾਡੀ ਅੱਧਾ ਘੰਟਾ ਮੁਲਾਕਾਤ ਹੋਈ। ਸਾਨੂੰ 12 ਤੋਂ 12:30 ਵਜੇ ਤੱਕ ਦਾ ਸਮਾਂ ਦਿੱਤਾ ਗਿਆ ਸੀ। ਜਿਵੇਂ ਹੀ ਮੈਂ ਉਨ੍ਹਾ ਨੂੰ ਮਿਲਿਆ, ਮੈਨੂੰ ਇਹ ਦੇਖ ਕੇ ਬਹੁਤ ਦੁੱਖ ਹੋਇਆ ਕਿ ਮੁੱਖ ਮੰਤਰੀ ਕੇਜਰੀਵਾਲ ਨੂੰ ਉਹ ਸਹੂਲਤਾਂ ਵੀ ਨਹੀਂ ਦਿੱਤੀਆਂ ਜਾ ਰਹੀਆਂ, ਜੋ ਕਿ ਭੈੜੇ ਅਪਰਾਧੀਆਂ ਨੂੰ ਦਿੱਤੀਆਂ ਜਾਂਦੀਆਂ ਹਨ। ਕੇਜਰੀਵਾਲ ਦਾ ਕੀ ਕਸੂਰ? ਉਨ੍ਹਾ ਦਾ ਕਸੂਰ ਸਿਰਫ ਇਹ ਹੈ ਕਿ ਉਨ੍ਹਾ ਲੋਕਾਂ ਲਈ ਹਸਪਤਾਲ, ਮੁਹੱਲਾ ਕਲੀਨਿਕ ਅਤੇ ਸਕੂਲ ਬਣਾਏ। ਬਿਜਲੀ ਅਤੇ ਪਾਣੀ ਸਾਰਿਆਂ ਲਈ ਮੁਫਤ ਕੀਤਾ। ਤੁਸੀਂ ਉਨ੍ਹਾ ਨਾਲ ਅਜਿਹਾ ਸਲੂਕ ਕਰ ਰਹੇ ਹੋ, ਜਿਵੇਂ ਤੁਸੀਂ ਕਿਸੇ ਵੱਡੇ ਅੱਤਵਾਦੀ ਨੂੰ ਫੜ ਲਿਆ ਹੋਵੇ।ਮਾਨ ਨੇ ਕਿਹਾ ਕਿ ਜੇਲ ਮੈਨੂਅਲ ਦੇ ਨਿਯਮਾਂ ਅਨੁਸਾਰ ਜੇਲ੍ਹ ਵਿਚ ਦੋਸ਼ੀ ਦਾ ਆਚਰਣ ਚੰਗਾ ਹੋਵੇ ਤਾਂ ਉਸ ਨੂੰ ਆਹਮੋ-ਸਾਹਮਣੇ ਮਿਲਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਜਦੋਂ ਪੀ. ਚਿਦੰਬਰਮ ਜੇਲ੍ਹ ਵਿੱਚ ਸਨ ਅਤੇ

● ਬਾਕੀ ਸਫ਼ਾ 2 'ਤੇ

## ਭਾਵੁਕ ਹੋਏ ਭਗਵੰਤ ਮਾਨ



ਕੇਜਰੀਵਾਲ ਨਾਲ ਮੁਲਾਕਾਤ ਕਰਨ ਤੋਂ ਬਾਅਦ ਭਗਵੰਤ ਮਾਨ ਮੀਡੀਆ ਨੂੰ ਸੰਬੋਧਨ ਦੌਰਾਨ ਜੇਲ੍ਹ ਵਿਚ ਕੇਜਰੀਵਾਲ ਨਾਲ ਕੀਤੇ ਜਾ ਰਹੇ ਵਿਹਾਰ ਨੂੰ ਲੈ ਕੇ ਬੇਹੱਦ ਭਾਵੁਕ ਹੋ ਗਏ। ਉਨ੍ਹਾ ਦੀਆਂ ਅੱਖਾਂ 'ਚ ਹੰਝੂ ਸਨ ਅਤੇ ਕੁਝ ਸਮੇਂ ਲਈ ਮੀਡੀਆ ਨਾਲ ਗੱਲ ਨਹੀਂ ਕਰ ਸਕੇ।

## ਕੇਜਰੀਵਾਲ ਨੂੰ ਰਾਹਤ ਨਹੀਂ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਕਥਿਤ ਆਬਕਾਰੀ ਨੀਤੀ ਘਪਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਟੀਸ਼ਨ 'ਤੇ ਸੋਮਵਾਰ ਈ ਡੀ ਤੋਂ ਜਵਾਬ ਮੰਗਿਆ। ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਦੀਪਾਂਕਰ ਦੱਤਾ ਦੀ ਬੈਂਚ ਨੇ ਦਿੱਲੀ ਹਾਈ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦੇਣ ਵਾਲੀ ਕੇਜਰੀਵਾਲ ਦੀ ਪਟੀਸ਼ਨ 'ਤੇ ਈ ਡੀ ਨੂੰ ਨੋਟਿਸ ਜਾਰੀ ਕੀਤਾ, ਜਿਸ ਨੇ ਉਨ੍ਹਾ ਦੀ ਗ੍ਰਿਫ਼ਤਾਰੀ ਨੂੰ ਬਰਕਰਾਰ ਰੱਖਿਆ ਹੈ। ਬੈਂਚ ਨੇ ਈ ਡੀ ਨੂੰ 24 ਅਪਰੈਲ ਤੱਕ ਜਵਾਬ ਦਾਇਰ ਕਰਨ ਲਈ ਕਿਹਾ ਹੈ।

ਬੈਂਚ ਨੇ ਕਿਹਾ ਕਿ ਮਾਮਲੇ ਦੀ ਸੁਣਵਾਈ 29 ਅਪਰੈਲ ਤੋਂ ਸ਼ੁਰੂ ਹੋਣ ਵਾਲੇ ਹਫਤੇ 'ਚ ਹੋਵੇਗੀ। ਇਸ ਦੌਰਾਨ ਮਨੀ ਲਾਂਡਰਿੰਗ ਮਾਮਲੇ 'ਚ ਦਿੱਲੀ ਦੀ ਅਦਾਲਤ ਨੇ ਕੇਜਰੀਵਾਲ ਦੀ ਨਿਆਂਇਕ ਹਿਰਾਸਤ 23 ਅਪਰੈਲ ਤੱਕ ਵਧਾ ਦਿੱਤੀ ਹੈ।

## ਰਾਹੁਲ ਦੇ ਹੈਲੀਕਾਪਟਰ ਦੀ ਤਲਾਸ਼ੀ



**ਨੀਲਗਿਰੀ** : ਤਾਮਿਲਨਾਡੂ ਦੇ ਨੀਲਗਿਰੀ ਵਿਚ ਚੋਣ ਅਧਿਕਾਰੀਆਂ ਨੇ ਸੋਮਵਾਰ ਕਾਂਗਰਸ ਨੇਤਾ ਰਾਹੁਲ ਗਾਂਧੀ ਨੂੰ ਲੈ ਕੇ ਜਾ ਰਹੇ ਹੈਲੀਕਾਪਟਰ ਦੀ ਤਲਾਸ਼ੀ ਲਈ। ਫਲਾਇੰਗ ਸਕੁਐਡ ਦੇ ਅਧਿਕਾਰੀਆਂ ਨੇ ਹੈਲੀਕਾਪਟਰ ਦੇ ਉਤਰਨ ਤੋਂ ਬਾਅਦ ਇਸ ਦੀ ਤਲਾਸ਼ੀ ਲਈ। ਰਾਹੁਲ ਕੇਰਲਾ 'ਚ ਆਪਣੇ ਸੰਸਦੀ ਹਲਕੇ ਵਾਇਨਾਡ ਦੇ ਦੌਰੇ 'ਤੇ ਜਾ ਰਹੇ ਸਨ। ਇਸ ਦੌਰਾਨ ਰਾਹੁਲ ਗਾਂਧੀ ਨੇ ਵਾਇਨਾਡ ਪੁੱਜ ਕੇ ਰੋਡ ਸ਼ੋਅ ਕੀਤਾ।

## ਪੋਲਿੰਗ ਤੋਂ ਪਹਿਲਾਂ 4650 ਕਰੋੜ ਜ਼ਬਤ

**ਨਵੀਂ ਦਿੱਲੀ** : ਚੋਣ ਕਮਿਸ਼ਨ ਨੇ ਸੋਮਵਾਰ ਕਿਹਾ ਹੈ ਕਿ ਚੋਣ ਅਧਿਕਾਰੀ 1 ਮਾਰਚ ਤੋਂ ਹਰ ਰੋਜ਼ 100 ਕਰੋੜ ਰੁਪਏ ਦੀ ਰਕਮ ਜ਼ਬਤ ਕਰ ਰਹੇ ਹਨ। ਕਮਿਸ਼ਨ ਨੇ ਕਿਹਾ ਕਿ ਐਨਫੋਰਸਮੈਂਟ ਅਧਿਕਾਰੀਆਂ ਨੇ ਲੋਕ ਸਭਾ ਚੋਣਾਂ ਲਈ ਵੋਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ 4,650 ਕਰੋੜ ਰੁਪਏ ਜ਼ਬਤ ਕਰ ਲਏ ਹਨ, ਜੋ 2019 ਦੀਆਂ ਲੋਕ ਸਭਾ ਚੋਣਾਂ 'ਚ ਕੀਤੀ ਗਈ ਕੁੱਲ ਜ਼ਬਤੀ ਤੋਂ ਵੱਧ ਹੈ।

## ਸਾਬਕਾ ਜੱਜਾਂ ਦੀ 'ਚਿੰਤਾ'

**ਨਵੀਂ ਦਿੱਲੀ** : ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਦੇ 21 ਸੇਵਾਮੁਕਤ ਜੱਜਾਂ ਦੇ ਸਮੂਹ ਨੇ ਜਾਣਬੁੱਝ ਕੇ ਦਬਾਅ, ਗਲਤ ਜਾਣਕਾਰੀ ਅਤੇ ਜਨਤਕ ਅਪਮਾਨ ਰਾਹੀਂ ਨਿਆਂਪਾਲਿਕਾ ਨੂੰ ਕਮਜ਼ੋਰ ਕਰਨ ਦੀਆਂ ਵਧ ਰਹੀਆਂ ਕੋਸ਼ਿਸ਼ਾਂ ਖਿਲਾਫ ਚੀਫ ਜਸਟਿਸ ਨੂੰ ਪੱਤਰ ਭੇਜਿਆ ਹੈ। ਉਨ੍ਹਾ ਕਿਹਾ ਕਿ ਇਹ ਆਲੋਚਕ ਸੌੜੇ ਸਿਆਸੀ ਹਿੱਤਾਂ ਅਤੇ ਨਿੱਜੀ ਮੁਫਾਦਾਂ ਤੋਂ ਪ੍ਰੇਰਤ ਹਨ ਅਤੇ ਨਿਆਂ ਪ੍ਰਣਾਲੀ 'ਚ ਲੋਕਾਂ ਦੇ ਵਿਸ਼ਵਾਸ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਹਾਲਾਂਕਿ ਸੇਵਾਮੁਕਤ ਜੱਜਾਂ ਨੇ ਇਹ ਨਹੀਂ ਦੱਸਿਆ ਕਿ ਉਨ੍ਹਾਂ ਨੇ ਕਿਹੜੀਆਂ ਘਟਨਾਵਾਂ ਬਾਰੇ ਇਹ ਪੱਤਰ ਲਿਖਿਆ ਹੈ। ਇਨ੍ਹਾਂ 'ਚ ਸੁਪਰੀਮ ਕੋਰਟ ਦੇ ਚਾਰ ਸੇਵਾਮੁਕਤ ਜੱਜ ਵੀ ਸ਼ਾਮਲ ਹਨ।

## ਮਹਿੰਗਾਈ ਕਿੱਥੇ ?

**ਨਵੀਂ ਦਿੱਲੀ** : ਦੇਸ਼ 'ਚ ਲੋਕ ਮਹਿੰਗਾਈ ਦੀ ਮਾਰ ਤੋਂ ਪ੍ਰੇਸ਼ਾਨ ਹਨ ਪਰ ਸਰਕਾਰੀ ਅੰਕੜਿਆਂ 'ਚ ਇਹ ਜਾਂ ਤਾਂ ਹੈ ਹੀ ਨਹੀਂ ਜਾਂ ਇਸ 'ਚ ਮਾਮੂਲੀ ਵਧਾ ਹੋਇਆ ਹੈ। ਤਾਜ਼ਾ ਅੰਕੜਿਆਂ ਮੁਤਾਬਕ ਥੋਕ ਮੁੱਲ ਸੂਚਕ ਅੰਕ ਅਧਾਰਤ ਮਹਿੰਗਾਈ ਮਾਰਚ 'ਚ ਸਿਰਫ 0.5 ਫੀਸਦ ਵਧੀ ਹੈ।

## ਸਾਵਧਾਨੀ ਦੀ ਸਲਾਹ

**ਪੈਰਿਸ** : ਯੂਰਪੀਅਨ ਯੂਨੀਅਨ ਐਵੀਏਸ਼ਨ ਸੇਫਟੀ ਏਜੰਸੀ ਨੇ ਸੋਮਵਾਰ ਨਾਗਰਿਕ ਹਵਾਈ ਜਹਾਜ਼ਾਂ ਨੂੰ ਈਰਾਨ ਅਤੇ ਇਜ਼ਰਾਈਲ ਦੇ ਹਵਾਈ ਖੇਤਰ ਅਤੇ ਦੇਸ਼ ਦੇ ਆਲੇ-ਦੁਆਲੇ 100 ਸਮੁੰਦਰੀ ਮੀਲ ਦੇ ਘੇਰੇ 'ਚ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਹੈ, ਭਾਵੇਂ ਇਸ ਸਮੇਂ ਜਹਾਜ਼ਾਂ ਲਈ ਇਨ੍ਹਾਂ ਮੁਲਕਾਂ ਦੇ ਉਪਰੋਂ ਉੱਡਣ 'ਚ ਕੋਈ ਖਤਰਾ ਨਹੀਂ ਹੈ। ਈਰਾਨ ਵੱਲੋਂ 300 ਤੋਂ ਵੱਧ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਇਜ਼ਰਾਈਲ 'ਤੇ ਹਮਲਾ ਕਰਨ ਤੋਂ ਬਾਅਦ ਖੇਤਰ 'ਚ ਤਣਾਅ ਪੈਦਾ ਹੋ ਗਿਆ ਹੈ।

# ਮਨੀ ਲਾਂਡਰਿੰਗ ਮਾਮਲੇ 'ਚ ਚੰਨਪ੍ਰੀਤ ਸਿੰਘ ਗ੍ਰਿਫ਼ਤਾਰ

**ਨਵੀਂ ਦਿੱਲੀ** : ਈ ਡੀ ਨੇ ਸੋਮਵਾਰ ਦਿੱਲੀ 'ਚ ਕਥਿਤ ਸ਼ਰਾਬ ਨੀਤੀ (2022-22) ਘੁਟਾਲੇ ਦੇ ਮੁਲਜ਼ਮ ਚੰਨਪ੍ਰੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਚੰਨਪ੍ਰੀਤ ਸਿੰਘ 'ਤੇ ਗੋਆ ਚੋਣਾਂ ਦੌਰਾਨ ਆਮ ਆਦਮੀ ਪਾਰਟੀ (ਆਪ) ਦੇ ਫੰਡਾਂ ਦਾ ਪ੍ਰਬੰਧ ਕਰਨ ਦਾ ਦੋਸ਼ ਹੈ। ਇਸ ਤੋਂ ਪਹਿਲਾਂ 21 ਮਾਰਚ ਨੂੰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਈ ਡੀ ਨੇ ਗ੍ਰਿਫਤਾਰ ਕੀਤਾ ਸੀ।

ਹਾਲ ਹੀ 'ਚ, ਜਾਂਚ ਏਜੰਸੀ ਨੇ ਕਥਿਤ ਸ਼ਰਾਬ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਵਿਧਾਇਕ ਦੁਰਗੇਸ਼ ਪਾਠਕ ਤੋਂ ਵੀ ਪੁੱਛਗਿੱਛ ਕੀਤੀ ਸੀ। ਇਸ ਮਾਮਲੇ 'ਚ ਈਡੀ ਵੱਲੋਂ ਇਹ 17ਵੀਂ ਗ੍ਰਿਫਤਾਰੀ ਹੈ। ਦਿੱਲੀ ਦੇ ਮੁੱਖ ਮੰਤਰੀ ਗ੍ਰਿਫਤਾਰੀ ਤੋਂ ਬਾਅਦ ਤੋਂ ਹੀ ਨਿਆਂਇਕ ਹਿਰਾਸਤ 'ਚ ਤਿਹਾੜ ਜੇਲ੍ਹ 'ਚ ਬੰਦ ਹਨ। ਚੰਨਪ੍ਰੀਤ ਸਿੰਘ ਨੂੰ ਇਸ ਤੋਂ ਪਹਿਲਾਂ ਸੀ ਬੀ ਆਈ ਨੇ ਇਸੇ ਮਾਮਲੇ 'ਚ ਗ੍ਰਿਫਤਾਰ ਕੀਤਾ ਸੀ। ਮਨੀ ਲਾਂਡਰਿੰਗ ਦਾ ਮਾਮਲਾ ਸੀ ਬੀ ਆਈ ਦੀ ਐਫ ਆਈ ਆਰ ਤੋਂ ਬਾਅਦ ਸਾਹਮਣੇ ਆਇਆ ਹੈ। ਈ ਡੀ ਨੇ ਅਦਾਲਤ ਨੂੰ ਦੱਸਿਆ ਸੀ ਕਿ ਚੰਨਪ੍ਰੀਤ ਸਿੰਘ ਨੇ ਗੋਆ ਵਿਧਾਨ ਸਭਾ ਚੋਣਾਂ 2022 ਦੌਰਾਨ ਆਮ ਆਦਮੀ ਪਾਰਟੀ ਲਈ ਪ੍ਰਚਾਰ ਕਰਨ ਵਾਲੇ ਸਰਵੇਖਣ ਵਰਕਰਾਂ, ਏਰੀਆ ਮੈਨੇਜਰਾਂ, ਅਸੈਂਬਲੀ ਮੈਨੇਜਰਾਂ ਅਤੇ ਹੋਰਾਂ ਨੂੰ ਨਕਦ ਭੁਗਤਾਨ ਦਾ ਪ੍ਰਬੰਧ ਕੀਤਾ ਸੀ। ਈ ਡੀ ਨੇ ਦੋਸ਼ ਲਾਇਆ ਸੀ ਕਿ ਦੱਖਣੀ ਗਰੁੱਪ ਨੇ ਦਿੱਲੀ ਦੀ ਸ਼ਰਾਬ ਮੰਡੀ 'ਚ ਦਬਦਬਾ ਹਾਸਲ ਕਰਨ ਲਈ ਆਮ ਆਦਮੀ ਪਾਰਟੀ ਨੂੰ 100 ਕਰੋੜ ਰੁਪਏ ਦੀ ਰਿਸ਼ਵਤ ਦਿੱਤੀ ਸੀ। ਸ਼ਰਾਬ ਨੀਤੀ 2021-22 ਨੂੰ ਹੁਣ ਖਤਮ ਕਰ ਦਿੱਤਾ ਗਿਆ ਹੈ। ਦੱਖਣ ਗਰੁੱਪ 'ਚ ਬੀ ਆਰ ਐਸ ਨੇਤਾ ਅਤੇ ਤੇਲੰਗਾਨਾ ਦੇ ਸਾਬਕਾ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਦੀ ਧੀ ਕੇ ਕਵਿਤਾ, ਕਾਰੋਬਾਰੀ ਸਰਥ ਚੰਦਰ ਰੈਡੀ ਅਤੇ ਹੋਰ ਸ਼ਾਮਲ ਹਨ। ਈਡੀ ਨੇ ਦਾਅਵਾ ਕੀਤਾ ਹੈ ਕਿ ਇਨ੍ਹਾਂ ਕਥਿਤ ਰਿਸ਼ਵਤਾਂ ਵਿੱਚੋਂ 45 ਕਰੋੜ ਰੁਪਏ 'ਆਪ' ਵੱਲੋਂ ਗੋਆ ਚੋਣ ਪ੍ਰਚਾਰ ਲਈ ਖਰਚ ਕੀਤੇ ਗਏ ਸਨ।

# ਕਾਂਗੋ 'ਚ ਅੱਤਵਾਦੀਆਂ ਵੱਲੋਂ 11 ਲੋਕਾਂ ਦੀ ਹੱਤਿਆ

**ਕਿਨਸ਼ਾਸਾ (ਕਾਂਗੋ)** : ਅੱਤਵਾਦੀਆਂ ਨੇ ਪੂਰਬੀ ਕਾਂਗੋ 'ਚ ਘੱਟੋ-ਘੱਟ 11 ਲੋਕਾਂ ਦੀ ਹੱਤਿਆ ਕਰ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਇਸਲਾਮਿਕ ਸਟੇਟ ਨਾਲ ਜੁੜੇ ਹਮਲਾਵਰਾਂ ਨੇ ਲੋਕਾਂ ਨੂੰ ਮਾਰਨ ਤੋਂ ਬਾਅਦ ਵਾਹਨਾਂ ਨੂੰ ਵੀ ਅੱਗ ਲਗਾ ਦਿੱਤੀ। ਹਮਲਾਵਰਾਂ ਨੇ ਪੂਰਬੀ ਕਾਂਗੋ ਦੇ ਪਿੰਡਾਂ 'ਤੇ ਹਮਲਾ ਕੀਤਾ।

ਹਮਲਾਵਰਾਂ ਨੇ ਇਸ ਦੌਰਾਨ ਲੋਕਾਂ ਦੀ ਜਾਇਦਾਦ 'ਤੇ ਵੀ ਕਬਜ਼ਾ ਕਰ ਲਿਆ। ਇਸਲਾਮਿਕ ਸਟੇਟ ਨਾਲ ਜੁੜੇ ਕਈ ਸਮੂਹ ਯੂਗਾਂਡਾ ਦੇ ਆਲੇ-ਦੁਆਲੇ ਸਰਗਰਮ ਹਨ। ਸੰਯੁਕਤ ਰਾਸ਼ਟਰ ਨੇ ਹਾਲ ਹੀ 'ਚ ਕਿਹਾ ਸੀ ਕਿ ਇਸ ਸਾਲ ਖੇਤਰ 'ਚ ਅੱਤਵਾਦੀ ਹਮਲਿਆਂ 'ਚ ਕਰੀਬ 200 ਲੋਕ ਮਾਰੇ ਗਏ ਹਨ।

# ਸਿਡਨੀ 'ਚ ਪਾਦਰੀ 'ਤੇ ਹਮਲਾ



**ਸਿਡਨੀ** : ਇੱਥੇ ਚਰਚ 'ਚ ਪ੍ਰਚਾਰ ਕਰ ਰਹੇ ਇਕ ਪਾਦਰੀ 'ਤੇ ਅਣਪਛਾਤਿਆਂ ਵੱਲੋਂ ਚਾਕੂ ਨਾਲ ਹਮਲਾ ਕਰ ਦਿੱਤਾ ਗਿਆ। ਇਸ ਹਮਲੇ 'ਚ ਪਾਦਰੀ ਸਮੇਤ ਚਾਰ ਜਣੇ ਗੰਭੀਰ ਜ਼ਖ਼ਮੀ ਹੋ ਗਏ।

ਹਮਲਾ ਇੱਕ ਉਪਦੇਸ਼ ਦੌਰਾਨ ਹੋਇਆ ਜੋ ਚਰਚ ਦੇ ਯੂਟਿਊਬ ਪੇਜ 'ਤੇ ਲਾਈਵ-ਸਟ੍ਰੀਮ ਕੀਤਾ ਜਾ ਰਿਹਾ ਸੀ। ਨਿਊ ਸਾਊਥ ਵੇਲਜ਼ ਪੁਲਸ ਨੇ ਕਿਹਾ ਕਿ ਸੋਮਵਾਰ ਨੂੰ ਵਾਪਰੀ ਇਸ ਘਟਨਾ ਤੋਂ ਬਾਅਦ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਇਹ ਹਮਲਾ ਸਥਾਨਕ ਸਮੇਂ ਮੁਤਾਬਕ ਸ਼ਾਮ ਕਰੀਬ 7:15 ਵਜੇ ਵੇਕਲੇ ਦੇ ਕ੍ਰਾਈਸਟ ਦ ਗੁੱਡ ਸ਼ੈਫਰਡ ਚਰਚ 'ਚ ਹੋਇਆ। ਇਹ ਘਟਨਾ ਸਿਡਨੀ ਦੇ ਇੱਕ ਮਾਲ 'ਚ ਇੱਕ ਵਿਅਕਤੀ ਵੱਲੋਂ ਚਾਕੂ ਨਾਲ ਹਮਲਾ ਕਰਨ ਦੇ ਬਾਅਦ ਛੇ ਲੋਕਾਂ ਦੀ ਮੌਤ ਦੇ ਦੋ ਦਿਨ ਬਾਅਦ ਹੋਈ ਹੈ।

## ਭਾਜਪਾ ਦੇ ਮੈਨੀਫੈਸਟੋ 'ਚ ਗਰੀਬਾਂ ਲਈ ਕੁਝ ਨਹੀਂ : ਰਾਹੁਲ

**ਉਧਗਮੰਡਲਮ (ਤਾਮਿਲਨਾਡੂ)** : ਰਾਹੁਲ ਗਾਂਧੀ ਨੇ ਸੋਮਵਾਰ ਕਿਹਾ ਕਿ ਭਾਜਪਾ ਦੇ ਚੋਣ ਮੈਨੀਫੈਸਟੋ 'ਚ ਗਰੀਬਾਂ ਲਈ ਕੁਝ ਨਹੀਂ ਹੈ ਪਰ 2036 ਉਲੰਪਿਕ ਲਈ ਬੋਲੀ ਲਗਾਉਣ ਦੀ ਗੱਲ ਹੈ। ਗਰੀਬਾਂ ਲਈ ਭਾਜਪਾ ਦੀਆਂ ਕੀ ਨੀਤੀਆਂ ਹਨ? ਰਾਹੁਲ ਨੇ ਕੇਰਲਾ ਦੇ ਵਾਇਨਾਡ ਲਈ ਰਵਾਨਾ ਹੋਣ ਤੋਂ ਪਹਿਲਾਂ ਇੱਥੇ ਥਲੂਰ ਵਿੱਚ ਕਾਲਜ ਦੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਪੁੱਛਿਆ।

## ਸ਼ੇਅਰ ਬਾਜ਼ਾਰ 'ਚ ਮੰਦਾ

**ਮੁੰਬਈ** : ਸੋਮਵਾਰ ਭਾਰਤੀ ਸ਼ੇਅਰ ਬਾਜਾਰ 'ਚ ਮੰਦੀ ਦਾ ਦੌਰ ਰਿਹਾ।

ਈਰਾਨ ਤੇ ਇਜ਼ਰਾਈਲ ਵਿਚਾਲੇ ਤਣਾਅ ਵਧਣ ਦਾ ਅਸਰ ਭਾਰਤੀ ਸ਼ੇਅਰ ਬਾਜ਼ਾਰਾਂ 'ਤੇ ਸਾਫ ਨਜ਼ਰ ਆਇਆ।

ਸੈਂਸੈਕਸ 845.12 ਅੰਕ ਡਿੱਗ ਕੇ 73,399.78 ਅਤੇ ਨਿਫਟੀ 246.90 ਅੰਕਾਂ ਦੇ ਨੁਕਸਾਨ ਦੇ ਨਾਲ 22,272.50 'ਤੇ ਬੰਦ ਹੋਇਆ।

# ਜਲੰਧਰ ਦੀ ਸਪੋਰਟਸ ਫੈਕਟਰੀ 'ਚ ਭਿਆਨਕ ਅੱਗ



**ਜਲੰਧਰ** : ਸਰਜੀਕਲ ਕੰਪਲੈਕਸ 'ਚ ਸਥਿਤ ਬਾਲ (ਗੇਂਦ) ਬਣਾਉਣ ਵਾਲੀ ਯੂ ਐੱਮ ਏ ਫੈਕਟਰੀ 'ਚ ਸੋਮਵਾਰ ਭਿਆਨਕ ਅੱਗ ਲੱਗ ਗਈ। ਫੈਕਟਰੀ ਅੰਦਰ ਕੰਮ ਕਰ ਰਹੇ ਕਰੀਬ 35 ਤੋਂ 40 ਲੋਕਾਂ ਨੂੰ ਤੁਰੰਤ ਬਾਹਰ ਕੱਢਿਆ ਗਿਆ। ਸਥਾਨਕ ਲੋਕਾਂ ਅਨੁਸਾਰ ਫੈਕਟਰੀ ਵਿੱਚ ਉਸਾਰੀ ਦਾ ਕੰਮ ਚੱਲ ਰਿਹਾ ਸੀ। ਵੈਲਡਿੰਗ ਦੌਰਾਨ ਸਪਾਰਕ ਹੋਣ ਕਾਰਨ ਅੱਗ ਲੱਗਣ ਦਾ ਸ਼ੱਕ ਜਤਾਇਆ ਜਾ ਰਿਹਾ ਹੈ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦੇਰ ਸ਼ਾਮ ਤੱਕ ਅੱਗ ਬੁਝਾਉਣ ਵਿਚ ਲੱਗੀਆਂ ਹੋਈਆਂ ਸਨ।

# ਅੰਮ੍ਰਿਤਸਰ 'ਚ ਰੇਲ ਹਾਦਸਾ ਟਲਿਆ

**ਅੰਮ੍ਰਿਤਸਰ** : ਰੇਲਵੇ ਜੰਕਸ਼ਨ ਅੰਮ੍ਰਿਤਸਰ ਤੇ ਛੇਹਰਟਾ ਦੇ ਵਿਚਕਾਰ ਪੈਂਦੇ ਇਲਾਕਾ ਕੋਟ ਖ਼ਾਲਸਾ ਵਿਖੇ ਸਥਿਤ ਰੇਲਵੇ ਫਾਟਕ ਨੰਬਰ 21 ਵਿਖੇ ਸੋਮਵਾਰ ਦੁਪਹਿਰ ਦੇ ਸਮੇਂ ਗੇਟ 'ਤੇ ਤਾਇਨਾਤ ਗੇਟ ਮੈਨ ਤੇ ਰੇਲਵੇ ਡਰਾਈਵਰ ਦੀ ਫੁਰਤੀ ਦੇ ਨਾਲ ਵੱਡਾ ਰੇਲ ਹਾਦਸਾ ਟਲ ਗਿਆ। ਲੋਕਾਂ ਮੁਤਾਬਕ ਛੇਹਰਟਾ ਸਾਈਡ ਤੋਂ ਦੁਪਹਿਰ ਦੇ ਸਮੇਂ ਇਕ ਇਲੈਕਟ੍ਰਿਕ ਇੰਜਣ ਦੇ ਅੰਮ੍ਰਿਤਸਰ ਸਾਈਡ ਵੱਲ ਨੂੰ ਜਾਣ ਦੀ ਸੂਚਨਾ ਗੇਟਮੈਨ ਬਲਵਿੰਦਰ ਸਿੰਘ ਮਿਲੀ। ਗੇਟਮੈਨ ਨੇ ਜਿਉਂ ਹੀ ਫਾਟਕ ਬੰਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਸ ਦੌਰਾਨ ਕੁੱਝ ਛੋਟੀਆਂ-ਵੱਡੀਆਂ ਮੋਟਰ ਗੱਡੀਆਂ ਇੱਧਰੋਂ-ਉੱਧਰੋਂ ਪਾਰ ਹੋਣ ਦੀ ਕੋਸ਼ਿਸ਼ ਕਰ ਰਹੀਆਂ ਸਨ ਤਾਂ ਇੱਕ ਰਿਕਸ਼ਾ ਚਾਲਕ ਨੇ ਗ਼ਲਤ ਸਾਈਡ ਤੋਂ ਆ ਕੇ ਆਪਣਾ ਈ-ਰਿਕਸ਼ਾ ਖੜ੍ਹਾ ਕਰ ਦਿੱਤਾ। ਜਿਸ ਨਾਲ ਸਾਰੀ ਆਵਾਜਾਈ ਪ੍ਰਭਾਵਤ ਹੋ ਕੇ ਰਹਿ ਗਈ ਤੇ ਰੇਲਵੇ ਫਾਟਕ ਮੁਕੰਮਲ ਰੂਪ ਵਿਚ ਬੰਦ ਨਾ ਹੋ ਸਕਿਆ। ਕਾਰ ਚਾਲਕ ਤੇ ਗੇਟਮੈਨ ਦੇ ਸਮਝਾਉਣ ਦੇ ਬਾਵਜੂਦ ਈ-ਰਿਕਸ਼ਾ ਚਾਲਕ ਨਹੀਂ ਟਲਿਆ ਤੇ ਉਸ ਨੇ ਸਾਰਿਆਂ ਨਾਲ ਬਹਿਸਬਾਜ਼ੀ ਸ਼ੁਰੂ ਕਰ ਦਿੱਤੀ।

ਏਨੇ ਚਿਰ ਨੂੰ ਇਲੈਕਟ੍ਰਿਕ ਇੰਜਣ ਤੇਜ਼ੀ ਨਾਲ ਫਾਟਕ ਵੱਲ ਵੱਧ ਰਿਹਾ ਸੀ। ਜਦੋਂ ਡਰਾਈਵਰ ਨੇ ਗੇਟ ਖੁੱਲ੍ਹਾ ਹੋਣ 'ਤੇ ਭੀੜ ਦੇਖੀ ਤਾਂ ਉਸ ਨੇ ਫੁਰਤੀ ਦਾ ਮੁਜ਼ਾਹਰਾ ਕਰਦਿਆਂ ਸਮਾਂ ਰਹਿੰਦੇ ਫਾਟਕ ਤੋਂ ਕੁੱਝ ਦੂਰੀ 'ਤੇ ਇੰਜਣ ਖੜ੍ਹਾ ਕਰ ਦਿੱਤਾ। ਜਿਸ ਨਾਲ ਇਕ ਵੱਡਾ ਰੇਲ ਹਾਦਸਾ ਹੋਣੋ ਟਲ ਗਿਆ। ਇਸ ਰੇਲਵੇ ਫਾਟਕ 'ਤੇ ਪਹਿਲਾਂ ਵੀ ਕਈ ਪ੍ਰਕਾਰ ਦੀਆਂ ਦੁਰਘਟਨਾਵਾ ਹੋ ਚੁੱਕੀਆਂ ਹਨ ਜਿਸ ਦੌਰਾਨ ਇਲਾਕਾ ਨਿਵਾਸੀਆਂ ਦਾ ਵੱਡੇ ਪੱਧਰ 'ਤੇ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਇਲਾਕਾ ਨਿਵਾਸੀਆਂ ਨੇ ਗੰਭੀਰਤਾ ਨਾਲ ਇਸ ਘਟਨਾਕ੍ਰਮ ਦੀ ਜਾਂਚ ਦੀ ਮੰਗ ਕੀਤੀ ਹੈ।

## ਪੱਤਰਕਾਰ ਲਖਵੀਰ ਸਿੰਘ ਦੇ ਘਰ 'ਤੇ ਹਮਲਾ



**ਅਮਲੋਹ (ਪੱਤਰ ਪ੍ਰੇਰਕ)**-ਹਲਕਾ ਅਮਲੋਹ ਦੇ ਨਰਾਇਣਗੜ੍ਹ ਵਿਖੇ ਰਹਿੰਦੇ ਪੱਤਰਕਾਰ ਲਖਵੀਰ ਸਿੰਘ ਦੇ ਘਰ 'ਤੇ ਕੁਝ ਵਿਅਕਤੀਆਂ ਵੱਲੋਂ ਹਮਲਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਲਖਵੀਰ ਸਿੰਘ ਵੱਲੋਂ ਐੱਸ ਪੀ ਫਤਿਹਗੜ੍ਹ ਸਾਹਿਬ ਨੂੰ ਸ਼ਿਕਾਇਤ ਦੇ ਕੇ ਕਿਹਾ ਹੈ ਕਿ ਰਣਧੀਰ ਸਿੰਘ ਵਾਸੀ ਪਿੰਡ ਨਰਾਇਣਗੜ੍ਹ ਨੇ ਮੈਨੂੰ ਕੁਝ ਸਮਾਂ ਪਹਿਲਾਂ ਜਾਤੀ ਸੂਚਕ ਸ਼ਬਦਾਂ ਨਾਲ ਗਾਲੀ-ਗਲੋਚ ਕੀਤਾ ਸੀ ਅਤੇ ਮੇਰੇ ਘਰ ਉੱਤੇ ਜਾਨਲੇਵਾ ਹਮਲਾ ਕੀਤਾ ਸੀ, ਜਿਸ ਦੇ ਸੰਬੰਧ ਵਿਚ ਮੈਂ ਪਹਿਲਾਂ ਵੀ ਸ਼ਿਕਾਇਤ ਦਿੱਤੀ ਹੋਈ ਹੈ। ਹੁਣ ਬੀਤੀ 14 ਅਪ੍ਰੈਲ ਸਮਾਂ ਕਰੀਬ ਰਾਤ 8.45 ਵਜੇ ਦਾ ਸੀ, ਮੈਂ ਆਪਣੀ ਮਾਤਾ ਦੇ ਘਰ ਤੋਂ ਆਪਣੇ ਘਰ ਵੱਲ ਆ ਰਿਹਾ ਸਾਂ ਤਾਂ ਮੇਰੇ ਪਿੰਡ ਦੇ ਜਰਨੈਲ ਸਿੰਘ, ਮਲਕੀਤ ਸਿੰਘ, ਗੁਰਵਿੰਦਰ

● ਬਾਕੀ ਸਫ਼ਾ 2 'ਤੇ

# ਮੇਲੇ 'ਚ ਦਾਤਰ ਮਾਰ ਕੇ ਕਤਲ



**ਗੁਰਦਾਸਪੁਰ** : ਇਤਿਹਾਸਕ ਪੰਡੋਰੀ ਧਾਮ 'ਚ ਵਿਸਾਖੀ ਮੇਲੇ ਦੌਰਾਨ ਮੋਢੇ ਨਾਲ ਮੋਢਾ ਖਹਿਣ ਮਗਰੋਂ ਨੌਜਵਾਨ ਦਾ ਦਾਤਰ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਰਾਜੂ (30) ਪੁੱਤਰ ਭੀਮ ਨਰਾਇਣ ਮੂਲ ਰੂਪ 'ਚ ਮਥੁਰਾ ਦੇ ਪਿੰਡ ਧਰੋਲੀ ਦਾ ਸੀ ਅਤੇ ਨਗਰ ਕੌਂਸਲ ਗੁਰਦਾਸਪੁਰ 'ਚ ਠੇਕੇ 'ਤੇ ਸਫਾਈ ਸੇਵਕ ਵਜੋਂ ਤਾਇਨਾਤ ਸੀ। ਰਾਜੂ ਦੇ ਭਰਾ ਰਾਹੁਲ ਨੇ ਦੱਸਿਆ ਕਿ ਉਹ ਆਪਣੇ ਅਤੇ ਚਚੇਰੇ ਭਰਾਵਾਂ ਦੇ ਪਰਵਾਰਾਂ ਨਾਲ ਐਤਵਾਰ ਪੰਡੋਰੀ ਧਾਮ ਚੱਲ ਰਹੇ ਤਿੰਨ ਦਿਨਾਂ ਮੇਲਾ ਵੇਖਣ ਗਏ ਸਨ। ਸ਼ਾਮ 5.30 ਵਜੇ ਦੇ ਕਰੀਬ ਮੇਲੇ 'ਚ ਉਨ੍ਹਾਂ ਨਾਲ ਮੌਜੂਦ 15 ਸਾਲ ਦੇ ਮੁੰਡੇ ਦਾ ਕਿਸੇ ਨੌਜਵਾਨ ਨਾਲ ਮੋਢਾ ਵੱਜ ਗਿਆ। ਇਸ ਮਗਰੋਂ ਅੱਧੀ ਦਰਜਨ ਨੌਜਵਾਨਾਂ ਨੇ ਰਾਜੂ ਦੇ ਪਰਵਾਰ ਨੂੰ ਗਾਲਾਂ ਕੱਢੀਆਂ। ਰਾਹੁਲ ਅਨੁਸਾਰ ਉਨ੍ਹਾਂ ਨੌਜਵਾਨਾਂ ਤੋਂ ਮੁਆਫੀ ਵੀ ਮੰਗੀ, ਪਰ ਇੱਕ ਨੌਜਵਾਨ ਨੇ ਦਾਤਰ ਨਾਲ ਹਮਲਾ ਕਰਕੇ ਰਾਜੂ ਦਾ ਗਲਾ ਵੱਢ ਦਿੱਤਾ। ਪੀੜਤ ਪਰਵਾਰ ਨੇ ਦੋਸ਼ ਲਗਾਇਆ ਕਿ ਮੌਕੇ 'ਤੇ ਪੁਲਸ ਮੁਲਾਜ਼ਮ ਵੀ ਸਨ, ਪਰ ਉਨ੍ਹਾਂ ਦਖਲ ਨਹੀਂ ਦਿੱਤਾ ਅਤੇ ਨਾ ਹੀ ਜ਼ਖਮੀ ਰਾਜੂ ਨੂੰ ਹਸਪਤਾਲ ਪਹੁੰਚਾਉਣ 'ਚ ਕੋਈ ਮਦਦ ਕੀਤੀ। ਰਾਜੂ ਨੂੰ ਉਹ ਆਪ ਮੋਟਰਸਾਈਕਲ 'ਤੇ ਨਿੱਜੀ ਹਸਪਤਾਲ ਲੈ ਕੇ ਗਏ, ਜਿੱਥੋਂ ਉਸ ਨੂੰ ਸਰਕਾਰੀ ਹਸਪਤਾਲ ਭੇਜ ਦਿੱਤਾ ਗਿਆ। ਸਰਕਾਰੀ ਹਸਪਤਾਲ ਵਿੱਚੋਂ ਵੀ ਉਸ ਨੂੰ ਇੱਕ ਹੋਰ ਨਿੱਜੀ ਹਸਪਤਾਲ ਰੈਫਰ ਕਰ ਦਿੱਤਾ ਗਿਆ, ਜਿੱਥੇ ਉਹ ਦਮ ਤੋੜ ਗਿਆ। ਰਾਜੂ ਦਾ ਪਿਤਾ ਭੀਮ ਨਰਾਇਣ ਕਈ ਸਾਲ ਪਹਿਲਾਂ ਪਰਵਾਰ ਸਮੇਤ ਗੁਰਦਾਸਪੁਰ ਦੇ ਪਿੰਡ ਰਾਮ ਨਗਰ 'ਚ ਵੱਸ ਗਿਆ ਸੀ। ਭੀਮ ਨਰਾਇਣ ਵੀ ਨਗਰ ਕੌਂਸਲ 'ਚ ਨੌਕਰੀ ਕਰਦਾ ਸੀ।

# ਅਫਗਾਨਿਸਤਾਨ 'ਚ ਹੜ੍ਹ



**ਇਸਲਾਮਾਬਾਦ** : ਅਫਗਾਨਿਸਤਾਨ 'ਚ ਭਾਰੀ ਮੀਂਹ ਨਾਲ ਆਏ ਹੜ੍ਹਾਂ ਕਾਰਨ ਤਿੰਨ ਦਿਨਾਂ 'ਚ 33 ਵਿਅਕਤੀਆਂ ਦੀ ਮੌਤ ਹੋ ਗਈ ਹੈ। ਰਾਜਧਾਨੀ ਕਾਬੁਲ ਅਤੇ ਕਈ ਸੂਬਿਆਂ 'ਚ ਅਚਾਨਕ ਹੜ੍ਹ ਆ ਗਏ। ਹੜ੍ਹ ਕਾਰਨ 600 ਤੋਂ ਵੱਧ ਘਰ ਤਬਾਹ ਹੋ ਗਏ ਜਾਂ ਨੁਕਸਾਨੇ ਗਏ ਹਨ, ਜਦਕਿ 200 ਦੇ ਕਰੀਬ ਪਸ਼ੂਆਂ ਦੀ ਮੌਤ ਹੋ ਗਈ ਹੈ। 800 ਹੈਕਟੇਅਰ ਖੇਤੀ ਤਬਾਹ ਹੋ ਗਈ ਤੇ 85 ਕਿਲੋਮੀਟਰ ਸੜਕਾਂ ਨੂੰ ਨੁਕਸਾਨ ਪੁੱਜਿਆ ਹੈ।

## ਅੱਜ-ਨਾਮਾ

ਚੋਣਾਂ, ਚੋਣਾਂ ਤੇ ਸੋਚੀ ਜਾਉ ਸਿਰਫ ਚੋਣਾਂ,
ਸੁਣਦੀ ਚੋਣਾਂ ਤੋਂ ਬਿਨਾਂ ਨਹੀਂ ਗੱਲ ਬੇਲੀ।
ਕਲੱਬਾਂ ਵਿੱਚ ਜੋ ਹੁੰਦੇ ਸਨ ਕੱਲ੍ਹ ਤੀਕਰ,
ਗਰੀਬ ਵਿਹੜਿਆਂ ਵੱਲ ਪਏ ਚੱਲ ਬੇਲੀ।
ਤਾਸ਼ ਵਾਲਿਆਂ ਦੀ ਢਾਣੀ ਦਿੱਸ ਪਈ ਤਾਂ,
ਸੀਪ ਲਾਉਣ ਦਾ ਦੱਸੀ ਜਾਣ ਵੱਲ ਬੇਲੀ।
ਮੰਦਰ ਜਾਉ ਤੋਂ ਸੰਗਤ ਤੋਂ ਲੰਘ ਮੂਹਰੇ,
ਖੜਕਾਈ ਜਾਂਦੇ ਆ ਪ੍ਰਭੂ ਦੇ ਟੱਲ ਬੇਲੀ।
ਵਿਆਹ ਸ਼ਾਦੀ ਜਾਂ ਕਿਸੇ ਥਾਂ ਮਰਗ ਹੋਵੇ,
ਅੱਗੇ ਬਾਕੀਆਂ ਤੋਂ ਜਾਂਦੇ ਈ ਬਹਿ ਬੇਲੀ।
ਤੌੜੀਆਂ ਵਾਂਗ ਪਿਆ ਰਿੱਝਦਾ ਰਹੇ ਬੰਦਾ,
ਸਕਦਾ ਆਗੂ ਨੂੰ ਕੱਖ ਨਹੀਂ ਕਹਿ ਬੇਲੀ।

-ਤੀਸ ਮਾਰ ਖਾਂ

# ਫਿਰੌਤੀ ਮੰਗਣ ਵਾਲੇ 12 ਗੈਂਗਸਟਰ ਗ੍ਰਿਫ਼ਤਾਰ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ, ਪ੍ਰੀਤ ਸੰਗੋਜਲਾ)**

ਜ਼ਿਲ੍ਹਾ ਪੁਲਸ ਨੇ ਕਪੂਰਥਲਾ ਅਤੇ ਲਾਗਲੇ ਖੇਤਰਾਂ ਵਿਚ ਲੋਕਾਂ ਨੂੰ ਧਮਕੀਆਂ ਦੇ ਕੇ ਫਿਰੌਤੀ ਦੀ ਮੰਗ ਕਰਨ ਵਾਲੇ ਲਖਵੀਰ ਸਿੰਘ ਉਰਫ ਲੰਡਾ ਗਰੁੱਪ ਦੇ 12 ਮੈਂਬਰਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ ਦੋ ਪਿਸਤੌਲ, 26 ਰੌਂਦ ਜ਼ਿੰਦਾ ਅਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ।

ਐੱਸ ਐੱਸ ਪੀ ਵਤਸਲਾ ਗੁਪਤਾ ਨੇ ਦੱਸਿਆ ਕਿ ਐੱਸ ਪੀ (ਡੀ) ਸਰਬਜੀਤ ਰਾਏ, ਡੀ ਐੱਸ ਪੀ (ਡੀ) ਗੁਰਮੀਤ ਸਿੰਘ ਦੀ ਅਗਵਾਈ ਹੇਠ ਸੀ ਆਈ ਏ ਸਟਾਫ਼ ਦੀ ਟੀਮ ਵੱਲੋਂ ਕਾਊਂਟਰ ਇੰਟੈਲੀਜੈਂਸ ਜਲੰਧਰ ਦੀ ਟੀਮ ਨਾਲ ਸਾਂਝੇ ਤੌਰ 'ਤੇ ਚਲਾਏ ਅਪਰੇਸ਼ਨ ਹੇਠ ਲਖਵੀਰ ਸਿੰਘ ਉਰਫ ਲੰਡਾ ਗੈਂਗ ਦੇ ਸਰਗਰਮ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਜਸਵੀਰ ਸਿੰਘ ਉਰਫ ਜੱਸਾ ਵਾਸੀ ਗਿੱਲ, ਥਾਣਾ ਨਕੋਦਰ, ਮਨਿੰਦਰ ਸਿੰਘ ਵਾਸੀ ਪਿੰਡ ਚਿੱਟੀ, ਗੁਰਜੀਤ ਸਿੰਘ ਉਰਫ ਗਿਆਨੀ ਵਾਸੀ ਮੁਹੱਲਾ ਕਮਾਲਪੁਰ, ਨਕੋਦਰ, ਯੁਵਰਾਜ ਕੁਮਾਰ ਉਰਫ ਕਾਲੂ ਵਾਸੀ ਮੁਹੱਲਾ ਧੀਰਾਂ, ਨਕੋਦਰ, ਅੰਗਰੇਜ਼ ਸਿੰਘ ਉਰਫ ਗੋਜੀ ਵਾਸੀ ਘਾਣਕਾ, ਜ਼ਿਲ੍ਹਾ ਸੰਗਰੂਰ, ਮਨਪ੍ਰੀਤ ਸਿੰਘ ਉਰਫ ਗੋਲਡੀ ਵਾਸੀ ਹਰਕ੍ਰਿਸ਼ਨਪੁਰਾ, ਸੰਗਰੂਰ, ਧਰਮਿੰਦਰ ਸਿੰਘ ਉਰਫ ਅਮਲੀ ਵਾਸੀ ਪਿੰਡ ਟੁੱਟ ਕਲਾਂ, ਜਲੰਧਰ, ਜਸਪ੍ਰੀਤ ਸਿੰਘ ਉਰਫ ਜੱਸਾ ਵਾਸੀ ਕੋਟਲਾ ਲੇਹਲ, ਲਹਿਰਾਗਾਗਾ, ਬਲਵਿੰਦਰ ਸਿੰਘ ਉਰਫ ਬਿੱਲਾ ਵਾਸੀ ਜੱਬੋਵਾਲ, ਸੁਲਤਾਨਪੁਰ ਲੋਧੀ, ਸੁਖਪ੍ਰੀਤ ਸਿੰਘ ਉਰਫ ਸੁੱਖਾ ਵਾਸੀ ਢੰਡੋਵਾਲ, ਸ਼ਾਹਕੋਟ, ਹਰਜੀਤ ਸਿੰਘ ਉਰਫ ਬਾਰੂ ਵਾਸੀ ਢੰਡੋਵਾਲ ਅਤੇ ਵਿਸ਼ਾਲ ਉਰਫ ਬਿੱਲੀ ਵਾਸੀ ਢੰਡੋਵਾਲ ਵਜੋਂ ਹੋਈ ਹੈ।

ਗੁਪਤਾ ਨੇ ਦੱਸਿਆ ਕਿ ਲੰਡਾ ਵਾਸੀ ਹਰੀਕੇ, ਜੋ ਇਸ ਸਮੇਂ ਵਿਦੇਸ਼ ਵਿਚ ਰਹਿ ਰਿਹਾ ਹੈ, ਆਪ ਅਤੇ ਆਪਣੇ ਸਾਥੀਆਂ ਰਾਹੀਂ ਆਮ ਲੋਕਾਂ ਨੂੰ ਧਮਕੀਆਂ ਦੇ ਕੇ ਫਿਰੌਤੀ ਦੀ ਮੰਗ ਕਰਦਾ ਸੀ।ਉਨ੍ਹਾ ਦੱਸਿਆ ਕਿ ਜੱਸਾ ਨੇ ਪੁੱਛ-ਗਿੱਛ ਦੌਰਾਨ ਦੱਸਿਆ ਕਿ ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਹੋਰ ਵੀ ਵਾਰਦਾਤਾਂ ਕੀਤੀਆਂ ਸਨ, ਜਿਨ੍ਹਾਂ 'ਤੇ ਦਰਜ ਮੁਕੱਦਮਿਆਂ ਨੂੰ ਵੀ ਟਰੇਸ ਕੀਤਾ ਗਿਆ।ਉਨ੍ਹਾ ਦੱਸਿਆ ਕਿ ਜੱਸਾ ਬਹੁਤ ਹੀ ਸ਼ਾਤਰ ਕਿਸਮ ਦਾ ਅਪਰਾਧੀ ਹੈ, ਜਿਸ ਨੇ ਕਈ ਜ਼ਿਲ੍ਹਿਆਂ ਵਿਚ ਆਪਣੇ ਲੁਕਣ ਦੀਆਂ ਠਾਹਰਾਂ ਬਣਾਈਆਂ ਹੋਈਆਂ ਹਨ ਅਤੇ ਵਾਰਦਾਤ ਉਪਰੰਤ ਜਲੰਧਰ ਤੇ ਸੰਗਰੂਰ ਜ਼ਿਲ੍ਹਿਆਂ ਵਿਚ ਲੁਕ ਜਾਂਦਾ ਸੀ।ਅਜਿਹੇ ਅਪਰਾਧੀ ਕਿਸਮ ਦੇ ਵਿਅਕਤੀ ਨੂੰ ਠਾਹਰ ਦੇਣ ਵਾਲੇ ਇਸ ਦੇ ਸਾਥੀਆਂ ਨੂੰ ਵੀ ਕਾਬੂ ਕੀਤਾ ਗਿਆ।

ਉਹਨਾ ਦੱਸਿਆ ਕਿ ਗੈਂਗ ਦੇ ਮੁੱਖ ਮੈਂਬਰ ਜੱਸਾ ਖਿਲਾਫ ਆਰਮਜ਼ ਐਕਟ ਦੇ ਤਹਿਤ ਅੱਠ ਅਜਿਹੇ ਮਾਮਲੇ ਦਰਜ ਹਨ, ਜਿਨ੍ਹਾਂ ਵਿਚ ਉਹ ਭਗੌੜਾ ਚਲਿਆ ਆ ਰਿਹਾ ਸੀ। ਇਹ ਸਾਰੇ ਇਕ ਯੋਜਨਾਬੱਧ ਢੰਗ ਨਾਲ ਲੋਕਾਂ ਦੇ ਘਰਾਂ 'ਤੇ ਫਾਇਰਿੰਗ ਕਰਕੇ ਫਿਰੌਤੀ ਦੀ ਮੰਗ ਕਰਦੇ ਸਨ।

## ਸਲਮਾਨ ਦੇ ਘਰ 'ਤੇ ਗੋਲੀ ਚਲਾਉਣ ਵਾਲਿਆਂ 'ਚ ਵਿਸ਼ਾਲ ਵੀ



**ਨਵੀਂ ਦਿੱਲੀ** : ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਨੇ ਸਲਮਾਨ ਖਾਨ ਦੇ ਮੁੰਬਈ ਸਥਿਤ ਘਰ ਦੇ ਬਾਹਰ ਐਤਵਾਰ ਗੋਲੀਬਾਰੀ ਕਰਨ ਵਾਲੇ ਸ਼ੂਟਰਾਂ ਵਿੱਚੋਂ ਇਕ ਦੀ ਪਛਾਣ ਵਿਸ਼ਾਲ ਉਰਫ ਰਾਹੁਲ ਵਜੋਂ ਕੀਤੀ ਹੈ, ਜੋ ਗੁਰੂਗ੍ਰਾਮ ਦਾ ਰਹਿਣ ਵਾਲਾ ਹੈ। ਉਸ ਖਿਲਾਫ ਹਰਿਆਣਾ ਅਤੇ ਦਿੱਲੀ 'ਚ ਕਤਲ ਸਣੇ ਅੱਧੀ ਦਰਜਨ ਤੋਂ ਵੱਧ ਮਾਮਲੇ ਦਰਜ ਹਨ। ਵਿਸ਼ਾਲ ਹਾਲ ਹੀ 'ਚ ਜੇਲ੍ਹ 'ਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਨਿਰਦੇਸ਼ਾਂ 'ਤੇ ਰੋਹਤਕ 'ਚ ਸੱਟੇਬਾਜ਼ ਦੀ ਹੱਤਿਆ 'ਚ ਸ਼ਾਮਲ ਸੀ। ਇਸ ਤੋਂ ਇਲਾਵਾ ਇਸ ਸਾਲ 29 ਫਰਵਰੀ ਨੂੰ ਰੋਹਤਕ 'ਚ ਸੜਕ ਕਿਨਾਰੇ ਰੈਸਟੋਰੈਂਟ 'ਚ ਹੋਏ ਕਤਲ 'ਚ ਵਿਸ਼ਾਲ ਦੀ ਸ਼ਮੂਲੀਅਤ ਸੀ।

# ਹਰਭਜਨ ਹਲਵਾਰਵੀ ਯਾਦਗਾਰੀ ਪੁਰਸਕਾਰ ਜਿੰਦਰ ਨੂੰ



**ਜਲੰਧਰ (ਕੇਸਰ)**- ਇਪਸਾ ਆਸਟ੍ਰੇਲੀਆ ਵੱਲੋਂ ਸਾਹਿਤ ਕਲਾ ਕੇਂਦਰ ਦੇ ਸਹਿਯੋਗ ਨਾਲ ਦਿੱਤਾ ਜਾਣ ਵਾਲਾ ਅੱਠਵਾਂ ਹਰਭਜਨ ਹਲਵਾਰਵੀ ਯਾਦਗਾਰੀ ਪੁਰਸਕਾਰ ਉੱਘੇ ਲੇਖਕ ਤੇ ਸਾਹਿਤਕ ਮੈਗਜ਼ੀਨ 'ਸ਼ਬਦ' ਦੇ ਸੰਪਾਦਕ ਜਿੰਦਰ ਨੂੰ ਦਿੱਤਾ ਜਾਵੇਗਾ। ਕੇਂਦਰ ਦੇ ਪ੍ਰਧਾਨ ਡਾ. ਗੋਪਾਲ ਸਿੰਘ ਬੁੱਟਰ ਅਨੁਸਾਰ ਇਸ ਸਨਮਾਨ ਸਮਾਰੋਹ ਦਾ ਆਯੋਜਨ ਇਪਸਾ ਅਤੇ ਕੇਂਦਰ ਵੱਲੋਂ 21 ਅਪ੍ਰੈਲ (ਐਤਵਾਰ) ਨੂੰ ਸਵੇਰੇ 11:30 ਵਜੇ ਦੇਸ਼ ਭਗਤ ਯਾਦਗਾਰ ਹਾਲ ਦੇ ਮੌਲਵੀ ਬਰਕਤਉੱਲਾ ਸੈਮੀਨਾਰ ਹਾਲ ਵਿਖੇ ਕੀਤਾ ਜਾ ਰਿਹਾ ਹੈ। ਪੰਜਾਬੀ ਦੇ ਬਹੁਪੱਖੀ ਲੇਖਕ ਬਲਦੇਵ ਸਿੰਘ ਸੜਕਨਾਮਾ ਬਤੌਰ ਮੁੱਖ ਮਹਿਮਾਨ ਸਮਾਗਮ ਵਿੱਚ ਸ਼ਿਰਕਤ ਕਰਨਗੇ। ਉਨ੍ਹਾ ਨਾਲ ਪ੍ਰੋ. ਗੁਰਭਜਨ ਗਿੱਲ, ਡਾ. ਗੁਰਇਕਬਾਲ ਸਿੰਘ, ਦੁਆਬਾ ਕਾਲਜ ਜਲੰਧਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਡਾ. ਹਰਜੀਤ ਸਿੰਘ, ਡਾ. ਹਰਜਿੰਦਰ ਸਿੰਘ ਅਟਵਾਲ ਅਤੇ ਕੁਲਬੀਰ ਸਿੰਘ ਸੰਘੇੜਾ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਹੋਣਗੇ। ਇਸ ਮੌਕੇ ਹਰਭਜਨ ਹਲਵਾਰਵੀ ਦੇ ਸ਼ਰੀਕ-ਇ-ਹਯਾਤ ਪ੍ਰਿਤਪਾਲ ਕੌਰ ਦੇ ਛੋਟੇ ਭਰਾ ਡਾ. ਨਵਤੇਜ ਸਿੰਘ ਦੇ ਸਹਿਯੋਗ ਨਾਲ ਜਿੰਦਰ ਨੂੰ 21000 ਹਜ਼ਾਰ ਦੀ ਨਕਦ ਰਾਸ਼ੀ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਸ ਅਵਸਰ 'ਤੇ ਡਾਕਟਰ ਅਟਵਾਲ ਜਿੰਦਰ ਦੇ ਸਾਹਿਤਕ ਯੋਗਦਾਨ ਬਾਰੇ ਵਿਚਾਰ ਪ੍ਰਗਟਾਉਣਗੇ। ਸਮਾਗਮ ਦੇ ਦੂਜੇ ਪੜਾਅ ਵਿੱਚ ਹਾਜ਼ਰ ਸ਼ਾਇਰ ਆਪਣਾ ਕਲਾਮ ਪ੍ਰਸਤੁਤ ਕਰਨਗੇ। ਮੰਚ ਸੰਚਾਲਨ ਕੇਂਦਰ ਦੇ ਮੀਤ ਪ੍ਰਧਾਨ ਇੰਜ. ਮਨੋਹਰ ਖਹਿਰ ਅਤੇ ਜਨਰਲ ਸਕੱਤਰ ਨਰਿੰਦਰਪਾਲ ਕੰਗ ਕਰਨਗੇ। ਸਮਾਗਮ ਦੇ ਅਖੀਰ ਵਿੱਚ ਕੇਂਦਰ ਦੇ ਸਰਪ੍ਰਸਤ ਇਪਸਾ ਦੇ ਸੰਚਾਲਕ ਸਰਬਜੀਤ ਸੋਹੀ ਆਏ ਮਹਿਮਾਨਾਂ ਲਈ ਧੰਨਵਾਦੀ ਸ਼ਬਦ ਕਹਿਣਗੇ।

## ਸਿੰਘਪੁਰਾ ਮੁੰਨਣ 'ਚ ਧਾਰਮਿਕ ਸਮਾਗਮ ਕਰਾਇਆ



**ਕੋਟ ਈਸੇ ਖਾਂ (ਅਰੋੜਾ)**-ਪਿੰਡ ਸਿੰਘਪੁਰਾ ਮੁੰਨਣ ਵਿਖੇ ਵਿਸਾਖੀ ਤੇ ਸਰਬੱਤ ਦੇ ਭਲੇ ਨੂੰ ਸਮਰਪਤ ਕਿਸਾਨ ਆਗੂ ਬਲਜੀਤ ਸਿੰਘ ਬੈਂਸ ਤੇ ਕੁਲਦੀਪ ਸਿੰਘ ਬੈਂਸ ਵੱਲੋਂ ਗੁਰੂ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਧਾਰਮਿਕ ਸਮਾਗਮ ਕਰਵਾਇਆ ਗਿਆ।ਇਸ ਮੌਕੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਬਾਬਾ ਰਘਬੀਰ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਹੁਕਮਨਾਮਾ ਸਾਹਿਬ ਉਪਰੰਤ ਬਾਬਾ ਰਘਬੀਰ ਸਿੰਘ ਨੇ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੇ ਸਬੰਧ ਵਿੱਚ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਪੁੱਜੀਆਂ ਸ਼ਖਸੀਅਤਾਂ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਦਾਤੇਵਾਲ, ਬੀਕੇਯੂ ਖੋਸਾ ਦੇ ਪ੍ਰਧਾਨ ਸੁਖਜਿੰਦਰ ਸਿੰਘ ਖੋਸਾ ਨੇ ਸੰਗਤਾਂ ਨੂੰ ਵਿਸਾਖੀ ਦਿਹਾੜੇ ਦੀਆਂ ਮੁਬਾਰਕਾਂ ਦਿੰਦਿਆਂ ਸਿੱਖ ਪੰਥ ਤੇ ਪੰਜਾਬੀਆਂ ਨੂੰ ਇੱਕਮੁੱਠ ਰਹਿ ਕੇ ਸੂਬੇ ਦੀ ਚੜ੍ਹਦੀ ਕਲਾ ਲਈ ਪ੍ਰੇਰਿਤ ਕੀਤਾ।ਸਮਾਗਮ ਦੌਰਾਨ ਅਕਾਲੀ ਆਗੂ ਬਲਵਿੰਦਰ ਸਿੰਘ ਬੈਂਸ ਵੱਲੋਂ ਗ੍ਰੰਥੀ ਸਾਹਿਬਾਨ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਸਮਾਗਮ ਦੌਰਾਨ ਸੁਖਜਿੰਦਰ ਸਿੰਘ ਖੋਸਾ ਪ੍ਰਧਾਨ ਬੀਕੇਯੂ ਖੋਸਾ, ਸਾਬਕਾ ਚੇਅਰਮੈਨ ਸੁਖਵਿੰਦਰ ਸਿੰਘ ਦਾਤੇਵਾਲ, ਸੀਨੀ: ਅਕਾਲੀ ਆਗੂ ਬਲਵਿੰਦਰ ਸਿੰਘ ਬੈਂਸ, ਸੀਨੀ: ਅਕਾਲੀ ਆਗੂ ਜਗਰੂਪ ਸਿੰਘ ਰੰਡਿਆਲਾ ਆਦਿ ਹਾਜ਼ਰ ਸਨ।

## ਕਾਂਗਰਸ ਹਾਈਕਮਾਂਡ ਦੇ ਫੈਸਲੇ ਦਾ ਪੂਨਮ ਕਾਂਗੜਾ ਵੱਲੋਂ ਸਵਾਗਤ



**ਸੰਗਰੂਰ (ਪ੍ਰਵੀਨ ਸਿੰਘ)**-ਬੀਤੇ ਦਿਨੀਂ ਲੋਕ ਸਭਾ ਚੋਣਾਂ ਲਈ ਕਾਂਗਰਸ ਹਾਈਕਮਾਂਡ ਵੱਲੋਂ ਪੰਜਾਬ ਦੀਆਂ 13 ਸੀਟਾਂ 'ਚੋਂ 6 ਹਲਕਿਆਂ ਵਿੱਚ ਐਲਾਨੇ ਗਏ ਉਮੀਦਵਾਰਾਂ ਦਾ ਕਾਂਗਰਸ ਦੀ ਤੇਜ਼ ਤਰਾਰ ਮਹਿਲਾ ਆਗੂ ਸ਼੍ਰੀਮਤੀ ਪੂਨਮ ਕਾਂਗੜਾ ਨੇ ਜ਼ੋਰਦਾਰ ਸਵਾਗਤ ਕਰਦਿਆਂ ਕਿਹਾ ਕਿ ਪਾਰਟੀ ਹਾਈਕਮਾਂਡ ਨੇ ਇਹ ਚੰਗਾ ਫੈਸਲਾ ਲਿਆ ਹੈ, ਜਿਸ ਨਾਲ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ।ਮੈਡਮ ਪੂਨਮ ਕਾਂਗੜਾ ਆਪਣੀ ਰਿਹਾਇਸ਼ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।ਉਨ੍ਹਾ ਕਿਹਾ ਕਿ ਐਲਾਨੇ ਗਏ ਇਹ ਸਾਰੇ ਉਮੀਦਵਾਰ ਤਜਰਬੇਕਾਰ ਲੀਡਰ ਹਨ, ਜੋ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਕੇਂਦਰ ਵਿੱਚ ਬਣਨ ਜਾ ਰਹੀ ਇੰਡੀਆ ਸਰਕਾਰ ਦਾ ਹਿੱਸਾ ਬਣਨਗੇ।ਮੈਡਮ ਪੂਨਮ ਕਾਂਗੜਾ ਨੇ ਪਾਰਟੀ ਹਾਈ ਕਮਾਂਡ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਅੰਦਰ ਵਾਲਮੀਕਿ, ਮਜ਼੍ਹਬੀ ਸਿੱਖ ਭਾਈਚਾਰੇ ਸਣੇ ਮਹਿਲਾਵਾਂ ਦਾ ਵੱਡਾ ਵੋਟ ਬੈਂਕ ਹੈ, ਇਸ ਲਈ ਰਹਿੰਦੇ ਪੰਜਾਬ ਦੇ 7 ਲੋਕ ਸਭਾ ਹਲਕਿਆਂ ਵਿੱਚ ਟਿਕਟ ਦੇਣ ਸਮੇਂ ਵਾਲਮੀਕਿ, ਮਜ਼੍ਹਬੀ ਸਿੱਖ ਤੇ ਮਹਿਲਾਵਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।

## ਮਜ਼ਦੂਰ ਦਿਵਸ ਮਨਾਉਣ ਸੰਬੰਧੀ ਪਸਸਫ ਵਿਗਿਆਨਕ ਦੀ ਮੀਟਿੰਗ



**ਸ਼੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵਿਗਿਆਨਕ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੀ ਵਿਸ਼ੇਸ਼ ਮੀਟਿੰਗ ਸੂਬਾ ਪ੍ਰਧਾਨ ਗਗਨਦੀਪ ਸਿੰਘ ਭੁੱਲਰ ਦੀ ਪ੍ਰਧਾਨਗੀ ਹੇਠ ਗੁਰੂ ਗੋਬਿੰਦ ਸਿੰਘ ਪਾਰਕ ਵਿੱਚ ਹੋਈ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਪਰਗਟ ਸਿੰਘ ਜੰਬਰ ਨੇ ਕਿਹਾ ਕਿ ਪ ਸ ਸ ਫ ਵਿਗਿਆਨਕ ਭਰਾਤਰੀ ਜਥੇਬੰਦੀਆਂ ਨਾਲ ਰਲ ਕੇ 1 ਮਈ ਨੂੰ ਮਜ਼ਦੂਰ ਦਿਵਸ ਮਨਾਇਆ ਜਾਵੇਗਾ।ਕਿਰਤੀਆਂ ਦੀਆਂ ਸਮੱਸਿਆਵਾਂ ਬਾਰੇ ਗੱਲਬਾਤ ਕੀਤੀ ਜਾਵੇਗੀ।ਪੰਜਾਬ ਸਰਕਾਰ ਦੀ ਮੁਲਾਜ਼ਮ ਮੰਗਾ ਪ੍ਰਤੀ ਨਾਂਹਪੱਖੀ ਸੋਚ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ।ਇਕ ਪਾਸੇ ਮਹਿੰਗਾਈ ਛੜੱਪੇ ਮਾਰ ਕੇ ਵਧ ਰਹੀ ਹੈ।ਸਰਕਾਰ ਡੀ ਏ ਦੀਆਂ ਕਿਸ਼ਤਾਂ ਦੇਣ ਤੋਂ ਮੁਨਕਰ ਹੈ।ਸਰਕਾਰ ਦੇ ਅੜੀਅਲ ਵਤੀਰੇ ਖਿਲਾਫ ਲਾਮਬੰਦੀ ਕਰਕੇ ਵੱਡੇ ਪੱਧਰ 'ਤੇ ਮਜ਼ਦੂਰ ਦਿਵਸ ਮਨਾਇਆ ਜਾਵੇਗਾ। ਜ਼ਿਲ੍ਹਾ ਜਰਨਲ ਸਕੱਤਰ ਸੁਖਵਿੰਦਰ ਸਿੰਘ ਦੋਦਾ ਨੇ ਕਿਹਾ ਕਿ ਫੈਡਰੇਸ਼ਨ ਤੇ ਸੀਟੂ ਦਾ ਵਫਦ ਭੱਠਾ ਮਜ਼ਦੂਰਾਂ ਦੀਆਂ ਮੰਗਾਂ ਦੀ ਪ੍ਰਾਪਤੀ ਪ੍ਰਾਪਤੀ ਲਈ ਡਿਪਟੀ ਕਮਿਸ਼ਨਰ ਸ਼੍ਰੀ ਮੁਕਤਸਰ ਸਾਹਿਬ ਨੂੰ ਮਿਲੇਗਾ।ਮੀਟਿੰਗ ਵਿੱਚ ਸੀਟੂ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਤਰਸੇਮ ਲਾਲ, ਭੱਠਾ ਮਜ਼ਦੂਰ ਯੂਨੀਅਨ ਤੇ ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ ਵੱਲੋਂ ਕੁਲਵੰਤ ਸਿੰਘ ਸੀਰਵਾਲ, ਜਗਮੀਤ ਸਿੰਘ, ਜੋਧ ਸਿੰਘ, ਗੁਰਜੰਟ ਸਿੰਘ, ਗਗਨਦੀਪ ਸਿੰਘ ਫਾਰਮੇਸੀ ਅਫਸਰ, ਗੁਰਸੇਵਕ ਸਿੰਘ, ਜੋਬਨਜੀਤ ਸਿੰਘ, ਧਰਮਿੰਦਰ ਸਿੰਘ, ਰਾਜਦੀਪ ਸਿੰਘ, ਰਾਣਾ ਜਗਰੂਪ ਸਿੰਘ, ਰਾਜਿੰਦਰ ਬੱਲੂਆਣਾ ਹਾਜ਼ਰ ਸਨ।

## ਐੱਚ ਡੀ ਐੱਫ ਸੀ ਬੈਂਕ ਨਵੀਂ ਬਿਲਡਿੰਗ 'ਚ ਪ੍ਰਵੇਸ਼ ਮੌਕੇ ਕਰਾਇਆ ਸੁਖਮਨੀ ਸਾਹਿਬ ਦਾ ਪਾਠ



**ਮੱਖੂ (ਰਛਪਾਲ ਸਿੰਘ ਸੰਧੂ)**-ਐੱਚ.ਡੀ.ਐੱਫ.ਸੀ. ਬੈਂਕ ਬ੍ਰਾਂਚ ਮੱਖੂ ਵੱਲੋਂ ਨਵੀਂ ਬਿਲਡਿੰਗ ਵਿੱਚ ਪ੍ਰਵੇਸ਼ ਕਰਨ ਮੌਕੇ ਬੈਂਕ 'ਚ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ।ਐੱਚ.ਡੀ.ਐੱਫ.ਸੀ. ਬੈਂਕ ਦੀ ਨਵੀਂ ਬਿਲਡਿੰਗ ਦੇ ਉਦਘਾਟਨ ਮੌਕੇ ਕਰਵਾਏ ਸ੍ਰੀ ਸੁਖਮਨੀ ਸਾਹਿਬ ਜੀ ਪਾਠ ਦੇ ਭੋਗ ਸੰਪੂਰਨ ਉਪਰੰਤ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਵੱਲੋਂ ਸਰਬੱਤ ਦੇ ਭਲੇ ਤੇ ਐੱਚ.ਡੀ.ਐੱਫ.ਸੀ. ਬੈਂਕ ਦੀ ਚੜ੍ਹਦੀ ਕਲਾ ਲਈ ਅਰਦਾਸ ਬੇਨਤੀ ਕੀਤੀ ਗਈ ਤੇ ਹਾਜ਼ਰ ਸੰਗਤ 'ਚ ਪ੍ਰਸ਼ਾਦ ਵੰਡਿਆ ਗਿਆ।ਇਸ ਮੌਕੇ ਐੱਚ ਡੀ ਐੱਫ ਸੀ ਬ੍ਰਾਂਚ ਮੱਖੂ ਦੀ ਨਵੀਂ ਬਿਲਡਿੰਗ ਦਾ ਉਦਘਾਟਨ ਜਤਿੰਦਰ ਪਾਲ ਸਿੰਘ ਜ਼ੋਨਲ ਹੈੱਡ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ ਅਤੇ ਬੈਂਕ ਦੀ ਨਵੀਂ ਬਿਲਡਿੰਗ ਦੇ ਉਦਘਾਟਨ ਮੌਕੇ ਪਹੁੰਚੇ ਹੋਏ ਉੱਚ ਅਧਿਕਾਰੀਆਂ, ਪਤਵੰਤੇ ਸੱਜਣਾਂ, ਆੜ੍ਹਤੀਆਂ ਤੇ ਗਾਹਕਾਂ ਦਾ ਬ੍ਰਾਂਚ ਮੈਨੇਜਰ ਗੁਰਦੇਵ ਸਿੰਘ ਵੱਲੋਂ ਧੰਨਵਾਦ ਕੀਤਾ ਗਿਆ।ਇਸ ਮੌਕੇ ਜਤਿੰਦਰ ਪਾਲ ਸਿੰਘ ਜ਼ੋਨਲ ਹੈੱਡ, ਮਧੁਰ ਸਿੰਘ ਅਰੋੜਾ ਕਲੱਸਟਰ ਹੈੱਡ, ਬ੍ਰਾਂਚ ਮੱਖੂ ਦੇ ਮੈਨੇਜਰ ਗੁਰਦੇਵ ਸਿੰਘ, ਨਿਤੀਸ਼ ਕਪੂਰ, ਸੰਦੀਪ ਗਰੋਵਰ, ਹਰਜਿੰਦਰ ਸਿੰਘ, ਹਰਸਿਮਰਨ ਸਿੰਘ, ਅਮਨਦੀਪ ਸਿੰਘ, ਦੀਪਤੀ, ਰੁਪਿੰਦਰ ਕੌਰ ਤੇ ਪਤਵੰਤੇ ਸੱਜਣ ਹਾਜ਼ਰ ਸਨ।

## ਡਾ. ਅੰਬੇਡਕਰ ਜਯੰਤੀ ਮੌਕੇ ਜਾਗਰੂਕਤਾ ਸਮਾਗਮ




**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਭਾਰਤੀ ਸੰਵਿਧਾਨ ਦੇ ਰਚੇਤਾ ਡਾ. ਭੀਮ ਰਾਓ ਅੰਬੇਡਕਰ ਦੇ 133ਵੇਂ ਜਨਮ ਦਿਹਾੜੇ ਮੌਕੇ ਫਰੀਦਕੋਟ ਵਿਖੇ ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ ਜ਼ਿਲ੍ਹਾ ਫਰੀਦਕੋਟ ਵੱਲੋਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਡਾ. ਅੰਬੇਡਕਰ ਪਾਰਕ ਵਿਖੇ ਜਾਗਰੂਕਤਾ ਸਮਾਗਮ ਕੀਤਾ ਗਿਆ।ਇਸ ਮੌਕੇ ਪੰਜਾਬ ਦੇ ਲੋਕਾਂ ਦੇ ਹੱਕ ਹਕੂਕਾਂ ਲਈ ਲੰਬੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਪ੍ਰਸਿੱਧ ਸਮਾਜ ਸੇਵੀ ਡਾ. ਜਤਿੰਦਰ ਸਿੰਘ ਮੱਟੂ ਨੂੰ ਫਰੀਦਕੋਟ ਵਾਸੀਆਂ ਵੱਲੋਂ ਸਨਮਾਨਤ ਕੀਤਾ ਗਿਆ।ਇਸ ਮੌਕੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਡਾ. ਅੰਬੇਡਕਰ ਨੇ ਬਹੁਤ ਮੁਸ਼ਕਲ ਹਾਲਾਤਾਂ ਨਾਲ ਜੂਝਦਿਆਂ ਉੱਚ ਪੱਧਰ ਦੀ ਸਿੱਖਿਆ ਹਾਸਲ ਕੀਤੀ।ਉਨ੍ਹਾ ਦੇਸ਼ ਨੂੰ ਖੂਬਸੂਰਤ ਸੰਵਿਧਾਨ ਦਿੱਤਾ, ਜੋ ਸਾਡੇ ਦੇਸ਼ ਦਾ ਸ਼ੀਸ਼ਾ ਹੈ।ਸਾਡਾ ਦੇਸ਼ ਧਰਮ ਨਿਰਪੱਖ ਦੇਸ਼ ਹੈ, ਜਿਸ ਵਿੱਚ ਸਭ ਧਰਮਾਂ ਦੇ ਲੋਕਾਂ ਦੇ ਹੱਕ ਸੁਰੱਖਿਅਤ ਕੀਤੇ।ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਕੱਟੜਵਾਦੀ ਵਿਚਾਰਧਾਰਾ ਲਈ ਕੋਈ ਜਗ੍ਹਾ ਨਹੀਂ।ਇਹ ਮੁਲਕ ਸਾਰੇ ਧਰਮਾਂ ਦੇ ਲੋਕਾਂ ਦਾ ਹੈ।ਉਨ੍ਹਾ ਕਿਹਾ ਕਿ ਅੱਜ ਲੋੜ ਹੈ, ਦੇਸ਼ ਨੂੰ ਤਾਕਤਵਰ ਬਣਾਉਣ ਦੀ।ਭਾਰਤੀ ਸੰਵਿਧਾਨ ਦੀ ਸੁਰੱਖਿਆ ਕਰਨਾ ਹੀ ਅੱਜ ਸਮੇਂ ਦੀ ਲੋੜ ਹੈ।ਇਸ ਮੌਕੇ ਸੁਖਚਰਨ ਸਿੰਘ ਚੰਨੀ, ਡਾ. ਅਵਤਾਰ ਸਿੰਘ ਸਹੋਤਾ, ਇੰਜੀਨੀਅਰ ਬੇਅੰਤ ਸਿੰਘ, ਅਮਨਦੀਪ ਪਾਂਧੀ, ਪਲਵਿੰਦਰ ਸਿੰਘ, ਡਾ. ਦਵਿੰਦਰ ਗੁਗਲਾਨੀ, ਜਤਿੰਦਰ ਜੀਤੂ, ਸੰਜੀਵ ਕੁਮਾਰ, ਤਰਲੋਚਨ ਕੁਮਾਰ ਆਦਿ ਹਾਜ਼ਰ ਸਨ।

## ਐੱਮ ਏ ਐੱਮ ਸਕੂਲ 'ਚ 'ਪ੍ਰਭਾਵਸ਼ਾਲੀ ਸੰਚਾਰ' ਵਿਸ਼ੇ 'ਤੇ ਸੈਮੀਨਾਰ




**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਪਬਲਿਕ ਸਕੂਲ ਦੇ ਆਡੀਟੋਰੀਅਮ ਵਿੱਚ 'ਹੈਂਡਵਰਡ ਪਬਲੀਕੇਸ਼ਨ' ਦੇ ਮਾਰਕੀਟਿੰਗ ਮੈਨੇਜਰ ਅਦਿੱਤਿਆ ਤੇ ਪ੍ਰਿੰਸੀਪਲ ਡਾ. ਮੋਨਿਕਾ ਦੀ ਅਗਵਾਈ ਵਿੱਚ 'ਪ੍ਰਭਾਵਸ਼ਾਲੀ ਸੰਚਾਰ' ਵਿਸ਼ੇ 'ਤੇ ਇੱਕ ਰੋਜ਼ਾ ਸੈਮੀਨਾਰ ਕੀਤਾ ਗਿਆ, ਜਿਸ ਵਿੱਚ ਗਿਆਰਵੀਂ ਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ।ਸੈਮੀਨਾਰ ਦਾ ਉਦਘਾਟਨ ਸਕੂਲ ਦੀ ਪ੍ਰਿੰਸੀਪਲ ਡਾ. ਮੋਨਿਕਾ, ਮਾਰਕੇਟਿੰਗ ਮੈਨੇਜਰ ਅਦਿੱਤਿਆ ਤੇ ਰੀਸੋਰਸ ਪਰਸਨ ਮਿਸ ਸਾਕਸ਼ੀ ਖਰਵੰਦਾ ਨੇ ਸਾਂਝੇ ਤੌਰ 'ਤੇ ਸ਼ਮ੍ਹਾਂ ਰੌਸ਼ਨ ਕਰਕੇ ਕੀਤਾ। ਇਸ ਸੈਮੀਨਾਰ ਦੌਰਾਨ ਰੀਸੋਰਸ ਪਰਸਨ ਮਿਸ ਸਾਕਸ਼ੀ ਖਰਵੰਦਾ ਨੇ ਵਿਦਿਆਰਥੀਆਂ ਨੂੰ ਗੱਲਬਾਤ ਰਾਹੀਂ ਆਪਣੀ ਸ਼ਖਸੀਅਤ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਪ੍ਰੇਰਨਾਦਾਇਕ ਨੁਕਤੇ ਦਿੱਤੇ।ਇਸ ਸੈਮੀਨਾਰ ਦੌਰਾਨ ਉਨ੍ਹਾਂ ਨੇ ਵਿਦਿਆਥੀਆਂ ਨੂੰ ਇਹ ਵੀ ਦੱਸਿਆ ਕਿ ਸਾਡੀ ਗੱਲਬਾਤ ਕਰਨ ਦਾ ਢੰਗ ਹੀ ਸਾਡੀ ਸ਼ਖਸੀਅਤ ਨੂੰ ਪ੍ਰਸਤੁਤ ਕਰਦਾ ਹੈ।ਇਹ ਜ਼ਰੂਰੀ ਨਹੀਂ ਕਿ ਕੇਵਲ ਪੜ੍ਹੇ ਲਿਖੇ ਵਿਅਕਤੀ ਅੰਦਰ ਹੀ ਪ੍ਰਭਾਵਸ਼ਾਲੀ ਸੰਚਾਰ ਕਲਾ ਦਾ ਵਾਸਾ ਹੋਵੇ, ਬਲਕਿ ਇਹ ਕਲਾ ਸਾਡੇ ਸਾਰਿਆਂ ਅੰਦਰ ਹੀ ਮੌਜੂਦ ਹੁੰਦੀ ਹੈ, ਪਰ ਬੋਲਚਾਲ ਸਮੇਂ ਕੁਝ ਗੱਲਾਂ ਦਾ ਧਿਆਨ ਰੱਖ ਕੇ ਅਸੀਂ ਸਭ ਇਸ ਵਿੱਚ ਸੁਧਾਰ ਜ਼ਰੂਰ ਕਰ ਸਕਦੇ ਹਾਂ।ਸੈਮੀਨਾਰ ਦੇ ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਡਾ. ਮੋਨਿਕਾ ਨੇ ਮਾਰਕੀਟਿੰਗ ਮੈਨੇਜਰ ਸ੍ਰੀ ਅਦਿੱਤਿਆ ਤੇ ਰੀਸੋਰਸ ਪਰਸਨ ਮਿਸ ਸਾਕਸ਼ੀ ਖਰਵੰਦਾ ਦਾ ਧੰਨਵਾਦ ਕੀਤਾ ਅਤੇ ਆਡੀਟੋਰੀਅਮ ਵਿੱਚ ਹਾਜ਼ਰ ਸਾਰੇ ਵਿਦਿਆਰਥੀਆਂ ਨੂੰ ਆਪਣੀ ਸ਼ਖਸੀਅਤ ਵਿੱਚ 'ਪ੍ਰਭਾਵਸ਼ਾਲੀ ਸੰਚਾਰ ਕਲਾ' ਨੂੰ ਵਿਕਸਿਤ ਕਰਨ ਲਈ ਪ੍ਰੇਰਤ ਵੀ ਕੀਤਾ।

# ਅਕਾਲੀ ਉਮੀਦਵਾਰ ਰਾਜਵਿੰਦਰ ਸਿੰਘ ਦਾ ਮੋਗਾ ਪੁੱਜਣ 'ਤੇ ਭਰਵਾਂ ਸਵਾਗਤ



**ਮੋਗਾ (ਇਕਬਾਲ ਸਿੰਘ ਖਹਿਰਾ)**

ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸਨੀ ਗਿੱਲ ਨੇ ਸਨੀ ਟਾਵਰ 'ਤੇ ਮੋਗਾ ਸ਼ਹਿਰ ਦੇ ਵੱਖ ਵੱਖ ਵਾਰਡਾਂ ਦੇ ਮੋਹਤਬਰਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਨਾਲ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਲੰਢੇਕੇ, ਸੀਨੀਅਰ ਆਗੂ ਰਜਿੰਦਰ ਸਿੰਘ ਡੱਲਾ, ਜ਼ਿਲ੍ਹਾ ਯੂਥ ਪ੍ਰਧਾਨ ਦੇਬਸੀਸ ਮਲਿਕ, ਸਾਬਕਾ ਚੇਅਰਮੈਨ ਜਗਦੀਸ਼ ਛਾਬੜਾ, ਸਾਬਕਾ ਕੌਂਸਲਰ ਚਰਨਜੀਤ ਸਿੰਘ ਝੰਡੇਆਣਾ, ਸੀਨੀਅਰ ਆਗੂ ਰਣਜੀਤ ਸਿੰਘ ਭਾਊ, ਮਨਜੀਤ ਸਿੰਘ ਧੰਮੂ ਕੌਂਸਲਰ ਵਾਰਡ ਨੰ 19/20, ਸੀਨੀਅਰ ਆਗੂ ਰਾਜਵੰਤ ਸਿੰਘ ਮਾਹਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸਨੀ ਗਿੱਲ ਨੇ ਦੱਸਿਆ ਕਿ ਲੋਕ ਸਭਾ ਹਲਕਾ ਫਰੀਦਕੋਟ ਤੋਂ ਅਕਾਲੀ ਉਮੀਦਵਾਰ ਰਾਜਵਿੰਦਰ ਸਿੰਘ ਦਾ ਮੋਗਾ ਪੁੱਜਣ 'ਤੇ ਮੋਗਾ ਹਲਕੇ ਦੇ ਸਮੁੱਚੇ ਆਗੂਆਂ ਤੇ ਵਰਕਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਉਨ੍ਹਾਂ ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਧੰਨਵਾਦ ਕੀਤਾ ਕਿ ਵੱਲੋਂ ਦਰਵੇਸ਼ ਸਿਆਸਤਦਾਨ ਸ਼ੀਤਲ ਸਿੰਘ ਧਰਮਕੋਟ ਦੇ ਪੜ੍ਹੇ ਲਿਖੇ ਤੇ ਹੋਣਹਾਰ ਪੁੱਤਰ ਰਾਜਵਿੰਦਰ ਸਿੰਘ ਧਰਮਕੋਟ ਟਿਕਟ ਦੇ ਕੇ ਨਿਵਾਜਿਆ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਵਰਕਰ ਪੂਰੀ ਤਨਦੇਹੀ ਨਾਲ ਅਕਾਲੀ ਉਮੀਦਵਾਰ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਭੇਜਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕੌਂਸਲਰ ਮਤਵਾਲ ਸਿੰਘ, ਦਵਿੰਦਰ ਤਿਵਾੜੀ ਕੌਂਸਲਰ, ਬਲਵੀਰ ਸਿੰਘ ਕੌਂਸਲਰ, ਨਿੰਮਾ ਲੰਢੇਕੇ, ਬੂਟਾ ਸਿੰਘ ਗਿੱਲ, ਨਸੀਬ ਸਿੰਘ ਰੱਤੂ, ਪਰਮਿੰਦਰ ਸਫਰੀ, ਜਗਦੇਵ ਸਿੰਘ ਚਾਨੀ, ਪ੍ਰਿੰਸੀਪਲ ਅਰੋੜਾ, ਗੁਰਜੰਟ ਸਿੰਘ ਰਾਮੂਵਾਲਾ ਅਕਾਸ਼ਦੀਪ ਸਿੰਘ ਪੀ ਏ ਆਦਿ ਹਾਜ਼ਰ ਸਨ।

## ਸਾਢੇ ਨੌਂ ਕਿੱਲੋ ਹੈਰੋਇਨ ਸਮੇਤ ਨਸ਼ਾ ਤਸਕਰ ਕਾਬੂ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਡਾ. ਪ੍ਰਗਿਆ ਜੈਨ ਆਈ.ਪੀ.ਐੱਸ ਸੀਨੀਅਰ ਕਪਤਾਨ ਪੁਲਸ ਫਾਜ਼ਿਲਕਾ ਦੀ ਅਗਵਾਈ ਹੇਠ ਫਾਜ਼ਿਲਕਾ ਪੁਲਸ ਤੇ ਬੀ.ਐੱਸ.ਐੱਫ. ਵੱਲੋਂ ਮਿਲ ਕੇ ਜੁਆਇੰਟ ਓਪਰੇਸ਼ਨ ਤਹਿਤ ਅੰਤਰਰਾਸ਼ਟਰੀ ਸਰਹੱਦ ਨਾਲ ਲੱਗਦੇ ਏਰੀਆ ਦੀ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ, ਤਾਂ ਕਿ ਸਰਹੱਦ ਪਾਰ ਤੋਂ ਚਲਾਈ ਜਾਣ ਵਾਲੀ ਨਸ਼ਿਆਂ ਦੀ ਤਸਕਰੀ ਨੂੰ ਨਾਕਾਮ ਬਣਾਇਆ ਜਾ ਸਕੇ।ਇਸ ਓਪਰੇਸ਼ਨ ਤਹਿਤ ਸਰਹੱਦੀ ਪਿੰਡ ਮੁਹਾਰ ਜਮਸ਼ੇਰ ਵਿਖੇ ਇੱਕ ਨਸ਼ਾ ਤਸਕਰ ਨੂੰ ਕਾਬੂ ਕੀਤਾ ਗਿਆ।ਇਹ ਨਸ਼ਾ ਤਸਕਰ ਆਪਣੀ ਰਿਹਾਇਸ਼ ਤੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਹੋਣ ਦੇ ਸ਼ੱਕ ਤਹਿਤ ਕਾਬੂ ਕੀਤਾ ਗਿਆ ਹੈ।ਪੁੱਛਗਿੱਛ ਦੌਰਾਨ ਫੜੇ ਗਏ ਵਿਅਕਤੀ ਨੇ ਪਿੰਡ ਮੁਹਾਰ ਜਮਸ਼ੇਰ ਵਿੱਚ ਇੱਕ ਗੁਪਤ ਟਿਕਾਣੇ ਬਾਰੇ ਅਹਿਮ ਜਾਣਕਾਰੀਆਂ ਦਾ ਖੁਲਾਸਾ ਕੀਤਾ, ਜਿੱਥੋਂ ਬੀ.ਐੱਸ.ਐੱਫ ਤੇ ਫਾਜ਼ਿਲਕਾ ਪੁਲਸ ਨੇ ਸਫਲਤਾ ਪੂਰਵਕ 11,46,700 /- ਰੁਪਏ ਦੀ ਨਕਦੀ (ਡਰੱਗ ਮਨੀ), 71.84 ਗ੍ਰਾਮ ਸੋਨਾ ਤੇ 109 ਗ੍ਰਾਮ ਚਾਂਦੀ ਬਰਾਮਦ ਕੀਤੀ ਗਈ ਹੈ।ਕਾਬੂ ਕੀਤੇ ਦੋਸ਼ੀ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਆਉਣ ਵਾਲੇ ਸਮੇਂ ਵਿੱਚ ਦੋਸ਼ੀ ਪਾਸੋਂ ਹੋਰ ਵੀ ਰਿਕਵਰੀ ਹੋਣ ਦੀ ਸੰਭਾਵਨਾ ਹੈ।ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਸਰਹੱਦੀ ਏਰੀਆ ਵਿੱਚ ਸੰਯੁਕਤ ਆਪ੍ਰੇਸ਼ਨ ਚਲਾਏ ਜਾਣਗੇ।

## ਅਕਾਲ ਗਲੈਕਸੀ ਕਾਨਵੈਂਟ ਸਕੂਲ 'ਚ ਮਨਾਇਆ ਵਿਸਾਖੀ ਦਾ ਤਿਓਹਾਰ



**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**-ਆਕਲ ਗਲੈਕਸੀ ਕਾਨਵੈਂਟ ਸਕੂਲ, ਸਿੱਧੂਪੁਰ, ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੀ ਅਗਵਾਈ ਹੇਠ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਸਕੂਲ ਵਿਚ ਵਿਸਾਖੀ ਅਤੇ ਖਾਲਸਾ ਪੰਥ ਸਾਜਨਾ ਦਿਵਸ ਮਨਾਇਆ ਗਿਆ।ਇਸ ਸਮਾਹਰੋਹ ਦੀ ਸ਼ੁਰੂਆਤ ਸੰਗੀਤ ਅਧਿਆਪਕ ਹਰਦੀਪ ਸਿੰਘ, ਰਾਜਨ ਵਿਰਦੀ ਅਤੇ ਵਿਦਿਆਰਥੀਆਂ ਦੁਆਰਾ ਸ਼ਬਦ ਗਾਇਨ ਨਾਲ ਕੀਤੀ ਗਈ।ਸਕੂਲ ਵਿਦਿਆਰਥੀਆਂ ਦੁਆਰਾ ਲੋਕ ਗੀਤ ਗਾਇਨ ਕੀਤੇ ਗਏ।ਵਿਦਿਆਰਥੀਆਂ ਭੰਗੜਾ ਪੇਸ਼ ਕੀਤਾ ਗਿਆ।ਦਸਤਾਰ ਬੰਦੀ ਮੁਕਾਬਲੇ 'ਚ ਵਿਦਿਆਰਥੀਆਂ ਦੁਆਰਾ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ, ਜਿਸ 'ਚ ਜੂਨੀਅਰ ਵਿੰਗ 'ਚ ਸੁਖਜੀਵਨ ਸਿੰਘ ਨੇ ਪਹਿਲਾ ਸਥਾਨ, ਗੁਰਨੂਰ ਸਿੰਘ ਨੇ ਦੂਜਾ ਸਥਾਨ ਅਤੇ ਸੁਖਰਾਜ ਸਿੰਘ ਜੰਮੂ ਨੇ ਤੀਜਾ ਸਥਾਨ ਹਾਸਲ ਕੀਤਾ।ਸੀਨੀਅਰ ਵਿੰਗ 'ਚ ਇਸ਼ਮੀਤ ਸਿੰਘ ਨੇ ਪਹਿਲਾ ਸਥਾਨ, ਅਰਮਾਨਦੀਪ ਸਿੰਘ ਨੇ ਦੂਜਾ ਸਥਾਨ ਅਤੇ ਸੁਖਰਾਜ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।ਛੇਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਵਾਰ ਗਈ।ਸਕੂਲ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਜੱਜ ਵੱਲੋਂ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਪ੍ਰਮੁੱਖ ਤਿਓਹਾਰ ਦੀ ਵਧਾਈ ਦਿੱਤੀ ਗਈ। ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਨੇ ਕਿਹਾ ਸਕੂਲ 'ਚ ਸਾਰੇ ਤਿਓਹਾਰ ਦਾ ਮੰਤਵ ਬੱਚਿਆਂ ਨੂੰ ਵਿਰਸੇ ਅਤੇ ਸੱਭਿਆਚਾਰ ਨਾਲ ਜੋੜ ਕੇ ਰੱਖਣਾ ਹੈ।ਸਕੂਲ ਮੈਨੇਜਿੰਗ ਡਾਇਰੈਕਟਰ ਸੁਖਦੇਵ ਜੱਜ ਅਤੇ ਮੈਡਮ ਪ੍ਰਿੰਸੀਪਲ ਅਮਨਪ੍ਰੀਤ ਕੌਰ ਦੁਆਰਾ ਦਸਤਾਰਬੰਦੀ 'ਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ ਅਤੇ ਬਾਕੀ ਬੱਚਿਆਂ ਨੂੰ ਵੀ ਦਸਤਾਰਬੰਦੀ ਲਈ ਪ੍ਰੇਰਤ ਕੀਤਾ ਗਿਆ।

# ਬਾਬਾ ਸਾਹਿਬ ਦੇ ਪੂਰਨਿਆਂ 'ਤੇ ਚਲਦਿਆਂ ਸਮਾਜਿਕ ਬਰਾਬਰੀ ਲਈ ਕੰਮ ਕਰਨ ਦੀ ਲੋੜ : ਡੀ ਸੀ

**ਡਾ. ਅੰਬੇਡਕਰ ਦੇ ਫਲਸਫੇ ਤੇ ਵਿਚਾਰਧਾਰਾ ਨੂੰ ਅਮਲੀ ਰੂਪ 'ਚ ਲਾਗੂ ਕਰੇ ਬਿਨਾਂ ਸੱਭਿਅਕ ਸਮਾਜ ਦੀ ਸਿਰਜਣਾ ਕਰਨਾ ਅਸੰਭਵ : ਸੁਲਹਾਨੀ**



**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 133ਵਾਂ ਜਨਮ ਦਿਵਸ ਡਾ. ਅੰਬੇਡਕਰ ਯੂਥ ਕਲੱਬ ਮਾਨਸਾ ਵੱਲੋਂ 'ਗਿਆਨ ਦਿਵਸ' ਦੇ ਤੌਰ 'ਤੇ ਸਥਾਨਕ ਸ਼ਾਂਤੀ ਭਵਨ ਵਿਖੇ ਮਨਾਇਆ ਗਿਆ, ਜਿੱਥੇ ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਨੇ ਹਾਜ਼ਰੀਨ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਦੇ 133ਵੇਂ ਜਨਮ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਇਕ ਸਾਧਾਰਨ ਪਰਿਵਾਰ 'ਚ ਜਨਮੇ ਬਾਬਾ ਸਾਹਿਬ ਨੇ ਬੇਹੱਦ ਔਕੜਾਂ ਦੇ ਬਾਵਜੂਦ ਆਪਣੀ ਲਿਆਕਤ, ਮਿਹਨਤ ਤੇ ਲਗਨ ਸਦਕਾ ਇੱਕ ਉੱਘੇ ਵਿਦਵਾਨ, ਕਾਨੂੰਨਦਾਨ, ਅਰਥ ਸ਼ਾਸਤਰੀ, ਸਮਾਜ ਸੁਧਾਰਕ ਤੇ ਰਾਜਨੀਤੀਵਾਨ ਵਜੋਂ ਦੁਨੀਆ ਭਰ 'ਚ ਨਾਮਣਾ ਖੱਟਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਇਸ ਮਹਾਨ ਸ਼ਖਸੀਅਤ ਨੂੰ ਸਾਨੂੰ ਆਪਣੇ ਆਦਰਸ਼ ਵਜੋਂ ਲੈਂਦਿਆਂ ਹਮੇਸ਼ਾ ਸਮਾਜ ਦੇ ਪਿੱਛੜੇ ਵਰਗਾਂ ਦੀ ਭਲਾਈ ਲਈ ਸਮਾਜਿਕ ਬਰਾਬਰੀ ਲਈ ਕੰਮ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੇ ਸੰਵਿਧਾਨ ਜ਼ਰੀਏ ਸਾਰੇ ਭਾਰਤ ਵਾਸੀਆਂ ਨੂੰ ਵੋਟ ਦਾ ਅਧਿਕਾਰ ਦਿੱਤਾ ਹੈ ਤੇ ਸਾਨੂੰ ਚੋਣਾਂ ਦੌਰਾਨ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਕੇ ਲੋਕਤੰਤਰ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਅੱਜ ਦੇ ਇਸ ਪਾਵਨ ਮੌਕੇ ਸਾਨੂੰ ਇਹ ਅਹਿਦ ਲੈਣਾ ਚਾਹੀਦਾ ਹੈ ਕਿ ਬਾਬਾ ਸਾਹਿਬ ਵੱਲੋਂ ਪਾਏ ਪੂਰਨਿਆਂ 'ਤੇ ਚਲਦਿਆਂ ਆਪਣੇ ਦੇਸ਼ ਤੇ ਸਮਾਜ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਈਏ।ਸ੍ਰੀ ਕ੍ਰਿਸ਼ਨ ਸਾਵਨ ਜੀ ਦੀ ਪ੍ਰਧਾਨਗੀ ਹੇਠ ਮਨਾਏ ਗਏ ਇਸ ਸਮਾਗਮ ਮੌਕੇ ਮੁੱਖ ਵਕਤਾ ਤੇ ਪ੍ਰਧਾਨ ਲੋਕ ਚੇਤਨਾ ਵਿਕਾਸ ਮੰਚ ਸ੍ਰੀ ਲਾਲ ਸਿੰਘ ਸੁਲਹਾਨੀ ਨੇ ਬਾਬਾ ਸਾਹਿਬ ਦੇ ਜੀਵਨ, ਉਨ੍ਹਾਂ ਦੇ ਸੰਘਰਸ਼ ਤੇ ਸਮਾਜਿਕ ਬਰਾਬਰੀ ਲਈ ਕੀਤੇ ਕੰਮਾਂ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਸੁਲਹਾਨੀ ਨੇ ਕਿਹਾ ਕਿ ਡਾ. ਅੰਬੇਡਕਰ ਜੀ ਦੇ ਫਲਸਫੇ ਤੇ ਵਿਚਾਰਧਾਰਾ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਤੋਂ ਬਿਨਾਂ ਸੱਭਿਅਕ ਸਮਾਜ ਦੀ ਸਿਰਜਣਾ ਕਰਨਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੈ। ਇਸ ਮੌਕੇ ਪ੍ਰਗਤੀ ਕਲਾ ਕੇਂਦਰ ਜਲਾਲਾਬਾਦ ਦੀ ਟੀਮ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜੀਵਨ, ਉਨ੍ਹਾਂ ਦੀ ਦੱਬੇ ਕੁਚਲੇ ਲੋਕਾਂ ਤੇ ਸਮਾਜ ਦੇ ਹਰ ਵਰਗ ਲਈ ਕੀਤੇ ਗਏ ਬਹੁਮੁੱਲੇ ਯੋਗਦਾਨ ਅਤੇ ਸੰਵਿਧਾਨ ਰਚਨਾ ਬਾਰੇ ਨਾਟਕ ਤੇ ਕੋਰੀਓਗ੍ਰਾਫੀ ਵੀ ਪੇਸ਼ ਕੀਤੀਆਂ ਗਈਆਂ। ਸਮਾਗਮ ਤੋਂ ਪਹਿਲਾਂ ਸਵੇਰੇ ਸਬਜ਼ੀ ਮੰਡੀ ਤੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੱਕ ਮੋਟਰਸਈਕਲ ਮਾਰਚ ਵੀ ਕੱਢਿਆ ਗਿਆ ਤੇ ਬਾਬਾ ਸਾਹਿਬ ਜੀ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

## ਕੌਂਸਲਰ ਮਿੱਠੂ ਨੇ ਖੰਨਾ ਦੀ ਅਗਵਾਈ 'ਚ ਭਾਜਪਾ ਦਾ ਪੱਲਾ ਫੜਿਆ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਕੱਲ੍ਹ ਦੇਰ ਸ਼ਾਮ ਸਥਾਨਕ ਸ਼ਹਿਰ ਦੇ ਬੈਂਕ ਰੋਡ 'ਤੇ ਕਰਵਾਏ ਇੱਕ ਸੰਖੇਪ ਸਮਾਗਮ ਦੌਰਾਨ ਦੋ ਵਾਰ ਆਜ਼ਾਦ ਕੌਂਸਲਰ ਚੋਣ ਜਿੱਤਣ ਵਾਲੇ ਅਸ਼ਵਨੀ ਕੁਮਾਰ ਮਿੱਠੂ ਨੇ ਭਾਜਪਾ ਦੇ ਸੂਬਾਈ ਮੀਤ ਪ੍ਰਧਾਨ ਅਰਵਿੰਦ ਖੰਨਾ ਦੀ ਅਗਵਾਈ ਹੇਠ ਭਾਜਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।ਇਹ ਸਮਾਗਮ ਕਰਵਾਉਣ ਤੋਂ ਪਹਿਲਾਂ ਪੁਲਸ ਨੂੰ ਸਖ਼ਤ ਸੁਰੱਖਿਆ ਪ੍ਰਬੰਧ ਕਰਨੇ ਪਏ, ਕਿਉਂਕਿ ਬੱਬਨਪੁਰ ਪੁਲ 'ਤੇ ਕਿਸਾਨਾਂ ਨੇ ਅਰਵਿੰਦ ਖੰਨਾ ਨੂੰ ਘੇਰ ਲਿਆ ਸੀ।ਭਾਜਪਾ ਆਗੂ ਅਰਵਿੰਦ ਖੰਨਾ ਨੇ ਕੌਂਸਲਰ ਅਸ਼ਵਨੀ ਕੁਮਾਰ ਮਿੱਠੂ ਦੇ ਭਾਜਪਾ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਪਾਰਟੀ ਵਿੱਚ ਬਣਦਾ ਮਾਨ ਸਨਮਾਨ ਦਿੱਤਾ ਜਾਵੇਗਾ।ਅਰਵਿੰਦ ਖੰਨਾ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਜਾਰੀ ਕੀਤੇ ਗਏ ਸੰਕਲਪ ਪੱਤਰ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਜਾਰੀ 'ਸੰਕਲਪ ਪੱਤਰ' ਨਾ ਕੇਵਲ ਪਿਛਲੇ 10 ਸਾਲਾਂ ਵਿੱਚ ਭਾਜਪਾ ਸਰਕਾਰ ਵੱਲੋਂ ਕੀਤੀਆਂ ਗਈਆਂ ਸਾਰੀਆਂ ਗੱਲਾਂ ਦਾ ਪ੍ਰਤੀਬਿੰਬ ਹੈ, ਸਗੋਂ ਇਹ ਆਉਣ ਵਾਲੇ ਸਾਲਾਂ ਵਿੱਚ ਸਾਡੀ ਸਰਕਾਰ ਵੱਲੋਂ ਚੁੱਕੇ ਜਾਣ ਵਾਲੇ ਸਾਰੇ ਕਦਮਾਂ ਨੂੰ ਵੀ ਦਰਸਾਉਂਦਾ ਹੈ। ਇਹ ਅਸਲ ਵਿੱਚ ਇੱਕ ਦੂਰਦਰਸ਼ੀ ਮੈਨੀਫੈਸਟੋ ਹੈ ਜੋ ਭਾਰਤ ਵਿੱਚ ਵਿਕਾਸ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰੇਗਾ।ਇਸ ਮੌਕੇ ਭਾਜਪਾ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ, ਭਾਜਪਾ ਸੂਬਾ ਕਾਰਜਕਾਰਨੀ ਮੈਂਬਰ ਬਰਜੇਸ਼ਵਰ ਗੋਇਲ, ਭਾਜਪਾ ਸੂਬਾ ਕਾਰਜਕਾਰਨੀ ਮੈਂਬਰ ਜਗਦੇਵ ਜਿੰਦਲ, ਭਾਜਪਾ ਜ਼ਿਲ੍ਹਾ ਸੰਗਰੂਰ ਦੇ ਮੀਤ ਪ੍ਰਧਾਨ ਕਮਲਜੀਤ, ਭਾਜਪਾ ਮੰਡਲ ਧੂਰੀ ਦੇ ਪ੍ਰਧਾਨ ਅਰੁਣ ਆਰੀਆ, ਭਾਜਪਾ ਮੰਡਲ ਧੂਰੀ ਦੇ ਜਨਰਲ ਸਕੱਤਰ ਨਵਦੀਪ ਗੋਇਲ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# ਚੰਨੀ ਦੀ ਖੇਮਕਰਨ ਫੇਰੀ ਨੇ ਵਿਰੋਧੀਆਂ ਦੀ ਉਡਾਈ ਨੀਂਦ : ਸੁਖਪਾਲ ਭੁੱਲਰ




**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**

ਸਾਬਕਾ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਦੀ ਖੇਮਕਰਨ ਫੇਰੀ ਨੇ ਵਿਰੋਧੀਆਂ ਦੀ ਨੀਂਦ ਉਡਾ ਦਿੱਤੀ ਹੈ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਖੇਮਕਰਨ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਭੁੱਲਰ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਤੇਰਾਂ ਸੀਟਾਂ 'ਤੇ ਜਿੱਤ ਪ੍ਰਾਪਤ ਕਰੇਗੀ।

ਦੱਸਣਯੋਗ ਹੈ ਕਿ ਸੁਖਪਾਲ ਸਿੰਘ ਭੁੱਲਰ ਦੀ ਯੋਗ ਅਗਵਾਈ ਹੇਠ ਹਲਕੇ 'ਚ ਬੀਤੇ ਲੰਮੇ ਸਮੇਂ ਤੋਂ ਅਕਾਲੀ ਦਲ ਨਾਲ ਜੁੜੇ ਸਾਬਕਾ ਸਰਪੰਚ ਹਰਜੀਤ ਸਿੰਘ ਚੂੰਘ, ਚੇਅਰਮੈਨ ਸੁਖਵਿੰਦਰ ਸਿੰਘ, ਸਤਨਾਮ ਸਿੰਘ ਭੈਣੀ ਅਤੇ ਭਿੱਖੀਵਿੰਡ ਤੋਂ ਕੰਡਾ ਪਰਿਵਾਰ ਕਾਂਗਰਸ ਪਾਰਟੀ 'ਚ ਸ਼ਾਮਲ ਹੋ ਗਏ।ਇਸ ਮੌਕੇ ਵਰਕਰਾਂ ਤੇ ਸਮਰਥਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸਾਬਕਾ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਨੇ ਪਾਰਟੀ 'ਚ ਸ਼ਾਮਲ ਹੋਏ ਪਰਿਵਾਰਾਂ ਨੂੰ ਜੀ ਆਇਆ ਆਖਿਆਂ ਤੇ ਕਾਂਗਰਸ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਮਿਹਨਤ ਕਰਨ ਦਾ ਸੁਨੇਹਾ ਦਿੱਤਾ।ਇਸ ਮੌਕੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ 'ਤੇ ਨਿਸ਼ਾਨਾ ਸਾਧਦਿਆਂ ਚੰਨੀ ਨੇ ਕਿਹਾ ਕਿ ਭਗਵੰਤ ਮਾਨ ਸੱਤਾ 'ਤੇ ਕਾਬਜ਼ ਹੋਣ ਮਗਰੋਂ ਸੂਬਾ ਵਾਸੀਆਂ ਨਾਲ ਕੀਤੇ ਵਾਅਦੇ ਭੁੱਲ ਗਏ ਹਨ।ਉਨ੍ਹਾਂ ਕਿਹਾ ਕਿ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦੇ ਵਾਅਦੇ ਤੋਂ ਵੀ ਆਪ ਸਰਕਾਰ ਮੁੱਕਰ ਗਈ ਹੈ।ਇਸ ਮੌਕੇ ਉਨ੍ਹਾਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਬੀਤੇ ਦਿਨੀ ਰਾਮਗੜ੍ਹੀਆ ਅਤੇ ਸੁਨਿਆਰ ਭਾਈਚਾਰੇ ਖਿਲਾਫ਼ ਬੋਲੇ ਅਪਸ਼ਬਦਾਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ।ਇਸ ਮੌਕੇ ਕਾਂਗਰਸ ਪਾਰਟੀ ਦੇ ਬਲਾਕ ਭਿੱਖੀਵਿੰਡ ਤੋਂ ਪ੍ਰਧਾਨ ਗੁਰਮੁਖ ਸਿੰਘ ਸਾਂਡਪੁਰਾ ਨੇ ਪਾਰਟੀ ਵਿੱਚ ਸ਼ਾਮਲ ਹੋਏ ਸਾਰੇ ਪਰਿਵਾਰਾਂ ਨੂੰ ਜੀ ਆਇਆਂ ਆਖਿਆ।

ਇਸ ਮੌਕੇ ਸਰਪੰਚ ਸਿਮਰਜੀਤ ਸਿੰਘ ਭੈਣੀ, ਸੁਖਜਿੰਦਰ ਸਿੰਘ ਹੁੰਦਲ, ਸਰਪੰਚ ਮਨਦੀਪ ਸਿੰਘ ਗੋਰਾ, ਸੁਖਜਿੰਦਰ ਸਿੰਘ ਬਾਸਰਕੇ, ਹਰਦਿਆਲ ਸਿੰਘ, ਸਰਵਣ ਸਿੰਘ ਮੱਦਰ, ਸਾਬਕਾ ਸਰਪੰਚ ਧਰਮਵੀਰ ਸਿੰਘ ਉਧੋਕੇ, ਐੱਮਸੀ ਯਾਦਵਿੰਦਰ ਸਿੰਘ ਭਿੱਖੀਵਿੰਡ, ਐੱਮਸੀ ਨੀਰਜ ਧਵਨ, ਐੱਮ ਸੀ ਹਰਭਜਨ ਪਰਦੇਸੀ, ਸਰਪੰਚ ਜਗਮੋਹਨ ਸਿੰਘ ਕਲਸੀਆਂ ਖੁਰਦ ਸਮੇਤ ਸੈਂਕੜੇ ਤਾਦਾਦ ਵਿੱਚ ਕਾਂਗਰਸੀ ਵਰਕਰ ਤੇ ਆਗੂ ਹਾਜ਼ਰ ਸਨ।

# ਚੋਣਾਂ ਦੇ ਮੱਦੇਨਜ਼ਰ ਮੂਣਕ ਵਿਖੇ ਪੰਜਾਬ ਤੇ ਹਰਿਆਣਾ ਦੇ ਪ੍ਰਸ਼ਾਸਨਿਕ ਤੇ ਪੁਲਸ ਅਧਿਕਾਰੀਆਂ ਦੀ ਅੰਤਰਰਾਜੀ ਮੀਟਿੰਗ



**ਮੂਣਕ (ਰਾਜਪਾਲ ਸਿੰਗਲਾ)**

ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਮੂਣਕ ਵਿਖੇ ਸਹਾਇਕ ਰਿਟਰਨਿੰਗ ਅਫਸਰ-ਕਮ-ਉਪ ਮੰਡਲ ਮੈਜਿਸਟਰੇਟ ਸੂਬਾ ਸਿੰਘ ਦੀ ਅਗਵਾਈ ਹੇਠ ਪੰਜਾਬ ਅਤੇ ਹਰਿਆਣਾ ਦੇ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀਆਂ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅੰਤਰ-ਰਾਜੀ ਮੀਟਿੰਗ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਹਾਇਕ ਰਿਟਰਨਿੰਗ ਅਫਸਰ ਸੂਬਾ ਸਿੰਘ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਅਤੇ ਲੋਕ ਸਭਾ ਚੋਣਾਂ ਸਬੰਧੀ ਸਮੁੱਚੀ ਪ੍ਰਕਿਰਿਆ ਦੌਰਾਨ ਵੋਟਰਾਂ ਨੂੰ ਲੁਭਾਉਣ ਲਈ ਸ਼ਰਾਬ, ਪੈਸੇ ਅਤੇ ਨਸ਼ਿਆਂ ਦੀ ਵਰਤੋਂ ਨੂੰ ਮੁਕੰਮਲ ਰੂਪ ਵਿੱਚ ਰੋਕਣ ਲਈ ਆਪਸੀ ਸਹਿਯੋਗ ਸਮੇਂ ਦੀ ਅਹਿਮ ਲੋੜ ਹੈ ਤਾਂ ਜੋ ਗੈਰ ਸਮਾਜਿਕ ਅਨਸਰ ਆਪਣੇ ਮਨਸੂਬਿਆਂ ਵਿੱਚ ਸਫ਼ਲ ਨਾ ਹੋ ਸਕਣ ਅਤੇ ਵੋਟਰ ਵੋਟ ਪਾਉਣ ਦੇ ਆਪਣੇ ਨੈਤਿਕ ਅਧਿਕਾਰ ਦੀ ਬਿਨਾਂ ਕਿਸੇ ਦਬਾਅ ਜਾਂ ਲਾਲਚ ਦੇ ਵਰਤੋਂ ਕਰ ਸਕਣ।

ਇਸ ਮੌਕੇ ਪੰਜਾਬ ਅਤੇ ਹਰਿਆਣਾ ਦੇ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀਆਂ ਨੇ ਲੋਕ ਸਭਾ ਚੋਣਾਂ ਸੰਬੰਧੀ ਵੱਖ ਵੱਖ ਪਹਿਲੂਆਂ ਬਾਰੇ ਵਿਸਥਾਰ ਵਿੱਚ ਵਿਚਾਰ ਵਟਾਂਦਰਾ ਕੀਤਾ ਅਤੇ ਅੰਤਰਰਾਜੀ ਹੱਦ ਉੱਤੇ ਸੁਰੱਖਿਆ ਵਿਵਸਥਾ ਦੀ ਵਧੇਰੇ ਮਜ਼ਬੂਤੀ, ਚੌਕਸੀ ਟੀਮਾਂ ਦੀ ਤਾਇਨਾਤੀ , ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਕੀਤੇ ਜਾ ਰਹੇ ਯਤਨਾਂ, ਅਪਰਾਧਿਕ ਪਿਛੋਕੜ ਵਾਲੇ ਵਿਅਕਤੀਆਂ ਅਤੇ ਭਗੌੜਿਆਂ ਬਾਰੇ ਨਿਯਮਤ ਤੌਰ ਤੇ ਜਾਣਕਾਰੀ ਦੇ ਅਦਾਨ ਪ੍ਰਦਾਨ ਦੀ ਲੋੜ ਬਾਰੇ ਜਾਣੂ ਕਰਵਾਇਆ।ਮੀਟਿੰਗ ਦੌਰਾਨ ਡੀਐਸਪੀ ਲਹਿਰਾ, ਡੀਐਸਪੀ ਮੂਣਕ, ਡੀਐਸਪੀ ਟੋਹਾਣਾ, ਐਸਐਚਓ ਮੂਣਕ, ਲਹਿਰਾ, ਖਨੌਰੀ, ਗੜ੍ਹੀ (ਨਰਵਾਣਾ), ਜਾਖਲ ਅਤੇ ਤਹਿਸੀਲਦਾਰ ਟੋਹਾਣਾ ਤੇ ਨਰਵਾਣਾ ਵੀ ਹਾਜ਼ਰ ਸਨ।

# ਐਡਵੋਕੇਟ ਐੱਮ ਕੇ ਸ਼ਰਮਾ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਬਲ ਮਿਲਿਆ ਜਦੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਬੁਲਾਰੇ ਐਡਵੋਕੇਟ ਐੱਮ. ਕੇ. ਸ਼ਰਮਾ ਪਾਰਟੀ ਦੇ ਅੰਮ੍ਰਿਤਸਰ ਤੋਂ ਉਮੀਦਵਾਰ ਅਨਿਲ ਜੋਸ਼ੀ ਦੀ ਹਾਜ਼ਰੀ ਵਿਚ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਐਡਵੋਕੇਟ ਜੋਸ਼ੀ ਨੇ ਗੈਰ-ਸਹਾਇਤਾ ਪ੍ਰਾਪਤ ਸਿੱਖਿਆ ਸੰਸਥਾਵਾਂ ਵੱਲੋਂ ਮਚਾਈ ਕਥਿਤ ਲੁੱਟ ਦੇ ਖਿਲਾਫ ਸੂਬਾ ਪੱਧਰੀ ਸੰਘਰਸ਼ ਦੀ ਅਗਵਾਈ ਕੀਤੀ ਤੇ ਉਨ੍ਹਾਂ ਦੀ ਬਦੌਲਤ ਹੀ ਫੀਸ ਰੈਗੂਲੇਟਰੀ ਐਕਟ 2016 ਬਣਿਆ। ਸ਼੍ਰੀ ਸ਼ਰਮਾ ਨੂੰ ਪਾਰਟੀ ਵਿਚ ਸ਼ਾਮਲ ਕਰਦਿਆਂ ਜੋਸ਼ੀ ਨੇ ਕਿਹਾ ਕਿ ਉਨ੍ਹਾਂ ਦੇ ਪਾਰਟੀ ਵਿਚ ਸ਼ਾਮਲ ਹੋਣ ਨਾਲ ਅੰਮ੍ਰਿਤਸਰ ਵਿਚ ਪਾਰਟੀ ਨੂੰ ਬੱਲ ਮਿਲਿਆ ਹੈ ਤੇ ਉਨ੍ਹਾਂ ਨੇ ਉਨ੍ਹਾਂ ਨੂੰ ਪਾਰਟੀ ਵਿਚ ਪੂਰਾ ਮਾਣ ਤੇ ਸਤਿਕਾਰ ਦੇਣ ਦਾ ਭਰੋਸਾ ਦੁਆਇਆ।

## ...ਸ.ਫਾ 1 ਦੇ ਬਾਕੀ

### ਪੱਤਰਕਾਰ ਲਖਵੀਰ...

ਸਿੰਘੂ, ਮਨਦੀਪ ਸਿੰਘ ਰਸਤੇ ਵਿਚ ਪਹਿਲਾਂ ਤੋਂ ਹੀ ਖੜ੍ਹੇ ਸਨ, ਜਿਨ੍ਹਾਂ ਦੇ ਹੱਥ ਵਿਚ ਡਾਂਗਾਂ ਸਨ। ਇਹ ਮੈਨੂੰ ਘੇਰ ਕੇ ਧਮਕੀਆਂ ਦੇਣ ਲੱਗੇ ਕਿ ਜੋ ਤੂੰ ਰਣਧੀਰ ਸਿੰਘ ਖਿਲਾਫ ਦਰਖਾਸਤ ਦਿੱਤੀ ਹੋਈ ਹੈ, ਇਹ ਦਰਖਾਸਤ ਵਾਪਸ ਕਰ ਲੈ, ਨਹੀਂ ਤਾਂ ਤੈਨੂੰ ਅਸੀਂ ਜਾਨੋਂ ਮਾਰ ਦੇਣਾ ਹੈ। ਮੈਂ ਉਹਨਾਂ ਨੂੰ ਕਿਹਾ ਕਿ ਇਹ ਦਰਖਾਸਤ ਵਾਪਸ ਨਹੀਂ ਹੋਣੀ, ਮੈਂ ਰਣਧੀਰ ਖਿਲਾਫ ਕਾਰਵਾਈ ਕਰਾਉਣੀ ਹੈ ਤਾਂ ਇਹਨਾਂ ਨੇ ਮੇਰੇ ਉਤੇ ਹਮਲਾ ਕਰ ਦਿੱਤਾ। ਮੈਂ ਉਥੋਂ ਭੱਜ ਕੇ ਆਪਣੇ ਘਰ ਅੰਦਰ ਦਾਖਲ ਹੋ ਗਿਆ, ਪਰ ਇਹ ਮੇਰੇ ਘਰ ਤੱਕ ਮੇਰੇ ਮਗਰ ਮੈਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਆਏ ਅਤੇ ਮੇਰੇ ਘਰ ਡਾਂਗਾਂ ਮਾਰ ਕੇ ਗਏ। ਇਸ ਸੰਬੰਧ ਵਿਚ ਮੈਂ ਰਾਤ ਸਮੇਂ ਹੀ ਥਾਣਾ ਅਮਲੋਹ ਵਿਖੇ ਫੋਨ ਕਰ ਦਿੱਤਾ ਅਤੇ ਪੁਲਸ ਮੌਕੇ 'ਤੇ ਆ ਗਈ ਅਤੇ ਮੈਨੂੰ ਕਹਿ ਗਏ ਕਿ ਸਵੇਰੇ ਥਾਣੇ ਆ ਜਾਣਾ। ਸਵੇਰੇ ਕਰੀਬ 7.30 ਵਜੇ ਉਕਤ ਵਿਅਕਤੀ ਫਿਰ ਡਾਂਗਾਂ ਲੈ ਕੇ ਮੇਰੇ ਘਰ ਆ ਕੇ ਕਹਿੰਦੇ ਕਿ ਬਾਹਰ ਨਿਕਲ, ਤੈਨੂੰ ਅੱਜ ਅਸੀਂ ਜਾਨੋਂ ਮਾਰ ਦੇਣਾ ਹੈ। ਜਰਨੈਲ ਸਿੰਘ ਨੇ ਮੈਨੂੰ ਜਾਤੀ ਸੂਚਕ ਗਾਲ੍ਹਾਂ ਕੱਢ ਕੇ ਬਾਹਰ ਨਿਕਲਣ ਲਈ ਕਿਹਾ ਅਤੇ ਮੈਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਮੇਰੇ ਘਰ ਅੰਦਰ ਦਾਖਲ ਹੋ ਗਏ ਅਤੇ ਦਰਵਾਜ਼ਿਆਂ 'ਤੇ ਡਾਂਗਾਂ ਮਾਰਨ ਲੱਗ ਪਏ। ਮੈਂ ਕਮਰੇ ਦਾ ਕੁੰਡਾ ਅੰਦਰੋਂ ਲਗਾ ਲਿਆ, ਤਾਂ ਏਨੇ ਨੂੰ ਮੇਰੀ ਮਾਤਾ ਮੇਰੇ ਘਰ ਕੋਲ ਆ ਗਈ ਅਤੇ ਉਸ ਨੇ ਕਿਹਾ ਕਿ ਪਹਿਲਾਂ ਤੁਸੀਂ ਮੈਨੂੰ ਜਾਨੋਂ ਮਾਰੋ। ਇਹ ਵਿਅਕਤੀ ਧਮਕੀਆਂ ਦਿੰਦੇ ਬਾਹਰ ਨਿਕਲ ਗਏ। ਮੈਂ ਇਸ ਸੰਬੰਧ ਵਿਚ ਥਾਣਾ ਅਮਲੋਹ ਵਿਖੇ ਸ਼ਿਕਾਇਤ ਕੀਤੀ ਅਤੇ ਪੁਲਸ ਮੁਲਾਜ਼ਮ ਮੌਕੇ 'ਤੇ ਆ ਗਏ, ਪਰ ਮੁਲਜ਼ਮ ਅਜੇ ਵੀ ਪੁਲਸ ਦੀ ਗ੍ਰਿਫਤ ਤੋਂ ਬਾਹਰ ਹਨ। ਉਹਨਾਂ ਨੂੰ ਜਲਦ ਗ੍ਰਿਫਤਾਰ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਸੰਬੰਧੀ ਐੱਸ ਪੀ ਰਾਕੇਸ਼ ਯਾਦਵ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

### ਕੇਜਰੀਵਾਲ ਨਾਲ ਅੱਤਵਾਦੀਆਂ...

ਸੋਨੀਆ ਗਾਂਧੀ ਉਨ੍ਹਾ ਨੂੰ ਮਿਲਣ ਆਉਂਦੀ ਸੀ ਤਾਂ ਉਨ੍ਹਾ ਨੂੰ ਇੱਕ ਕਮਰੇ ਵਿੱਚ ਆਹਮੋ-ਸਾਹਮਣੇ ਬਿਠਾਇਆ ਜਾਂਦਾ ਸੀ।

ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਆਹਮੋ-ਸਾਹਮਣੇ ਪੇਸ਼ ਕੀਤਾ ਗਿਆ, ਪਰ ਅੱਜ ਫੋਨ ਰਾਹੀਂ ਮੁਲਾਕਾਤ ਦਾ ਇੰਤਜ਼ਾਮ ਕੀਤਾ ਗਿਆ, ਜਿਵੇਂ ਕੋਈ ਵੱਡਾ ਅਪਰਾਧੀ ਸਾਹਮਣੇ ਬੈਠਾ ਹੋਵੇ।ਉਹ ਨਹੀਂ ਜਾਣਦੇ ਕਿ ਸਾਡੇ ਨਾਲ ਏਨੀ ਦੁਸ਼ਮਣੀ ਕਿਉਂ ਹੈ ਕਿ ਸਾਡੇ ਨਾਲ ਅੱਤਵਾਦੀਆਂ ਵਰਗਾ ਸਲੂਕ ਕੀਤਾ ਜਾ ਰਿਹਾ ਹੈ। ਕੇਜਰੀਵਾਲ ਨਾਲ ਅਜਿਹਾ ਸਲੂਕ ਕਿਉਂ? ਵਿਰੋਧੀ ਧਿਰ ਨਾਲ ਅਜਿਹਾ ਵਤੀਰਾ ਉਨ੍ਹਾਂ ਨੂੰ ਮਹਿੰਗਾ ਪਵੇਗਾ।ਕੇਜਰੀਵਾਲ ਇਮਾਨਦਾਰ ਵਿਅਕਤੀ ਹਨ, ਜਿਨ੍ਹਾ ਪਾਰਦਰਸ਼ਤਾ ਦੀ ਰਾਜਨੀਤੀ ਸ਼ੁਰੂ ਕੀਤੀ ਅਤੇ ਭਾਜਪਾ ਦੀ ਰਾਜਨੀਤੀ ਨੂੰ ਖਤਮ ਕੀਤਾ।ਅੱਜ ਉਹਨਾ ਨਾਲ ਅਜਿਹਾ ਵਿਹਾਰ ਦੇਖ ਕੇ ਬਹੁਤ ਦੁੱਖ ਹੋਇਆ। ਕੇਜਰੀਵਾਲ ਇਸੇ ਸੋਚ ਦਾ ਨਾਂਅ ਹੈ।ਤੁਸੀਂ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰ ਸਕਦੇ ਹੋ, ਪਰ ਤੁਸੀਂ ਉਸ ਦੀ ਸੋਚ ਨੂੰ ਕਿਵੇਂ ਗ੍ਰਿਫਤਾਰ ਕਰੋਗੇ?

ਡਾ. ਸੰਦੀਪ ਪਾਠਕ ਨੇ ਦੱਸਿਆ ਕਿ ਕੇਜਰੀਵਾਲ ਨੇ ਵੀ ਕਿਹਾ ਕਿ ਉਹ ਜਲਦੀ ਹੀ ਬਾਹਰ ਆਉਣਗੇ ਅਤੇ ਬਾਹਰ ਆਉਣ ਤੋਂ ਬਾਅਦ ਉਹ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਜ਼ਰੂਰ ਪੂਰਾ ਕਰਨਗੇ। ਹਰ ਸਮੇਂ ਉਹ ਦਿੱਲੀ ਦੇ ਲੋਕਾਂ ਬਾਰੇ ਪੁੱਛਦੇ ਰਹੇ ਕਿ ਉਹ ਕਿਵੇਂ ਹਨ, ਕਿਸੇ ਨੂੰ ਕੋਈ ਸਮੱਸਿਆ ਹੈ ਜਾਂ ਨਹੀਂ। ਉਨ੍ਹਾ ਕਿਹਾ ਕਿ ਉਹ ਜਿੱਥੇ ਵੀ ਰਹਿੰਦੇ ਹਨ, ਉਨ੍ਹਾ ਦਾ ਜੀਵਨ ਸੰਘਰਸ਼ ਭਰਿਆ ਰਿਹਾ ਹੈ ਅਤੇ ਉਹ ਭਵਿੱਖ ਵਿੱਚ ਵੀ ਸੰਘਰਸ਼ ਕਰਦੇ ਰਹਿਣਗੇ।


**SMFG India Credit**

## SMFG INDIA CREDIT COMPANY LIMITED
**(formerly Fullerton India Credit Company Limited)**

ਕਾਰਪੋਰੇਟ ਦਫਤਰ : 10ਵੀਂ ਮੰਜ਼ਲ, ਦਫਤਰ ਨੰ. 101, 102 ਅਤੇ 103, 2 ਉੱਤਰੀ ਐਵੇਨਿਊ, ਮੇਕਰ ਮੈਕਸਿਟੀ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ), ਮੁੰਬਈ-400051

ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ) (ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ ) ਰੂਲਜ਼ 2002 ਦੇ ਰੂਲ 8 (1) ਤਹਿਤ)

ਜਦੋਂ ਕਿ ਨਿਮਨਹਸਤਾਖਰੀ ਨੇ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰ. ਲਿਮਟਿਡ (ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰ. ਲਿਮਟਿਡ), ਜਿਸ ਦਾ ਰਜਿਸਟਰਡ ਦਫਤਰ ਮੇਘ ਟਾਵਰਜ਼, ਤੀਜੀ ਮੰਜ਼ਲ, ਪੁਰਾਣਾ ਨੰ. 307, ਨਵਾਂ ਨੰਬਰ 165, ਪੂਨਾਮਾਲੀ ਹਾਈ ਰੋਡ, ਮਦੁਰਾਵੋਇਲ, ਚੇਨਈ, ਤਾਮਿਲਨਾਡੂ-600095 ਅਤੇ ਕਾਰਪੋਰੇਟ ਦਫਤਰ 10ਵੀਂ ਮੰਜ਼ਲ, ਦਫਤਰ ਨੰ. 101, 102 ਅਤੇ 103, 2 ਉੱਤਰੀ ਐਵੇਨਿਊ, ਮੇਕਰ ਮੈਕਸਿਟੀ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈਸਟ), ਮੰਬਈ-400051 ਦੇ ਅਧਿਕਾਰਤ ਅਫਸਰ ਵਜੋਂ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ, 2002 (2002 ਦਾ 54) ਤਹਿਤ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਨੋਟਿਸ 'ਚ ਅਤੇ ਇੱਥੇ ਦਰਸਾਈ ਰਕਮ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਕੀਤੇ ਜਾਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਹੇਠਾਂ ਦਰਸਾਏ ਕਰਜ਼ਦਾਰ ਰਕਮ ਮੋੜਨ 'ਚ ਨਾਕਾਮ ਰਹੇ ਹਨ। ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਈ ਮਿਤੀ ਨੂੰ ਕਬਜ਼ਾ ਲੈ ਲਿਆ ਹੈ।

| ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਦਾ ਨਾਂਅ ਅਤੇ ਕਰਜ਼ਾ ਖਾਤਾ ਨੰਬਰ | ਡਿਮਾਂਡ ਨੋਟਿਸ ਦੀ ਮਿਤੀ ਰਕਮ | ਅਚੱਲ ਜਾਇਦਾਦ/ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਕਬਜ਼ੇ ਦੀ ਮਿਤੀ |
|---|---|---|---|
| (1) ਨਰਾਇਣ ਕੁਮਾਰ ਬੋਸਕ (ਸਵਰਗੀ) (2) ਸੁਲੇਖਾ ਦੇਵੀ (3) ਮੁਰਲੀ ਕੁਮਾਰ (4) ਮਨੋਹਰ ਕੁਮਾਰ (5) ਸੋਨੂ ਕੁਮਾਰ (ਸਵਰਗੀ ਕਰਜ਼ਦਾਰ ਨਰਾਇਣ ਕੁਮਾਰ ਬੋਸਕ ਦਾ ਕਾਨੂੰਨੀ ਵਾਰਸ) (6) ਅਕਲੀ ਦੇਵੀ ਪਤਨੀ ਪਾਂਡਵ ਲਾਲ (ਸਵਰਗੀ ਨਰਾਇਣ ਕੁਮਾਰ ਬੋਸਕ ਦਾ ਕਾਨੂੰਨੀ ਵਾਰਸ) ਕਰਜ਼ਾ ਖਾਤਾ ਨੰ. 213720911206569 | 05 ਜਨਵਰੀ 2024 ਰੁਪਏ 20,71,761.00/- (ਵੀਹ ਲੱਖ ਇਕੱਤਰ ਹਜ਼ਾਰ ਸੱਤ ਸੌ ਇਕਾਹਠ ਰੁਪਏ ਕੇਵਲ) | ਜਾਇਦਾਦ ਪਲਾਟ ਰਕਬਾ 100 ਵਰਗ ਗਜ਼, ਖਸਰਾ ਨੰ. 15//15//1//2-15/2-16/1-16/2/2-19//1/1-20//5/2-15//25/2-16//11/1-20/2-21/1-20//6/1 ਖੱਤਾ ਨੰ. 123-133 ਤੋਂ 137, ਜਮ੍ਹਾਂਬੰਦੀ ਸਾਲ 2001-02 ਅਨੁਸਾਰ (ਖੱਤਾ ਨੰ. 152/158, ਜਮ੍ਹਾਂਬੰਦੀ ਸਾਲ 2011-12 ਅਨੁਸਾਰ), ਪਿੰਡ ਢੰਡਾਰੀ ਖੁਰਦ, ਅਬਾਦੀ ਦੁਰਗਾ ਕਾਲੋਨੀ, ਸਬ-ਤਹਿਸੀਲ ਸਾਹਨੇਵਾਲ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। | 15-04-2024 |
| (1) ਸੁਭਾਸ਼ ਮਹਿਤਾ (2) ਕੁਸਮ ਲਤਾ ਕਰਜ਼ਾ ਖਾਤਾ ਨੰ. 174810400000760 | 02 ਜਨਵਰੀ 2024 ਰੁਪਏ 28,27,745.32/- (ਅਠਾਈ ਲੱਖ ਸਤਾਈ ਹਜ਼ਾਰ ਸੱਤ ਸੌ ਪੰਜਤਾਲੀ ਰੁਪਏ ਅਤੇ ਬੱਤੀ ਪੈਸੇ ਕੇਵਲ) | ਜਾਇਦਾਦ ਪਲਾਟ ਨੰ. 148, 149, ਰਕਬਾ 200 ਵਰਗ ਗਜ਼, ਖਸਰਾ ਨੰ. 782, 783, 784, 785, ਖੱਤਾ ਨੰ. 28/35, ਜਮ੍ਹਾਂਬੰਦੀ ਸਾਲ 1979-1980 (ਖੱਤਾ ਨੰ. 50/58, ਜਮ੍ਹਾਂਬੰਦੀ ਸਾਲ 2004-2005) ਪਿੰਡ ਮੁੰਡੀਆਂ ਕਲਾਂ, ਹਦਬਸਤ ਨੰ. 179, ਅਬਾਦੀ ਪ੍ਰਕਾਸ਼ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗੁਆਂਢ, ਪੱਛਮ : ਗੁਆਂਢ, ਉੱਤਰ : ਗਲੀ, 20' ਚੌੜੀ, ਦੱਖਣ : ਗੁਆਂਢ। | 15-04-2024 |

ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਇਸ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ ਦੀ ਇੱਥੇ ਉਪਰ ਦਰਸਾਈ ਰਕਮ ਅਤੇ ਇਸ ਉਪਰ ਵਿਆਜ ਦੀ ਵਸੂਲੀ ਹੇਠ ਹੋਵੇਗੀ।

ਕਰਜ਼ਦਾਰਾਂ ਦਾ ਧਿਆਨ ਉਪਲੱਬਧ ਸਮੇਂ ਅੰਦਰ ਸਕਿਊਰਡ ਐੱਸਟਸ ਦੇ ਪੁਨਰ-ਗ੍ਰਹਿਣ ਲਈ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਮਿਤੀ : 16/04/2024 — ਸਹੀ/- ਅਧਿਕਾਰਤ ਅਫਸਰ

ਸਥਾਨ : ਲੁਧਿਆਣਾ — ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ (ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ)



**AXIS BANK LTD.**

ਰਿਟੇਲ ਐੱਸਟਸ ਸੈਂਟਰ : ਐਕਸਿਸ ਬੈਂਕ ਲਿਮਟਿਡ, : ਦੂਜੀ ਤੇ ਤੀਜੀ ਮੰਜ਼ਲ, ਜਾਇਦਾਦ ਨੰ: 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001. ਰੀਟੇਲ ਐਸਟਸ ਸੈਂਟਰ : ਐਕਸਿਸ ਬੈਂਕ ਲਿਮ: ਤੀਜੀ ਮੰਜ਼ਲ, ਐੱਸ ਸੀ ਓ 367-368, ਅਕਾਸ਼ ਇਸਟੀਚਿਊਟ ਸੈਕਟਰ 34 ਏ, ਚੰਡੀਗੜ੍ਹ 160022, ਕਾਰਪੋਰੇਟ ਦਫਤਰ : ਤੀਜੀ ਮੰਜ਼ਲ, ਬਲਾਕ-ਬੀ, ਬੰਬੇ ਡਾਇੰਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025 ਰਜਿਸਟਰਡ ਦਫਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ-380006

**ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਹਾਸਲ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਅਤੇ ਵਿਆਜ ਰਕਮਾਂ ਦੀ ਮੁੜ ਅਦਾਇਗੀ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਨਿਰਦੇਸ਼ਾਂ/ਗਾਈਡ ਲਾਈਨਾਂ ਅਨੁਸਾਰ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਖਾਤੇ ਨੂੰ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਐਕਸਿਸ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ, 2002 ਅਤੇ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ ਨੂੰ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਸਮੇਤ ਇਸ ਉੱਪਰ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤ ਚਾਰਜਿਜ਼ ਆਦਿ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ, ਇਸ ਲਈ ਉਨ੍ਹਾਂ ਨੂੰ ਉਹੀ ਜਾਣਕਾਰੀ ਹਿਤ ਇਸ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ ਦਾ ਨਾਂਅ/ਪਤਾ | ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਸ ਦਾ ਪਤਾ | ਸਕਿਊਰਡ ਐਸਟਸ ਦਾ ਜਾਇਦਾਦੀ ਪਤਾ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਖੜ੍ਹੀ ਰਕਮ | ਕਰਜ਼ੇ ਦੀ ਰਕਮ |
|---|---|---|---|---|---|---|
| ਮੈਸ: ਅਨੰਦ ਲਾਈਮ ਸਟੋਨਜ਼ ਪਤਾ : ਦੋਮੋਰੀਆ ਪੁਲ, ਜਲੰਧਰ ਸ਼ਹਿਰ, ਜਲੰਧਰ-144001 | ਸ੍ਰੀ ਕਮਲ ਅਨੰਦ ਪੁੱਤਰ ਵਿਜੇ ਕੁਮਾਰ ਅਨੰਦ, ਪਤਾ : ਮਕਾਨ ਨੰ: 12, ਗ੍ਰੀਨ ਮਾਡਲ ਟਾਊਨ, ਜਲੰਧਰ-1, ਮਾਡਲ ਟਾਊਨ ਜਲੰਧਰ 144003, ਸ੍ਰੀਮਤੀ ਪੂਜਾ ਅਨੰਦ ਪਤਨੀ ਕਮਲ ਅਨੰਦ, ਪਤਾ : ਹਾਊਸ ਨੰ: ਬੀ-11, 1084, ਖੁੱਡ ਮੁਹੱਲਾ, ਸੈਂਟਰਲ ਪੋਸਟ ਆਫਿਸ ਲੁਧਿਆਣਾ 141008 | ਬੈਨਾਮਾ ਨੰ: 6383 ਮਿਤੀ 11.03.2004 ਅਨੁਸਾਰ ਕਮਲ ਅਨੰਦ ਪੁੱਤਰ ਵਿਜੇ ਕੁਮਾਰ ਅਨੰਦ ਅਤੇ ਪੂਜਾ ਅਨੰਦ ਪਤਨੀ ਕਮਲ ਅਨੰਦ ਦੀ ਮਲਕੀਅਤ, ਗੈਰ ਖੇਤੀਬਾੜੀ ਵਾਲੀ ਜਾਇਦਾਦ ਜੋ ਕਿ ਮਕਾਨ ਨੰ: 12, ਖਸਰਾ ਨੰ: 542/324, 325, ਰਕਬਾ 8 ਮਰਲੇ, 164 ਵਰਗ ਗਜ਼, ਗ੍ਰੀਨ ਮਾਡਲ ਟਾਊਨ, ਜਲੰਧਰ ਦੇ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਐੱਨ ਏ, ਪੱਛਮ : ਐੱਨ ਏ. ਉੱਤਰ : ਐੱਨ ਏ, ਦੱਖਣ : ਐੱਨ ਏ। | 28 ਫਰਵਰੀ 2024 | 04 ਮਾਰਚ 2024 | ਰੁ: 16,90,402/- (ਸੋਲਾਂ ਲੱਖ ਨੱਬੇ ਹਜ਼ਾਰ ਚਾਰ ਸੌ ਦੋ ਰੁਪਏ ਕੇਵਲ) | ਰੁ: 15,00,000/- (ਪੰਦਰਾਂ ਲੱਖ ਰੁਪਏ ਕੇਵਲ) ਰੁ: 2,90,000/- (ਦੋ ਲੱਖ ਨੱਬੇ ਹਜ਼ਾਰ ਰੁਪਏ ਕੇਵਲ) |

ਉਪਰੋਕਤ ਦਰਸਾਏ ਹਾਲਤਾਂ 'ਚ ਉਕਤ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ /ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਉਪਰੋਕਤ ਦਰਸਾਏ ਬਕਾਇਆਂ ਸਮੇਤ ਭਵਿੱਖੀ ਵਿਆਜ ਅਤੇ ਲਾਗੂ ਚਾਰਜਿਜ਼ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਇਸ ਤਹਿਤ ਲਾਗੂ ਨਿਯਮਾਂ ਤਹਿਤ ਕਰਜ਼ਦਾਰਾਂ ਅਤੇ ਰਹਿਣਕਾਰਾਂ ਦੇ ਸਕਿਊਰਡ ਐੱਸਟਸ ਵਿਰੁੱਧ ਸਮੇਤ ਕਬਜ਼ਾ ਹਾਸਲ ਕਰਨ ਜਿਹੇ ਅਗਲੇ ਕਦਮ ਉਠਾਏ ਜਾਣਗੇ।

ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰ ਸਕਿਊਰਡ ਕ੍ਰੈਡਿਟਰ ਤੋਂ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਇਸ ਨੋਟਿਸ 'ਚ ਹਵਾਲੇ ਵਾਲੇ ਕੋਈ ਸਕਿਊਰਡ ਐੱਸਟਸ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ : 16.04.2024, ਸਥਾਨ : ਪੰਜਾਬ — ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ



**ਨਵਾਂ ਜ਼ਮਾਨਾ** ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

# 'ਆਪ' 'ਚ ਸ਼ਾਮਲ ਹੋਏ ਜੋਧਾਨਗਰੀ ਵਾਸੀਆਂ ਦਾ ਈ ਟੀ ਓ ਵੱਲੋਂ ਭਰਵਾਂ ਸਵਾਗਤ



**ਟਾਂਗਰਾ (ਲਾਡੀ ਮੱਲ੍ਹੀ)**-ਲੋਕਾਂ ਨੂੰ ਵਰਗਲ਼ਾ ਕੇ ਦੂਸਰੀਆਂ ਪਾਰਟੀਆਂ ਵਿੱਚ ਸ਼ਾਮਲ ਕੀਤੇ ਲੋਕ ਆਮ ਆਦਮੀ ਪਾਰਟੀ ਵਿੱਚ ਵਾਪਸ ਆਏ ਹਨ ਕਿਉਂਕਿ ਬਿਨਾਂ ਕਿਸੇ ਭੇਦ ਭਾਵ ਦੇ ਕਰਾਏ ਜਾ ਰਹੇ ਵਿਕਾਸ ਕਾਰਜਾਂ ਕਰਕੇ ਲੋਕ ਰਵਾਇਤੀ ਪਾਰਟੀਆਂ ਛੱਡ ਕੇ ਆਪ ਵਿੱਚ ਸ਼ਾਮਲ ਹੋ ਰਹੇ ਹਨ।ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਆਪ ਦੇ ਸੀਨੀਅਰ ਆਗੂਆਂ ਵੱਲੋਂ ਪਿੰਡ ਜੋਧਾਨਗਰੀ ਵਿੱਚ ਕਰਵਾਏ ਗਏ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਨੇ ਘਰ ਵਾਪਸੀ ਤੇ ਦੂਜੀਆਂ ਪਾਰਟੀਆਂ ਵਿੱਚੋਂ ਆਏ ਸਾਰੇ ਵਰਕਰਾਂ ਦਾ ਪਾਰਟੀ ਚਿੰਨ੍ਹ ਦੇ ਕੇ ਸਵਾਗਤ ਕੀਤਾ ਅਤੇ ਕਿਹਾ ਕਿ ਪਾਰਟੀ ਵਿੱਚ ਉਨ੍ਹਾਂ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ।ਇਸ ਵਾਰ ਲੋਕ ਸਭਾ ਦੀ ਸੀਟ 'ਤੇ ਵੱਧ ਲੀਡ ਕਰਨ ਦੀ ਅਪੀਲ ਵੀ ਕੀਤੀ।ਇਸ ਮੌਕੇ ਨਗਰ ਦੀਆਂ ਬੀਬੀਆਂ ਨੇ ਕੈਬਨਿਟ ਮੰਤਰੀ ਨੂੰ ਨਸ਼ੇ ਰੋਕਣ ਦੀ ਜ਼ੋਰਦਾਰ ਮੰਗ ਅਤੇ ਗਰੀਬ ਲੋਕਾਂ ਦੀ ਕੱਟੀ ਕਣਕ ਸ਼ੁਰੂ ਕਰਾਉਣ ਅਤੇ ਨਰੇਗਾ ਦੇ ਪੈਸੇ ਪਵਾਉਣ ਲਈ ਕਿਹਾ।ਇਸ ਮੌਕੇ ਆਪ ਆਗੂ ਗੁਰਮੁਖ ਸਿੰਘ ਸਰਜਾ ਨੇ ਕਿਹਾ ਕਿ ਉਹ ਪਾਰਟੀ ਵਿੱਚ ਸ਼ਾਮਲ ਹੋਣ ਤੇ ਨਗਰ ਵਾਸੀਆਂ ਦਾ ਧੰਨਵਾਦ ਕਰਦੇ ਹਨ।ਇਸ ਮੌਕੇ ਪ੍ਰਮੁੱਖ ਆਗੂ ਗੁਰਮੀਤ ਕੌਰ, ਬਲਾਕ ਪ੍ਰਧਾਨ ਭੁਪਿੰਦਰ ਸਿੰਘ ਰਮਾਨਾਚੱਕ, ਗੁਰਮੁਖ ਸਿੰਘ ਸਰਜਾ, ਪਰਮਿੰਦਰ ਸਿੰਘ, ਅਮਰਦੀਪ ਸਿੰਘ ਹਰਦੀਪ ਸਿੰਘ ਡੇਹਰੀਵਾਲ, ਸਵਿੰਦਰ ਸਿੰਘ ਮੁਛੱਲ, ਮੱਸਾ ਸਿੰਘ ਰਾਏਪੁਰ, ਆਪ ਆਗੂ ਇਕਬਾਲ ਸਿੰਘ ਸਿੱਧੂ, ਤਲਵਿੰਦਰ ਸਿੰਘ ਬਾਊ, ਜਗੀਰ ਸਿੰਘ, ਜਸਬੀਰ ਸਿੰਘ, ਅਮਰੀਕ ਸਿੰਘ, ਹਰਜੀਤ ਸਿੰਘ ਫੌਜੀ, ਮੁਖ਼ਤਾਰ ਸਿੰਘ, ਵਰਿੰਦਰ ਸਿੰਘ ਅਤੇ ਸ਼ਾਮਲ ਹੋਣ ਵਾਲੇ ਨੰਬਰਦਾਰ ਬਲਜੀਤ ਸਿੰਘ, ਕੁੰਨਣ ਸਿੰਘ, ਹਰਪ੍ਰੀਤ ਕੌਰ, ਹਰਜੀਤ ਕੌਰ, ਨਿਰਮਲ ਕੌਰ, ਬਲਵਿੰਦਰ ਕੌਰ, ਮੈਂਬਰ ਰਣਜੀਤ ਕੌਰ, ਗੁਰਪ੍ਰੀਤ ਕੌਰ, ਜੱਜ ਸਿੰਘ, ਗੁਰਦੇਵ ਸਿੰਘ, ਫ਼ਤਿਹ ਸ਼ਿੰਘ, ਨਿੰਮੋ, ਬੀਬੀ ਰਾਜ ਕੌਰ, ਚਰਨਜੀਤ ਕੌਰ, ਕੁਲਵਿੰਦਰ ਕੌਰ ਰਾਣੀ, ਹਰਜੀਤ ਕੌਰ, ਬਿੰਦਰ ਕੌਰ, ਸਿੰਦਰ ਕੌਰ, ਮਨਪ੍ਰੀਤ ਕੌਰ ਅਤੇ ਬੀਬੀ ਸੰਤੋਖੀ ਆਦਿ ਹਾਜ਼ਰ ਸਨ।

## ਸੰਤ ਬਾਬਾ ਲਾਭ ਸਿੰਘ ਗੁਰੂ ਕੀ ਬੇਰ ਵਾਲਿਆਂ ਦੀ ਬਰਸੀ ਮਨਾਈ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਛੇਵੀਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾ ਰਾਏ ਵਿਖੇ ਸੰਤ ਬਾਬਾ ਲਾਭ ਸਿੰਘ ਦੀ ਸਾਲਾਨਾ ਬਰਸੀ ਇਲਾਕੇ ਦੀਆਂ ਸੰਗਤਾਂ ਵੱਲੋਂ ਸੰਤ ਬਾਬਾ ਸੱਜਣ ਸਿੰਘ ਦੀ ਅਗਵਾਈ ਹੇਠ ਬੜੀ ਸ਼ਰਧਾ ਭਾਵਨਾ ਅਤੇ ਉਤਸਾਹ ਨਾਲ ਮਨਾਈ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਖੁੱਲੇ ਪੰਡਾਲ ਵਿੱਚ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿੱਚ ਕਵੀਸ਼ਰ ਭਾਈ ਜੋਗਾ ਸਿੰਘ ਭਾਗੋਵਾਲੀਆ, ਭਾਈ ਦਿਲਬਾਗ ਸਿੰਘ ਕਾਲੇਕੇ, ਭਾਈ ਪ੍ਰਗਟ ਸਿੰਘ ਭੀਲੋਵਾਲ, ਭਾਈ ਪਰਮਜੀਤ ਸਿੰਘ ਨੰਗਲੀ ਕਥਾਵਾਚਕ ਵੱਲੋਂ ਗੁਰੂ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਸੰਤ ਬਾਬਾ ਲਾਭ ਸਿੰਘ ਵੱਲੋਂ ਸਿੱਖ ਕੌਮ ਲਈ ਭਲਾਈ ਲਈ ਕੀਤੇ ਕੰਮਾਂ ਨੂੰ ਯਾਦ ਕੀਤਾ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਸੰਤ ਮਹਾਂਪੁਰਸ਼ਾਂ ਵੱਲੋਂ ਦੱਸੇ ਹੋਏ ਮਾਰਗ ਤੇ ਚੱਲ ਕੇ ਅਸੀਂ ਅੰਮ੍ਰਿਤਧਾਰੀ ਹੋ ਕੇ ਗੁਰੂ ਵਾਲੇ ਬਣੀਏ ਇਹੀ ਸਾਡੀ ਸੱਚੀ ਸ਼ਰਧਾਂਜਲੀ ਸੰਤਾਂ ਮਹਾਂਪੁਰਸ਼ਾਂ ਨੂੰ ਹੋਵੇਗੀ। ਕਵੀਸ਼ਰ ਅਤੇ ਹੋਰ ਸੰਤਾਂ ਮਹਾਂਪੁਰਸ਼ਾਂ ਨੂੰ ਸੰਤ ਬਾਬਾ ਸੱਜਣ ਸਿੰਘ ਵੱਲੋਂ ਸਰਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਤਾਰਪੁਰ, ਸਰਬਦੀਪ ਸਿੰਘ ਕੈਨੇਡਾ, ਗੁਰਦੇਵ ਸਿੰਘ ਯੂਐੱਸਏ, ਨਿੰਦਰ ਸਿੰਘ ਭੋਏ, ਬਾਬਾ ਰਾਜਾ ਬੁਲਾਰਾ, ਰਣਜੀਤ ਸਿੰਘ ਰਾਣਾ ਬਾਬੋਵਾਲ, ਬਾਬਾ ਜੱਸਾ ਸਿੰਘ, ਬਾਬਾ ਸੁੱਖਾ ਸਿੰਘ, ਜਗਰੂਪ ਸਿੰਘ, ਜੁਗਰਾਜ ਸਿੰਘ, ਜੋਬਨ ਸਿੰਘ, ਬਾਜ ਸਿੰਘ ਤੇ ਹੋਰ ਆਗੂ ਵੀ ਹਾਜ਼ਰ ਸਨ।

# ਪਾਵਨ ਸਰੂਪਾਂ ਨੂੰ ਸੂਚੀਬੱਧ ਕਰਨ ਲਈ ਕਿਊ ਆਰ ਕੋਡ ਲਗਾ ਕੇ ਹੋਵੇਗੀ ਛਪਾਈ : ਧਾਮੀ

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਿੰਨ ਸਰਾਵਾਂ ਨੂੰ ਦੋ ਮੰਜ਼ਲ ਤੱਕ ਹੋਰ ਵਧਾਇਆ ਜਾਵੇਗਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਇਕੱਤਰਤਾ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਕਈ ਅਹਿਮ ਫੈਸਲੇ ਲਏ ਗਏ।ਇਕੱਤਰਤਾ ਮਗਰੋਂ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਵੱਲੋਂ ਆਉਣ ਵਾਲੀਆਂ ਸ਼ਤਾਬਦੀਆਂ ਦੀ ਰੂਪ-ਰੇਖਾ ਉਲੀਕਣ ਦੇ ਨਾਲ-ਨਾਲ ਕਈ ਹੋਰ ਫੈਸਲੇ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਅੱਗੇ ਤੋਂ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਸਮੇਂ ਨਵੀਂ ਤਕਨੀਕ ਅਨੁਸਾਰ ਕਿਊ. ਆਰ. ਕੋਡ ਲਗਾ ਕੇ ਗਿਣਤੀ ਅਤੇ ਹੋਰ ਜਾਣਕਾਰੀਆਂ ਨੂੰ ਸੂਚੀਬੱਧ ਕੀਤਾ ਜਾਵੇਗਾ।ਇਸ ਦੇ ਨਾਲ ਹੀ ਪਹਿਲਾਂ ਤੋਂ ਗੁਰਦੁਆਰਾ ਸਾਹਿਬਾਨ ਵਿਚ ਸੁਸ਼ੋਭਿਤ ਅਤੇ ਸੰਗਤਾਂ ਪਾਸ ਮੌਜੂਦ ਪਾਵਨ ਸਰੂਪਾਂ ਨੂੰ ਵੀ ਇਸ ਵਿਧੀ ਨਾਲ ਜੋੜਨ ਦੇ ਯਤਨ ਕੀਤੇ ਜਾਣਗੇ।ਉਨ੍ਹਾਂ ਹੋਰ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਅਤੇ ਇਸ ਨਾਲ ਸਬੰਧਤ ਅਦਾਰਿਆਂ ਦੇ ਮੁਲਾਜ਼ਮਾਂ ਨੂੰ ਪੂਰੀ ਸਰਵਿਸ ਦੌਰਾਨ 2 ਸਾਲ ਤੱਕ ਦੀ ਹੀ ਵਿਦੇਸ਼ ਛੁੱਟੀ ਦਿੱਤੀ ਜਾਵੇਗੀ।ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਈਏਐੱਸ, ਆਈਪੀਐੱਸ, ਪੀਸੀਐੱਸ ਆਦਿ ਮੁਕਾਬਲਾ ਪ੍ਰੀਖਿਆਵਾਂ ਲਈ ਸਿੱਖ ਨੌਜੁਆਨਾਂ ਨੂੰ ਤਿਆਰ ਕਰਨ ਲਈ ਚਲਾਈ ਜਾ ਰਹੀ ਨਿਸ਼ਚੈ ਅਕੈਡਮੀ ਲਈ ਇਕ ਵਿਸ਼ਾਲ ਇਮਾਰਤ ਬਣਾਉਣ ਦਾ ਵੀ ਫੈਸਲਾ ਕੀਤਾ ਗਿਆ ਹੈ।ਇਹ ਇਮਾਰਤ ਗੁਰਦੁਆਰਾ ਬਾਗ ਸ਼ਹੀਦਾਂ ਸੈਕਟਰ 44 ਚੰਡੀਗੜ੍ਹ ਵਿਖੇ ਤਿਆਰ ਕੀਤੀ ਜਾਵੇਗੀ, ਜਿਸ ਲਈ ਮੁੱਢਲੇ ਤੌਰ 'ਤੇ 6.50 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤ ਦੀ ਰਿਹਾਇਸ਼ ਦੇ ਵਿਸਥਾਰ ਲਈ ਪਹਿਲਾਂ ਚੱਲ ਰਹੀਆਂ ਤਿੰਨ ਸਰਾਵਾਂ ਦੀਆਂ ਦੋ-ਦੋ ਮੰਜ਼ਲਾਂ ਹੋਰ ਤਿਆਰ ਕੀਤੀਆਂ ਜਾਣਗੀਆਂ।ਐਡਵੋਕੇਟ ਧਾਮੀ ਨੇ ਇਸ ਮੌਕੇ 325ਵੇਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸੰਗਤ ਨੂੰ ਅਪੀਲ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਮੁਤਾਬਕ ਹਰ ਸਿੱਖ ਆਪਣੇ ਘਰ 'ਤੇ ਖਾਲਸਾਈ ਝੰਡਾ ਜ਼ਰੂਰ ਝੁਲਾਵੇ।ਉਨ੍ਹਾਂ ਕਿਹਾ ਕਿ ਭਾਵੇਂ ਲੰਘੇ ਕੱਲ੍ਹ ਖਾਲਸਾ ਸਾਜਣਾ ਦਿਵਸ ਮਨਾਇਆ ਜਾ ਚੁੱਕਾ ਹੈ, ਪਰ ਕੌਮੀ ਸਮਰਪਣ ਦਾ ਅਹਿਸਾਸ ਕਰਦਿਆਂ ਹਰ ਸਿੱਖ ਪੂਰਾ ਅਪ੍ਰੈਲ ਮਹੀਨਾ ਆਪਣੇ ਘਰ 'ਤੇ ਖਾਲਸਈ ਨਿਸ਼ਾਨ ਜ਼ਰੂਰ ਝੁਲਾ ਕੇ ਰੱਖੇ।

## ਗੁਰੂ ਨਾਨਕ ਦੇਵ ਅਕੈਡਮੀ ਵਿਖੇ ਬੜੀ ਧੂਮਧਾਮ ਨਾਲ ਮਨਾਈ ਵਿਸਾਖੀ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਬਾਬਾ ਜਗਤਾਰ ਸਿੰਘ ਅਤੇ ਬਾਬਾ ਮਹਿੰਦਰ ਸਿੰਘ ਦੀ ਰਹਿਨੁਮਾਈ ਅਤੇ ਪ੍ਰਿੰ. ਮੈਡਮ ਜਸਪਾਲ ਕੌਰ ਸਿੱਧੂ ਦੀ ਅਗਵਾਈ ਹੇਠ ਚਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਨਾਨਕ ਦੇਵ ਅਕੈਡਮੀ, ਪਿੰਡ ਨੂਰਦੀ, ਝਬਾਲ ਰੋਡ, ਜ਼ਿਲ੍ਹਾ ਤਰਨ ਤਾਰਨ ਵਿਖੇ ਵਿਸਾਖੀ ਦਾ ਤਿਓਹਾਰ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ।ਜਮਾਤ ਨਰਸਰੀ ਤੋਂ ਪਹਿਲੀ ਕਲਾਸ ਤੱਕ ਦੇ ਵਿਦਿਆਰਥੀਆਂ ਵੱਲੋਂ ਖਾਲਸੇ ਦਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਸੰਬੰਧ ਵਿੱਚ ਪ੍ਰੋਗਰਾਮ ਕਰਵਾਇਆ ਗਿਆ।ਇਸ ਮੌਕੇ ਵਿਦਿਆਰਥੀ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਹੋਏ ਪੰਜਾਬੀ ਪਹਿਰਾਵੇ ਵਿੱਚ ਸਕੂਲ ਆਏ।ਬੱਚਿਆਂ ਨੇ ਸਿਰਾਂ ਤੇ ਕੇਸਰੀ ਦਸਤਾਰਾਂ ਸਜਾ ਕੇ ਗੁਰਬਾਣੀ ਦਾ ਉਚਾਰਣ ਕਰਕੇ ਖਾਲਸੇ ਦਾ ਸਥਾਪਨਾ ਦਿਵਸ ਮਨਾਇਆ।ਧਾਰਮਿਕ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਗੁਰਬਾਣੀ ਅਤੇ ਪੰਜ ਕੱਕਾਰਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ।ਇਸ ਮੌਕੇ ਸਕੂਲ ਦੇ ਪ੍ਰਿੰ. ਜਸਪਾਲ ਕੌਰ ਸਿੱਧੂ ਨੇ ਸਾਰਿਆਂ ਵਿਦਿਆਰਥੀਆਂ ਅਤੇ ਸਟਾਫ਼ ਨੂੰ ਵਿਸਾਖੀ ਦੀ ਵਧਾਈ ਦਿੱਤੀ ਅਤੇ ਗੁਰੂ ਗੋਬਿੰਦ ਸਿੰਘ ਦੇ ਦੱਸੇ ਹੋਏ ਕਦਮਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ।ਇਹ ਸੰਸਥਾ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹੀ ਹੈ।ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਵਿਦਿਆਰਥੀਆਂ ਦੁਆਰਾ ਕੀਤਾ ਗਿਆ।ਪ੍ਰਿੰਸੀਪਲ ਮੈਡਮ ਜਸਪਾਲ ਕੌਰ ਸਿੱਧੂ ਨੇ ਵਿਦਿਆਰਥੀਆਂ ਨੂੰ ਆਪਣੇ ਅਮੀਰ ਸੱਭਿਆਚਾਰਕ ਵਿਰਸੇ 'ਤੇ ਮਾਣ ਕਰਨ ਅਤੇ ਆਖਰੀ ਸਾਹ ਤੱਕ ਇਸ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।ਸਮਾਗਮ ਦੀ ਸਮਾਪਤੀ ਧੰਨਵਾਦ ਦੇ ਮਤੇ ਨਾਲ ਹੋਈ।

## ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਸ਼ੁਰੂ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਇਤਿਹਾਸ ਦੀਆਂ ਦੋ ਅਹਿਮ ਸ਼ਤਾਬਦੀਆਂ ਸ੍ਰੀ ਗੁਰੂ ਰਾਮਦਾਸ ਜੀ ਦਾ 450 ਸਾਲਾ ਗੁਰਤਾਗੱਦੀ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦਾ 450 ਸਾਲਾ ਜੋਤੀ-ਜੋਤਿ ਦਿਵਸ ਕੌਮੀ ਜਾਹੋ-ਜਲਾਲ ਨਾਲ ਮਨਾਉਣ ਲਈ ਸਮਾਗਮਾਂ ਦੀ ਆਰੰਭਤਾ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਤੋਂ ਪੰਥਕ ਰਵਾਇਤਾਂ ਅਨੁਸਾਰ ਕੀਤੀ ਗਈ।ਇਹ ਸ਼ਤਾਬਦੀ ਦਿਹਾੜੇ 16 ਤੋਂ 18 ਸਤੰਬਰ 2024 ਦੌਰਾਨ ਮਨਾਏ ਜਾਣੇ ਹਨ।ਸਮਾਗਮਾਂ ਦੀ ਆਰੰਭਤਾ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਵਿਸ਼ਾਲ ਅੰਮ੍ਰਿਤ ਸੰਚਾਰ ਹੋਇਆ, ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਨੇ ਵੀ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ।ਇਸ ਅੰਮ੍ਰਿਤ ਸੰਚਾਰ ਦੌਰਾਨ 491 ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ, ਜਿਨ੍ਹਾਂ ਨੂੰ ਕਕਾਰ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਦਿੱਤੇ ਗਏ।ਇਸ ਤੋਂ ਇਲਾਵਾ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਸ਼ਤਾਬਦੀ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਵਿਸ਼ੇਸ਼ ਦਫ਼ਤਰ ਦਾ ਵੀ ਉਦਘਾਟਨ ਕੀਤਾ ਗਿਆ।ਇਸ ਮੌਕੇ ਪੁੱਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸਿੱਖ ਕੌਮ ਵੱਲੋਂ ਸ਼ਤਾਬਦੀ ਦਿਹਾੜੇ ਖਾਲਸਈ ਜਾਹੋ-ਜਲਾਲ ਨਾਲ ਮਨਾਏ ਜਾਂਦੇ ਹਨ ਅਤੇ ਇਨ੍ਹਾਂ ਦੋਹਾਂ ਸ਼ਤਾਬਦੀਆਂ ਦੇ ਸਮਾਗਮ ਵੀ ਇਤਿਹਾਸਕ ਹੋਣਗੇ।ਇਸੇ ਦੌਰਾਨ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਲੰਗਰ ਹਾਲ ਤਿਆਰ ਕਰਨ ਦੀ ਸੇਵਾ ਵੀ ਸ਼ੁਰੂ ਕੀਤੀ ਗਈ।ਇਸ ਮੌਕੇ ਧਾਮੀ ਤੋਂ ਇਲਾਵਾ ਜੂਨੀਅਰ ਮੀਤ ਪ੍ਰਧਾਨ ਭਾਈ ਗੁਰਬਖ਼ਸ਼ ਸਿੰਘ ਖਾਲਸਾ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਸਾਬਕਾ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ, ਅੰਤ੍ਰਿੰਗ ਮੈਂਬਰ ਖੁਸ਼ਵਿੰਦਰ ਸਿੰਘ ਭਾਟੀਆ, ਜਸਵੰਤ ਸਿੰਘ ਪੁੜੈਣ, ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਬਾਵਾ ਸਿੰਘ ਗੁਮਾਨਪੁਰਾ, ਗੁਰਬਚਨ ਸਿੰਘ ਕਰਮੂਵਾਲਾ, ਅਮਰਜੀਤ ਸਿੰਘ ਬੰਡਾਲਾ, ਗੁਰਮੀਤ ਸਿੰਘ ਬੂਹ, ਬੀਬੀ ਗੁਰਿੰਦਰ ਕੌਰ ਭੋਲੂਵਾਲ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸੁਖਵਰਸ਼ ਸਿੰਘ ਪੰਨੂ, ਬਲਤੇਜ ਸਿੰਘ ਖੋਖ, ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀਵਾਲੇ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਬਾਬਾ ਗੁਰਪ੍ਰੀਤ ਸਿੰਘ ਖਡੂਰ ਸਾਹਿਬ, ਸਕੱਤਰ ਪ੍ਰਤਾਪ ਸਿੰਘ, ਓਐੱਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਕੁਲਵਿੰਦਰ ਸਿੰਘ ਰਮਦਾਸ, ਗੁਰਿੰਦਰ ਸਿੰਘ ਮਥਰੇਵਾਲ, ਤੇਜਿੰਦਰ ਸਿੰਘ ਪੱਡਾ ਤੇ ਹੋਰ ਮੌਜੂਦ ਸਨ।

# ਮਾਤਾ ਚਮੁੰਡਾ ਦੇਵੀ ਦਾ ਦੋ ਰੋਜ਼ਾ ਮੇਲਾ ਅੱਜ ਤੋਂ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਇਤਿਹਾਸਕ ਕਸਬਾ ਚਵਿੰਡਾ ਦੇਵੀ ਸਥਿੱਤ ਮਾਤਾ ਮੰਦਰ ਚਮੁੰਡਾ ਦੇਵੀ ਵਿਖੇ ਇਸ ਵਾਰ ਚੇਤ ਦੇ ਮਹੀਨੇ ਦਿਨ ਮੰਗਲਵਾਰ, ਬੁੱਧਵਾਰ ਤੋਂ ਦੋ ਰੋਜ਼ਾ ਇਤਿਹਾਸਿਕ ਮੇਲਾ ਸ਼ੁਰੂ ਹੋ ਰਿਹਾ ਹੈ।ਇਹ ਇਤਿਹਾਸਿਕ ਮੰਦਰ ਇਸ ਵੇਲੇ ਪ੍ਰਸ਼ਾਸਨ ਹੇਠ ਰਿਸੀਵਰ-ਕਮ-ਤਹਿਸੀਲਦਾਰ ਮਜੀਠਾ ਤਰਲੋਚਨ ਸਿੰਘ ਦੀ ਰਹਿਨੁਮਾਈ ਹੇਠ ਦੇਖ-ਰੇਖ 'ਚ ਚੱਲ ਰਿਹਾ ਹੈ।ਇਸ ਦੋ ਰੋਜ਼ਾ ਮੇਲੇ ਸਬੰਧੀ ਜਦ ਤਹਿਸੀਲਦਾਰ ਮਜੀਠਾ ਤਰਲੋਚਨ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਸ ਦੋ ਦਿਨ ਚੱਲਣ ਵਾਲੇ ਮੇਲੇ ਦੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਮੰਦਰ ਦੇ ਅੰਦਰ, ਬਾਹਰ, ਲੰਗਰ ਹਾਲ ਅਤੇ ਮੰਦਰ ਦੇ ਆਲੇ-ਦੁਆਲੇ ਪੂਰੇ ਮੰਦਰ ਨੂੰ ਸੀਸੀਟੀਵੀ ਦੇ ਅਧੀਨ ਲਿਆਂਦਾ ਗਿਆ ਹੈ। ਤਰਲੋਚਨ ਸਿੰਘ ਨੇ ਕਿਹਾ ਕਿ ਇਸ ਮੇਲੇ ਵਿੱਚ ਹਜ਼ਾਰਾਂ ਦੀ ਤਾਦਾਦ 'ਚ ਪਹੁੰਚ ਰਹੀਆਂ ਸੰਗਤਾਂ ਲਈ ਮੰਦਰ ਵਿੱਚ ਲੱਗੇ ਰਿਸੀਵਰ ਵੱਲੋਂ ਵੱਖ-ਵੱਖ ਤਰ੍ਹਾਂ ਦੇ ਲੰਗਰਾਂ ਅਤੇ ਠਹਿਰਨ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ ਤੇ ਮੰਦਰ ਨੂੰ ਲਾਈਟਾਂ ਨਾਲ ਵੀ ਬਹੁਤ ਸੁੰਦਰ ਸਜਾਇਆ ਗਿਆ ਹੈ।ਇਸ ਮੇਲੇ ਸਬੰਧੀ ਜਦ ਪੁਲਸ ਥਾਣਾ ਕੱਥੂਨੰਗਲ ਦੇ ਐੱਸਐੱਚਓ ਸੁਰਿੰਦਰਪਾਲ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਮੇਲੇ ਵਿੱਚ ਕਿਸੇ ਵੀ ਗਲਤ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ।ਇਸ ਮੌਕੇ ਮੰਦਰ ਦੇ ਸੁਪਰਵਾਈਜ਼ਰ ਲਵਜੀਤ ਸਿੰਘ ਲਵ ਨੇ ਕਿਹਾ ਕਿ ਮੇਲੇ ਵਿੱਚ ਲੱਗਣ ਵਾਲੀਆਂ ਦੁਕਾਨਾਂ ਦੀ ਵੰਡ ਵੀ ਸ਼ਾਂਤਮਈ ਢੰਗ ਨਾਲ ਕਰ



ਦਿੱਤੀ ਗਈ ਹੈ ਅਤੇ ਰਿਸੀਵਰ ਕਮ ਤਹਿਸੀਲਦਾਰ ਮਜੀਠਾ ਵੱਲੋਂ ਇਸ ਵਾਰ ਇਸ ਮੇਲੇ ਵਿੱਚ ਪ੍ਰਸ਼ਾਸਨ ਵੱਲੋਂ ਮਹੀਕਮੇ ਦੀਆਂ ਡਿਊਟੀਆਂ ਲਗਾ ਦਿੱਤੀਆਂ ਹਨ ਤਾਂ ਜੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਕਿਸੇ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਬਲਵਿੰਦਰ ਸ਼ਰਮਾ, ਸੁਪਰਵਾਈਜ਼ਰ ਲਵਜੀਤ ਸਿੰਘ ਲਵ, ਚੌਕੀ ਇੰਚਾਰਜ ਚਵਿੰਡਾ ਦੇਵੀ ਨਰਿੰਦਰਪਾਲ ਸਿੰਘ, ਮੁਨਸ਼ੀ ਚਰਨਜੀਤ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਪੰਡਿਤ ਰਾਜੂ, ਪੰਡਿਤ ਸ਼ਾਮ, ਪੰਡਿਤ ਗੋਲੂ, ਪੰਡਿਤ ਭਰਤ ਲਾਲ ਆਦਿ ਹਾਜ਼ਰ ਸਨ।

## ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਾ ਤਿਉਹਾਰ ਮਨਾਇਆ



**ਬਟਾਲਾ (ਡਾ. ਮਲਵਿੰਦਰ ਸਿੰਘ)**-ਬੀਤੇ ਦਿਨ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਾ ਤਿਉਹਾਰ ਗੁਰਦੁਆਰਾ ਸਿੰਘ ਸਭਾ (ਰਜਿ) ਸ਼ਾਸਤਰੀ ਨਗਰ ਬਟਾਲਾ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ।ਸਮਾਪਤੀ ਮੌਕੇ ਪ੍ਰਬੰਧਕ ਕਮੇਟੀ ਗੁਰਦੁਆਰਾ ਸਿੰਘ ਸਭਾ ਕਮੇਟੀ ਜਿਨ੍ਹਾਂ ਵਿੱਚ ਪ੍ਰਧਾਨ ਸੁਲੱਖਣ ਸਿੰਘ, ਕਰਤਾਰ ਸਿੰਘ ਸੀਨੀਅਰ ਮੀਤ ਪ੍ਰਧਾਨ, ਬਾਵਾ ਸਿੰਘ ਜਨਰਲ ਸਕੱਤਰ, ਪ੍ਰੀਤਮ ਸਿੰਘ ਜਨਰਲ ਸਕੱਤਰ, ਸਵਿੰਦਰ ਸਿੰਘ ਕੈਸ਼ੀਅਰ, ਕੁਲਦੀਪ ਸਿੰਘ ਥਾਣੇਦਾਰ, ਹਰਪਾਲ ਸਿੰਘ ਮੀਤ ਪ੍ਰਧਾਨ, ਕੁਲਵੰਤ ਸਿੰਘ ਐੱਮਸੀ ਅਤੇ ਹੋਰਨਾਂ ਵੱਲੋਂ ਕੁਝ ਮਾਨਯੋਗ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ।ਰਾਗੀ ਜਥੇ ਵੱਲੋਂ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਭੋਗ ਪੈਣ ਉਪਰੰਤ ਆਈਆਂ ਸੰਗਤਾਂ ਨੂੰ ਗੁਰੂ ਦਾ ਲੰਗਰ ਛਕਾਇਆ ਗਿਆ। ਜਥੇਦਾਰ ਕਰਤਾਰ ਸਿੰਘ ਸੀਨੀਅਰ ਮੀਤ ਪ੍ਰਧਾਨ ਅਤੇ ਬਾਬਾ ਸਿੰਘ ਸਕੱਤਰ ਜਨਰਲ ਨੇ ਵਿਸਾਖੀ ਅਤੇ ਸਾਜਨਾ ਦਿਵਸ ਬਾਰੇ ਖੁੱਲ੍ਹ ਕੇ ਚਾਨਣਾ ਪਾਇਆ ਅਤੇ ਸੰਗਤਾਂ ਨੂੰ ਇਸ ਦੀ ਮਹੱਤਤਾ ਬਾਰੇ ਦੱਸਿਆ।

## ਗੁਰਦਾਸਪੁਰ-ਬਹਿਰਾਮਪੁਰ ਸੜਕ ਵਿਚਕਾਰ ਪਏ ਟੋਏ ਦੇ ਰਹੇ ਹਨ ਹਾਦਸਿਆਂ ਨੂੰ ਸੱਦਾ



**ਗੁਰਦਾਸਪੁਰ (ਜਨਕ ਮਹਾਜਨ)**-ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਣ ਵਾਲੀ ਸੜਕ ਵਿਚਕਾਰ ਪਿੰਡ ਮਿਆਨੀ ਝਮੇਲਾ ਨਜ਼ਦੀਕ ਵੱਡੇ-ਵੱਡੇ ਟੋਏ ਪੈਣ ਕਾਰਨ ਇਥੋਂ ਦੀ ਗੁਜ਼ਰਨ ਵਾਲੇ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੜਕ ਵਿਚਕਾਰ ਪਏ ਟੋਇਆਂ ਵਿਚ ਵਰਖਾ ਦਾ ਪਾਣੀ ਖੜ੍ਹਾ ਹੋਣ ਨਾਲ ਵਾਹਨਾਂ ਦਾ ਇਥੋਂ ਲੰਘਣਾ ਬੇਹੱਦ ਔਖਾ ਹੋ ਜਾਂਦਾ ਹੈ ਅਤੇ ਕਈ ਵਾਰ ਵਾਹਨ ਚਾਲਕ ਇਨ੍ਹਾਂ ਟੋਇਆਂ ਵਿਚ ਡਿਗ ਕੇ ਸੱਟਾਂ ਵੀ ਲਗਵਾ ਚੁੱਕੇ ਹਨ। ਇਸ ਪਾਸੇ ਸਬੰਧਿਤ ਵਿਭਾਗ ਦਾ ਧਿਆਨ ਨਾ ਹੋਣ ਕਾਰਨ ਲੋਕਾਂ ਦਾ ਵਿਭਾਗ ਪ੍ਰਤੀ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਇਲਾਕਾ ਵਾਸੀਆਂ ਨੇ ਦੱਸਿਆ ਕਿ ਗੁਰਦਾਸਪੁਰ ਤੋਂ ਬਹਿਰਾਮਪੁਰ ਜਾਣ ਲਈ ਸੜਕ 'ਤੇ ਪਿੰਡ ਮਿਆਨੀ ਝਮੇਲਾ ਕੋਲ ਕਾਫ਼ੀ ਵੱਡੇ ਟੋਏ ਹੋਏ ਹਨ। ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਤੇ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਣ ਵਾਲੀ ਸੜਕ ਵਿਚਕਾਰ ਪਏ ਟੋਇਆਂ ਦੀ ਮੁਰੰਮਤ ਪਹਿਲ ਦੇ ਆਧਾਰ 'ਤੇ ਕਾਰਵਾਈ ਜਾਵੇ ਤਾਂ ਜੋ ਇਥੋਂ ਲੰਘਣ ਵਾਲੇ ਰਾਹਗੀਰਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

## ਵਿਸਾਖੀ ਦਿਹਾੜੇ ਨੂੰ ਸਮਰਪਿਤ ਸਮਾਗਮ ਕਰਵਾਇਆ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**-ਸ੍ਰੀ ਗੁਰੂ ਰਾਮਦਾਸ ਗਰੁੱਪ ਆਫ ਇੰਸਟੀਚਿਊਸ਼ਨਜ਼ ਪੰਧੇਰ ਵਿਖੇ ਵਿਸਾਖੀ ਦਿਹਾੜੇ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਕੈਂਪਸ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ ਸਮਾਗਮ ਵਿੱਚ ਸ੍ਰੀ ਗੁਰੂ ਰਾਮਦਾਸ ਨਰਸਿੰਗ ਇੰਸਟੀਚਿਊਟ, ਸ੍ਰੀ ਗੁਰੂ ਰਾਮਦਾਸ ਡਿਗਰੀ ਕਾਲਜ ਪੰਧੇਰ, ਸ੍ਰੀ ਗੁਰੂ ਰਾਮਦਾਸ ਕਾਲਜ ਆਫ ਐਜੂਕੇਸ਼ਨ ਪੰਧੇਰ ਅਤੇ ਸ੍ਰੀ ਗੁਰੂ ਰਾਮਦਾਸ ਫਾਰਮੇਸੀ ਕਾਲਜ ਪੰਧੇਰ ਦੇ ਵਿਦਿਆਰਥੀਆਂ ਅਤੇ ਸਟਾਫ਼ ਵੱਲੋਂ ਸ਼ਮੂਲੀਅਤ ਕੀਤੀ ਗਈ।ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਕਾਲਜ ਦੇ ਵੱਖ-ਵੱਖ ਵਿਭਾਗਾਂ ਨਾਲ ਸੰਬੰਧਿਤ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਵਿਸਾਖੀ ਦਿਹਾੜੇ ਨੂੰ ਸਮਰਪਿਤ ਧਾਰਮਿਕ ਪ੍ਰੋਗਰਾਮ ਪੇਸ਼ ਕੀਤੇ ਗਏ ਜਿਸ ਵਿਚ ਵਿਸਾਖੀ ਦਿਹਾੜੇ ਦੇ ਇਤਿਹਾਸ ਬਾਰੇ ਵਿਦਿਆਰਥੀਆਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰ. ਡਾ. ਅਨਮੋਲਦੀਪ ਕੌਰ, ਪ੍ਰਿੰ. ਡਾ. ਮੀਨੂ ਚੌਧਰੀ, ਪ੍ਰਿੰ. ਡਾ. ਰਵਿੰਦਰ ਰਾਣਾ ਵੱਲੋਂ ਵੀ ਸੰਬੋਧਨ ਕੀਤਾ ਗਿਆ। ਇਸ ਮੌਕੇ ਸਾਰੇ ਕਾਲਜਾਂ ਦੇ ਸਮੂਹ ਵਿਦਿਆਰਥੀ ਅਤੇ ਸਟਾਫ਼ ਮੈਂਬਰ ਹਾਜ਼ਰ ਸਨ।

## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਬੱਚਿਆਂ ਦੇ ਦਸਤਾਰ ਮੁਕਾਬਲੇ ਕਰਵਾਏ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਹੇਠ ਇਲਾਕੇ ਦੀ ਨਾਮਵਰ ਸੰਸਥਾ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਤਰਨ ਤਾਰਨ ਵਿਖੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਗਏ।ਇਸ ਮੁਕਾਬਲੇ ਵਿੱਚ ਤਰਨ ਤਾਰਨ ਜ਼ੋਨ ਬੀ ਦੇ ਸੱਤ ਸਕੂਲਾਂ ਨੇ ਭਾਗ ਲਿਆ ਜਿਸ ਵਿੱਚ ਤਰਨ ਤਾਰਨ, ਪੱਟੀ, ਸੁਰ ਸਿੰਘ, ਨੌਸ਼ਹਿਰਾ ਪਨੂੰਆਂ, ਘਸੀਟਪੁਰ, ਬੁਰਜ ਮਹਾਰਾਣਾ ਅਤੇ ਆਸਲ ਉਤਾੜ ਸਕੂਲ ਸ਼ਾਮਿਲ ਹਨ।ਇਸ ਮੁਕਾਬਲੇ ਵਿੱਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਝਬਾਲ ਦੇ ਧਾਰਮਿਕ ਅਧਿਆਪਕ ਹਰਪਾਲ ਸਿੰਘ ਅਤੇ ਪਰਮਜੀਤ ਸਿੰਘ ਨੇ ਦੇਖ-ਰੇਖ ਦਾ ਅਤੇ ਯੋਗ ਅਗਵਾਈ ਵਜੋਂ ਕੰਮ ਕੀਤਾ।ਇਸ ਮੁਕਾਬਲੇ ਵਿੱਚ ਜੱਜਾਂ ਵਜੋਂ ਬੁਰਜ ਮਹਾਰਾਣਾ ਸਕੂਲ ਦੇ ਧਾਰਮਿਕ ਅਧਿਆਪਕ ਤਰਸੀਰ ਸਿੰਘ ਵੀ ਹਾਜ਼ਰ ਸਨ।ਸਕੂਲ ਵਿੱਚ ਪਹੁੰਚੇ ਮਹਿਮਾਨਾਂ ਦਾ ਸਕੂਲ ਦੀ ਪ੍ਰਿੰ. ਰਣਜੀਤ ਕੌਰ ਭਾਟੀਆ ਨੇ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ।ਇਸ ਤੋਂ ਬਾਅਦ ਤਰਸੀਰ ਸਿੰਘ ਨੇ ਪ੍ਰਤੀਯੋਗੀਆਂ ਦੇ ਸਾਹਮਣੇ ਦਸਤਾਰ ਸਜਾਉਣ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਖਾਲਸਾ ਸਾਜਨਾ ਦਿਵਸ ਦੀ ਮਹੱਤਤਾ ਬਾਰੇ ਵੀ ਦੱਸਿਆ।ਸਭ ਮੁਕਾਬਲੇਬਾਜ਼ਾਂ ਵਿੱਚ ਦਸਤਾਰ ਸਜਾਉਣ ਲਈ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।ਸੱਤ ਸਕੂਲਾਂ ਦੇ ਜੇਤੂਆਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ ਅਤੇ ਜੇਤੂਆਂ ਨੂੰ ਧਰਮ ਪ੍ਰਚਾਰ ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਪਰਮਜੀਤ ਸਿੰਘ ਅਤੇ ਹਰਪਾਲ ਸਿੰਘ ਨੇ ਬੱਚਿਆਂ ਵੱਲੋਂ ਦਸਤਾਰਾਂ ਬੰਨ੍ਹਣ ਦੇ ਤਰੀਕੇ ਦੀ ਸ਼ਲਾਘਾ ਕੀਤੀ ਅਤੇ ਆਪਣੇ ਸਿੱਖੀ ਸਰੂਪ ਵਿੱਚ ਸਦਾ ਕਾਇਮ ਰਹਿਣ ਦੀ ਮਹੱਤਤਾ ਬਾਰੇ ਦੱਸਿਆ।ਮੁਕਾਬਲੇ ਉਪਰੰਤ ਸਕੂਲ ਦੀ ਪ੍ਰਿੰ. ਰਣਜੀਤ ਕੌਰ ਭਾਟੀਆ ਨੇ ਆਏ ਹੋਏ ਮਹਿਮਾਨਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ।ਵਧੀਕ ਆਨਰੇਰੀ ਸਕੱਤਰ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ, ਪ੍ਰਧਾਨ ਲੋਕਲ ਕਮੇਟੀ ਅਤੇ ਮੈਂਬਰ ਇੰਚਾਰਜ ਹਰਜੀਤ ਸਿੰਘ ਨੇ ਜੇਤੂਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਦਸਤਾਰ ਸਾਡੇ ਗੁਰੂ ਵੱਲੋਂ ਸਾਡੇ ਲਈ ਇੱਕ ਤੋਹਫਾ ਹੈ ਅਤੇ ਇਹ ਸਿੱਖ ਦੇ ਸਿਰ ਦਾ ਮਾਣ ਹੈ।ਸਕੂਲ ਦੇ ਮੈਂਬਰ ਇੰਚਾਰਜ ਰਣਦੀਪ ਸਿੰਘ ਨੇ ਵੀ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਗੁਰੂ ਜੀ ਵੱਲੋਂ ਦਿੱਤੀ ਦਸਤਾਰ ਬੰਨ੍ਹਣ ਲਈ ਪ੍ਰੇਰਿਤ ਕੀਤਾ।

## ਜਾਤੀ-ਸੂਚਕ ਸ਼ਬਦ ਬੋਲਣ ਦੀ ਜ਼ੋਰਦਾਰ ਨਿਖੇਧੀ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਓਬੀਸੀ ਜਾਤੀਆਂ ਦੇ ਖਿਲਾਫ ਜਾਤੀ-ਸੂਚਕ ਸ਼ਬਦ ਬੋਲਣ ਦੀ ਜ਼ੋਰਦਾਰ ਨਿੰਦਾ ਕੀਤੀ ਅਤੇ ਜਨਤਕ ਤੌਰ 'ਤੇ ਮਾਫੀ ਮੰਗਣ ਦੀ ਮੰਗ ਕੀਤੀ।ਇਹ ਬਿਆਨ ਅੱਜ ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ



ਪ੍ਰਧਾਨ ਮਨਜੀਤ ਸਿੰਘ ਬੱਗੂ, ਜ਼ਿਲ੍ਹਾ ਸਕੱਤਰ ਦਲਜੀਤ ਸਿੰਘ ਦਿਆਲਪੁਰਾ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ, ਨਰਿੰਦਰ ਸਿੰਘ ਰਟੌਲ ਨੇ ਜਾਰੀ ਕਰਦਿਆਂ ਦਿੱਤਾ।ਇਨ੍ਹਾਂ ਆਗੂਆਂ ਨੇ ਕਿਹਾ ਕਿ ਕੈਬਨਿਟ ਮੰਤਰੀ ਨੂੰ ਕਿਸੇ ਵੀ ਜਾਤੀ ਦੇ ਖਿਲਾਫ਼ ਬੋਲਣ ਦਾ ਕੋਈ ਹੱਕ ਨਹੀਂ।ਮੰਤਰੀ ਨੂੰ ਕੁਰਸੀ ਦਾ ਨਸ਼ਾ ਚੜ੍ਹਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਤੁਸੀਂ ਜਾਤੀ-ਸੂਚਕ ਸ਼ਬਦ ਬੋਲਦੇ ਹੋ, ਉਨ੍ਹਾਂ ਦੀਆਂ ਵੋਟਾਂ ਨਾਲ ਹੀ ਤੁਸੀਂ ਰਾਜਭਾਗ ਸੰਭਾਲ ਕੇ ਬੈਠੇ ਹੋ।ਇਨ੍ਹਾਂ ਆਗੂਆਂ ਨੇ ਕਿਹਾ ਕਿ ਨੁਕਤਾਚੀਨੀ ਨੀਤੀਆਂ 'ਤੇ ਹੋਣੀ ਚਾਹੀਦੀ ਹੈ ਨਾ ਕਿ ਕਿਸੇ 'ਤੇ ਨਿੱਜੀ ਹਮਲਾ ਕਰਕੇ।ਇਨ੍ਹਾਂ ਆਗੂਆਂ ਨੇ ਕਿਹਾ ਕਿ ਆਮ ਲੋਕਾਂ ਦੀ ਪਾਰਟੀ ਅਖਵਾਉਣ ਵਾਲੀ ਪਾਰਟੀ ਦੇ ਮੁੱਖੀ ਭਗਵੰਤ ਸਿੰਘ ਮਾਨ ਨੂੰ ਸਖਤ ਐਕਸ਼ਨ ਲੈਣਾ ਚਾਹੀਦਾ ਹੈ।ਓਬੀਸੀ ਜਾਤੀ ਦੇ ਖਿਲਾਫ ਬੋਲਣ ਨਾਲ ਲੱਖਾਂ ਲੋਕਾਂ ਦੇ ਮਨਾਂ ਨੂੰ ਠੇਸ ਪਹੁੰਚੀ ਹੈ।ਇਨ੍ਹਾਂ ਆਗੂਆਂ ਨੇ ਚੋਣ ਕਮਿਸ਼ਨ ਤੋਂ ਵੀ ਕਾਰਵਾਈ ਦੀ ਮੰਗ ਕੀਤੀ।

## ਸਿਵਲ ਹਸਪਤਾਲ ਗੁਰਦਾਸਪੁਰ ਦਾ ਮੇਨ ਸੜਕ 'ਤੇ ਵੱਡਾ ਸਾਈਨ ਬੋਰਡ ਲਗਾਉਣ ਦੀ ਮੰਗ



**ਗੁਰਦਾਸਪੁਰ, (ਜਨਕ ਮਹਾਜਨ)**-ਪਠਾਨਕੋਟ-ਅੰਮ੍ਰਿਤਸਰ ਜੀ. ਟੀ. ਰੋਡ 'ਤੇ ਬਣੇ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਸੜਕ ਕੰਢੇ ਹਸਪਤਾਲ ਦਾ ਸਾਈਨ ਬੋਰਡ ਨਾ ਹੋਣ ਕਾਰਨ ਆਮ ਲੋਕਾਂ ਨੂੰ ਹਸਪਤਾਲ ਜਾਣ ਵੇਲੇ ਕਾਫ਼ੀ ਭੁਲੇਖਾ ਪੈ ਰਿਹਾ ਹੈ। ਇਸ ਸਬੰਧੀ ਲੋਕਾਂ ਨੇ ਦੱਸਿਆ ਕਿ ਉਹ ਸਿਵਲ ਹਸਪਤਾਲ ਗੁਰਦਾਸਪੁਰ ਜਾਣ ਲਈ ਜੀ. ਟੀ. ਰੋਡ ਰਾਹੀਂ ਆਪਣੀਆਂ ਗੱਡੀਆਂ 'ਤੇ ਜਾਂਦੇ ਹਨ ਤਾਂ ਸਿਵਲ ਹਸਪਤਾਲ ਗੁਰਦਾਸਪੁਰ ਦੇ ਸਾਈਨ ਵਾਲਾ ਵੱਡਾ ਬੋਰਡ ਨਾ ਹੋਣ ਕਾਰਨ ਕਈ ਵਾਰ ਭੁਲੇਖਾ ਖਾ ਕੇ ਅੱਗੇ ਲੰਘ ਜਾਂਦੇ ਹਨ। ਉਨ੍ਹਾਂ ਕਿਹਾ ਪਠਾਨਕੋਟ-ਅੰਮ੍ਰਿਤਸਰ ਜੀ. ਟੀ. ਰੋਡ 'ਤੇ ਵੱਡੀ ਗਿਣਤੀ ਵਿਚ ਵਾਹਨ ਤੇਜ਼ ਰਫ਼ਤਾਰ ਨਾਲ ਗੁਜ਼ਰਦੇ ਹਨ ਜਿਸ ਕਰਕੇ ਜਦੋਂ ਸਿਵਲ ਹਸਪਤਾਲ ਲੰਘਣ ਤੋਂ ਬਾਅਦ ਪਿੱਛੇ ਮੁੜਨਾ ਔਖਾ ਹੋ ਜਾਂਦਾ ਹੈ। ਲੋਕਾਂ ਨੇ ਦੱਸਿਆ ਕਿ ਇਹ ਹਸਪਤਾਲ ਬੱਬਰੀ ਸਥਿਤ ਸ਼ਹਿਰ ਗੁਰਦਾਸਪੁਰ ਤੋਂ ਲਗਭਗ 3,4 ਕਿੱਲੋਮੀਟਰ ਦੀ ਦੂਰੀ 'ਤੇ ਹੈ। ਲੋਕਾਂ ਦਾ ਕਹਿਣਾਂ ਹੈ ਕਿ ਸਿਵਲ ਹਸਪਤਾਲ ਮੇਨ ਸੜਕ ਤੋਂ ਥੋੜ੍ਹਾ ਹਟਵਾਂ ਹੈ। ਉਨ੍ਹਾਂ ਕਿਹਾ ਮੇਨ ਜੀ. ਟੀ. ਰੋਡ 'ਤੇ ਜਦੋਂ ਕੋਈ ਪਹਿਲੀ ਵਾਰ ਹਸਪਤਾਲ ਆਉਂਦਾ ਹੈ ਤਾਂ ਉਹ ਪੁੱਛ-ਪੁੱਛ ਕੇ ਹਸਪਤਾਲ ਪਹੁੰਚਦਾ ਹੈ। ਉਨ੍ਹਾਂ ਨੇ ਐੱਸਐੱਮਓ ਅਤੇ ਸਿਵਲ ਸਰਜਨ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਹਸਪਤਾਲ ਦੇ ਬਾਹਰ ਮੇਨ ਸੜਕ 'ਤੇ ਵੱਡਾ ਸਾਈਨ ਬੋਰਡ ਲਗਾਇਆ ਜਾਵੇ ਤਾਂ ਜੋ ਲੋਕਾਂ ਨੂੰ ਹਸਪਤਾਲ ਜਾਣ ਸਮੇਂ ਕੋਈ ਭੁਲੇਖਾਂ ਨਾ ਪਵੇ।

## ਮੋਬਾਇਲ ਫ਼ੋਨ ਤੇ ਸਾਮਾਨ ਚੋਰੀ ਕਰਨ ਵਾਲੇ ਚੜ੍ਹੇ ਪੁਲਸ ਅੜਿੱਕੇ, ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਮੋਬਾਇਲ ਅਤੇ ਮੋਬਾਇਲਾਂ ਦਾ ਸਾਮਾਨ ਚੋਰੀ ਕਰਨ ਵਾਲੇ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸੰਦੀਪ ਕੁਮਾਰ ਪੁੱਤਰ ਸ਼ਾਮ ਲਾਲ ਵਾਸੀ ਜੀਟੀ ਰੋਡ ਪੁਰਾਣੀ ਕਣਕ ਮੰਡੀ ਗੁਰਦਾਸਪੁਰ ਨੇ ਦੱਸਿਆ ਕਿ ਮੈਂ ਆਪਣੇ ਘਰ ਦੇ ਥੱਲੇ ਹੀ ਮਹਾਜਨ ਇਲੈਕਟਰੋਨਿਕ ਦੇ ਨਾਂਅ 'ਤੇ ਮੋਬਾਇਲ ਰਿਪੇਅਰ ਅਤੇ ਨਵੇਂ ਮੋਬਾਇਲ ਵੇਚਣ ਦਾ ਕੰਮ ਕਰਦਾ ਹਾਂ। 13 ਅਪ੍ਰੈਲ ਨੂੰ ਮੈਂ ਆਪਣੀ ਦੁਕਾਨ ਬੰਦ ਕਰਕੇ ਆਪਣੇ ਘਰ ਨੂੰ ਚਲਾ ਗਿਆ ਸੀ। 14 ਨੂੰ ਦੁਕਾਨ ਦਾ ਸ਼ਟਰ ਖੋਲ੍ਹਿਆ ਤਾਂ ਦੇਖਿਆ ਕਿ ਦੁਕਾਨ ਦੇ ਅੰਦਰੋਂ ਖਾਲੀ ਪਲਾਟ ਵਾਲੇ ਪਸਿਉਂ ਕਿਸੇ ਨਾ-ਮਾਲੂਮ ਵਿਅਕਤੀਆਂ ਵਲੋਂ ਕੰਧ ਪਾੜ ਕੇ ਦੁਕਾਨ ਦੇ ਅੰਦਰੋਂ ਨਵੇਂ ਟੱਚ ਅਤੇ ਕੀਪੈਡ ਵਾਲੇ ਮੋਬਾਇਲ ਫੋਨ ਅਤੇ ਗੱਲੇ ਵਿਚ ਪਈ ਨਕਦੀ ਚੋਰੀ ਕਰ ਲਈ ਗਈ। ਦੁਕਾਨ ਅੰਦਰ ਸੀਸੀਟੀਵੀ ਕੈਮਰੇ ਚੈੱਕ ਕਰਨ 'ਤੇ ਇਕ ਨੌਜਵਾਨ ਨਜ਼ਰ ਆਇਆ ਹੈ ਜੋ ਦੁਕਾਨ ਦੇ ਅੰਦਰੋਂ ਮੋਬਾਇਲ ਅਤੇ ਨਕਦੀ ਚੋਰੀ ਕਰ ਰਿਹਾ ਸੀ। ਇਸ ਸਬੰਧੀ ਤਫਤੀਸ਼ੀ ਅਫਸਰ ਐੱਸਆਈ ਸੁਸ਼ੀਲ ਕੁਮਾਰ ਨੇ ਪੁਲਸ ਪਾਰਟੀ ਸਮੇਤ ਕਥਿਤ ਦੋਸ਼ੀਆਂ ਅਮਨਦੀਪ ਅਮਨ ਪੁੱਤਰ ਪ੍ਰਕਾਸ਼ ਚੰਦ ਵਾਸੀ ਗੁਰਦਾਸਪੁਰ, ਕਮਲ ਕੁਮਾਰ ਸੋਨੂੰ ਪੁੱਤਰ ਰਮੇਸ਼ ਕੁਮਾਰ ਵਾਸੀ ਕਾਨਵਾਂ ਨੂੰ ਐੱਨਜੀਓ ਵਾਲੀ ਗਲੀ ਤੋਂ ਗ੍ਰਿਫ਼ਤਾਰ ਕਰਕੇ ਉਨ੍ਹਾਂ ਪਾਸੋਂ 14 ਮੋਬਾਇਲ ਟੱਚ ਸਕਰੀਨ ਅਤੇ ਕੀ-ਪੈਡ ਵਾਲੇ ਬਰਾਮਦ ਕੀਤੇ ਹਨ। ਪੁਲਸ ਨੇ ਉਕਤ ਦੋਸ਼ੀਆਂ ਖ਼ਿਲਾਫ਼ ਜ਼ੇਰੇ ਧਾਰਾ 457 ਅਤੇ 380 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਚੰਨੀ ਦਾ ਕਰਨਬੀਰ ਬੁਰਜ ਦੇ ਗ੍ਰਹਿ ਵਿਖੇ ਗਰਮਜੋਸ਼ੀ ਨਾਲ ਸੁਆਗਤ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਸਾਬਕਾ ਮੁੱਖ ਮੰਤਰੀ



ਚਰਨਜੀਤ ਸਿੰਘ ਚੰਨੀ ਹਲਕਾ ਤਰਨਤਾਰਨ ਵਿਖੇ ਕਾਂਗਰਸ ਪਾਰਟੀ ਦੇ ਸੀਨੀਅਰ ਸੂਬਾ ਆਗੂ ਕਰਨਬੀਰ ਸਿੰਘ ਕਰਨ ਬੁਰਜ ਦੇ ਫਾਰਮ ਹਾਊਸ ਖੈਰਦੀ ਵਿਖੇ ਪਹੁੰਚੇ ਜਿਥੇ ਵੱਡੀ ਗਿਣਤੀ ਵਿੱਚ ਇਕੱਤਰ ਕਾਂਗਰਸੀ ਵਰਕਰਾਂ ਨੇ ਕਰਨ ਬੁਰਜ ਦੀ ਅਗਵਾਈ ਹੇਠ ਚੰਨੀ ਨੂੰ ਜੀ ਆਇਆਂ ਕਹਿੰਦਿਆਂ ਸੁਆਗਤ ਕੀਤਾ ਅਤੇ ਹਲਕੇ ਵਿੱਚੋਂ ਕਾਂਗਰਸ ਨੂੰ ਵੱਡੀ ਲੀਡ ਨਾਲ ਜਿਤਾਉਣ ਦਾ ਵਿਸ਼ਵਾਸ ਦਿਵਾਇਆ।ਇਸ ਸਮੇਂ ਕਾਂਗਰਸੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਚੰਨੀ ਨੇ ਕਿਹਾ ਕਿ ਭਾਜਪਾ ਨੇ ਪੰਜਾਬ ਨਾਲ ਹਮੇਸ਼ਾ ਮਤਰੇਈ ਮਾਂ ਵਾਲਾ ਸਲੂਕ ਕੀਤਾ, ਹੱਕ ਮੰਗਦੇ ਕਿਸਾਨਾਂ 'ਤੇ ਲਾਠੀਆਂ ਤੇ ਗੋਲੀਆਂ ਚਲਾਈਆਂ, ਸਾਡੇ ਨੌਜਵਾਨਾਂ 'ਤੇ ਤਸ਼ੱਦਦ ਕਰਕੇ ਐੱਨਐੱਸਏ ਲਗਾ ਕੇ ਦੂਸਰੀਆਂ ਸਟੇਟਾਂ ਦੀਆਂ ਜੇਲਾਂ ਵਿੱਚ ਸੁੱਟੇ।ਇਕ ਸੁਆਲ ਦੇ ਜੁਆਬ ਵਿੱਚ ਚੰਨੀ ਨੇ ਕਿਹਾ ਕਿ ਤਰਨਤਾਰਨ ਹਲਕੇ ਵਿੱਚ ਕਾਂਗਰਸ ਦਾ ਇੰਚਾਰਜ ਨੌਜਵਾਨ ਕਰਨਬੀਰ ਸਿੰਘ ਬੁਰਜ ਨੂੰ ਲਗਾਉਣ ਲਈ ਹਾਈਕਮਾਂਡ ਕੋਲ ਸਿਫਾਰਸ਼ ਕਰਨਗੇ ਤਾਂ ਕਿ ਹਲਕੇ ਦੇ ਵਰਕਰ ਆਪਣੇ ਆਪ ਨੂੰ ਲਾਵਾਰਸ ਨਾ ਸਮਝਣ।ਇਸ ਸਮੇਂ ਕਰਨਬੀਰ ਸਿੰਘ ਬੁਰਜ ਨੇ ਚੰਨੀ ਅਤੇ ਸਾਬਕਾ ਵਿਧਾਇਕ ਹਰਮਿੰਦਰ ਸੀਂਘ ਗਿੱਲ ਨੂੰ ਸਨਮਾਨਤ ਕੀਤਾ।ਇਸ ਸਮੇਂ ਸਾਬਕਾ ਚੇਅਰਮੈਨ ਲਖਬੀਰ ਸਿੰਘ ਬੁਰਜ, ਚੇਅਰਮੈਨ ਰਮਨ ਕੁਮਾਰ ਝਬਾਲ ਸਰਪੰਚ ਗੁਰਪਾਲ ਸਿੰਘ ਜਗਤਪੁਰਾ, ਪ੍ਰਧਾਨ ਸੋਨੂੰ ਦੋਦੇ, ਪ੍ਰਧਾਨ ਅਸ਼ਵਨੀ ਕੁਮਾਰ ਤਰਨ ਤਾਰਨ, ਸਰਪੰਚ ਮੰਗਲ ਸਿੰਘ ਖੈਰਦੀ, ਦਿਲਬਾਗ ਸਿੰਘ ਠੱਠਗੜ੍ਹ, ਆੜ੍ਹਤੀ ਗੁਰਦੇਵ ਸਿੰਘ ਰਿੱਟੂ ਸੋਹਲ, ਨੌਨਿਹਾਲ ਸਿੰਘ ਕਸੇਲ, ਬਹਾਲ ਸਿੰਘ ਰਾਮਰੌਣੀ, ਸਰਪੰਚ ਗੁਰਬਚਨ ਸਿੰਘ ਕਸੇਲ, ਜੇਈ ਨੌਨਿਹਾਲ ਸਿੰਘ, ਨਰਿੰਦਰ ਕੁਮਾਰ ਕਸੇਲ, ਗੁਰਜੀਤ ਸਿੰਘ ਬਿੱਟੂ ਸੋਹਲ, ਸਰਪੰਚ ਅਮਰਜੀਤ ਸਿੰਘ ਬਘੇਲ ਸਿੰਘ ਵਾਲਾ, ਸਰਪੰਚ ਜੱਗਾ ਸਵਰਗਾਪੁਰੀ, ਸਾਬਕਾ ਸਰਪੰਚ ਸੁੱਚਾ ਸਿੰਘ ਖੈਰਦੀ, ਪਰਮਜੀਤ ਸਿੰਘ ਲਾਲੂ ਘੁੰਮਣ, ਦਿਲਬਾਗ ਸਿੰਘ ਝਬਾਲ, ਸਰਪੰਚ ਪਾਲ ਸਿੰਘ ਪੰਜਵੜ, ਡਾ. ਚਰਨਜੀਤ ਸਿੰਘ ਸੋਡੀ, ਪ੍ਰਧਾਨ ਅਸ਼ੋਕ ਕੁਮਾਰ ਝਬਾਲ, ਨਿੱਪੀ ਸੂਦ, ਮੋਹਨ ਸਿੰਘ ਢੰਡ, ਰਵੀਸ਼ੇਰ ਸਿੰਘ ਤੋਂ ਇਲਾਵਾ ਕਈ ਕਾਂਗਰਸੀ ਵਰਕਰ ਹਾਜ਼ਰ ਸਨ।

## ਬਿਨਾਂ ਵੋਟਰ ਕਾਰਡ ਤੋਂ ਵੋਟ ਪਾਉਣ ਦੀ ਆਗਿਆ ਦੇਣਾ ਚੋਣ ਕਮਿਸ਼ਨ ਦਾ ਸ਼ਲਾਘਾਯੋਗ ਕਦਮ : ਸ਼ਾਂਤੀ ਪ੍ਰਸਾਦ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਚੋਣ ਕਮਿਸ਼ਨ ਵੱਲੋਂ ਸ਼ਨਾਖ਼ਤੀ ਕਾਰਡ ਨਾ ਹੋਣ ਜਾਂ ਵੋਟਰ ਦੇ ਨਾਂਅ 'ਚ ਕੋਈ ਸਪੈਲਿੰਗ ਦੀਆਂ ਗਲਤੀਆਂ ਹੋਣ ਦੇ ਬਾਵਜੂਦ ਵੀ ਵੋਟਰ ਨੂੰ ਵੋਟ ਪਾਉਣ ਦੀ ਆਗਿਆ ਦੇਣਾ ਸ਼ਲਾਘਾਯੋਗ ਕਦਮ ਹੈ।ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਭਿੱਖੀਵਿੰਡ ਤੋਂ ਸਮਾਜਸੇਵੀ ਸ਼ਾਂਤੀ ਪ੍ਰਸ਼ਾਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਸ਼ਾਂਤੀ ਪ੍ਰਸਾਦ ਨੇ ਕਿਹਾ ਕਿ ਵੋਟਰ ਵੋਟ ਪਾਉਣ ਤੋਂ ਵਾਂਝੇ ਨਾ ਰਹਿ ਜਾਣ ਤੇ ਵੋਟ ਫ਼ੀਸਦੀ ਦਰ ਵਧਾਉਣ ਲਈ ਦੇ ਲਈ ਸ਼ਨਾਖ਼ਤੀ ਕਾਰਡ ਨਾ ਹੋਣ ਦੀ ਸੂਰਤ ਵਿੱਚ ਵੀ ਵੋਟਰ ਨੂੰ ਵੋਟ ਪਾਉਣ ਦੀ ਆਗਿਆ ਦੇਣਾ ਚੋਣ ਕਮਿਸ਼ਨ ਦਾ ਸ਼ਲਾਘਾਯੋਗ ਕਦਮ ਹੈ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੋਟਰ ਕੋਲ ਸ਼ਨਾਖ਼ਤੀ ਕਾਰਡ ਨਹੀਂ ਹੈ ਜਾਂ ਸਪੈਲਿੰਗਾਂ ਦੀ ਗਲਤੀ ਜਾਂ ਕਿਸੇ ਕਲੈਰੀਕਲ ਗਲਤੀ ਕਾਰਨ ਉਸ ਦੀ ਪਹਿਚਾਣ ਨਹੀਂ ਪ੍ਰੰਤੂ ਉਸ ਦਾ ਨਾਮ ਵੋਟਰ ਸੂਚੀ ਵਿੱਚ ਦਰਜ ਹੈ ਤਾਂ ਉਹ ਕਿਸੇ ਹੋਰ ਫੋਟੋ ਵਾਲੇ ਸਰਕਾਰੀ ਪਛਾਣ ਪੱਤਰ ਨੂੰ ਵਿਖਾ ਕੇ ਆਪਣੀ ਵੋਟ ਪਾ ਸਕਦਾ ਹੈ।ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਜੇਕਰ ਵੋਟਰ ਕੋਲ ਕਿਸੇ ਹੋਰ ਹਲਕੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਪਹਿਚਾਣ ਪੱਤਰ ਹੈ ਤਾਂ ਉਹ ਵੀ ਸਵੀਕਾਰ ਕੀਤਾ ਜਾਵੇਗਾ ਬਸ਼ਰਤੇ ਵੋਟਰ ਦਾ ਵੋਟਰ ਸੂਚੀ ਵਿੱਚ ਨਾਮ ਦਰਜ ਹੋਏ।ਇਸ ਤੋਂ ਇਲਾਵਾ ਜੇਕਰ ਵੋਟਰ ਜਿਸ ਪੋਲਿੰਗ ਬੂਥ 'ਤੇ ਵੋਟ ਪਾਉਣ ਗਿਆ ਹੈ, ਉਸ ਬੂਥ ਕੋਲ ਮੌਜੂਦ ਸੂਚੀ ਵਿੱਚ ਉਸ ਦੀ ਫੋਟੋ ਮੇਲ ਨਹੀਂ ਖਾਂਦੀ ਤਾਂ ਵੋਟਰ ਕਿਸੇ ਹੋਰ ਫੋਟੋ ਵਾਲੇ ਸਰਕਾਰੀ ਸਬੂਤ ਨੂੰ ਦਿਖਾ ਕੇ ਵੋਟ ਪਾ ਸਕਦਾ ਹੈ।ਇਸ ਮੌਕੇ ਸ਼ਾਂਤੀ ਪ੍ਰਸਾਦ ਨੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਵੋਟ ਦਾ ਇਸਤੇਮਾਲ ਜ਼ਰੂਰ ਕਰਨ।

# ਫਾਸਟ ਫੂਡ ਵੇਚਣ ਵਾਲਿਆਂ ਪ੍ਰਤੀ ਸਿਹਤ ਵਿਭਾਗ ਇੰਨਾ ਅਵੇਸਲਾ ਕਿਉਂ : ਸਾਹਿਲ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਐਂਟੀ ਕੁੱਰਪਸ਼ਨ ਸੁਸਾਇਟੀ ਦੇ ਪੰਜਾਬ ਪ੍ਰਧਾਨ ਬਿਕਰਮਜੀਤ ਸਿੰਘ ਸਾਹਿਲ ਨੇ ਨਵਾਂ ਜ਼ਮਾਨਾ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸ਼ਹਿਰ ਵਿੱਚ ਸ਼ਾਮ ਸਮੇ ਵੱਡੇ ਪੱਧਰ ਤੇ ਕੁਝ ਫਾਸਟ ਫੂਡ ਵੇਚਣ ਵਾਲੇ ਬਿਨਾਂ ਸਿਰ ਅਤੇ ਹੱਥ ਢੱਕਣ ਤੇ ਹੀ ਸਾਮਾਨ ਤਿਆਰ ਕਰਦੇ ਹਨ ਅਤੇ ਜੋ ਇਨ੍ਹਾਂ ਵੱਲੋਂ ਰਿਫਾਇੰਡ ਅਤੇ ਚਟਣੀਆਂ ਵਰਤੀਆਂ ਜਾਂਦੀਆਂ ਹਨ ਉਹ ਵੀ ਜ਼ਿਆਦਾਤਰ ਬਿਨਾਂ ਕਿਸੇ ਕੰਪਨੀ ਦੇ ਮਾਰਕੇ ਤੋਂ ਬਿਨਾਂ ਰੱਖੀਆਂ ਵੇਖੀਆਂ ਜਾ ਸਕਦੀਆਂ ਹਨ। ਸਾਹਿਲ ਨੇ ਕਿਹਾ ਕਿ ਜੋ ਇਨ੍ਹਾਂ ਵੱਲੋਂ ਰਿਫਾਇੰਡ ਵਰਤਿਆ ਜਾਂਦਾ ਹੈ ਉਸਨੂੰ ਵੀ ਵਾਰ-ਵਾਰ ਵਰਤਿਆ ਜਾਂਦਾ ਹੈ। ਇਸ ਬਾਰੇ ਬੀ. ਐੱਸ. ਸਾਹਿਲ ਕਿਹਾ ਕਿ ਅਸੀਂ ਸਬੰਧਿਤ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕਰਦੇ ਹਾਂ ਕਿ ਸ਼ਾਮ ਸਮੇਂ ਫਾਸਟ ਫੂਡ ਵੇਚਣ ਵਾਲਿਆਂ ਲਈ ਇੱਕ ਵਿਸ਼ੇਸ਼ ਟੀਮ ਦਾ ਗਠਨ ਕਰਕੇ ਸਮੇਂ ਸਮੇਂ 'ਤੇ ਚੈਕਿੰਗ ਕੀਤੀ ਜਾਵੇ।

ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਮੀਤ ਪ੍ਰਧਾਨ ਰਾਜਾ ਰਣਵੀਰ ਸਿੰਘ, ਜ਼ਿਲ੍ਹਾ ਉਪ ਚੇਅਰਮੈਨ ਅਰੁਣ ਕੁਮਾਰ ਗੱਬਰ, ਕਾਨੂੰਨੀ ਸਲਾਹਕਾਰ ਐਡਵੋਕੇਟ ਆਦੇਸ਼ ਅਗਨੀਹੋਤਰੀ, ਕਰਨ ਅਰੋੜਾ ਅਤੇ ਇੰਦਰਪਾਲ ਸਿੰਘ ਆਦਿ ਮੌਜੂਦ ਸਨ।

16-Apral-PAGE-4.qxd 4/15/2024 10:43 PM Page 1

ਨਵਾਂ ਜ਼ਮਾਨਾ
ਮੰਗਲਵਾਰ, 16 ਅਪ੍ਰੈਲ 2024

# 'ਚਾਰ ਸੌ ਪਾਰ' ਦਾ ਡਰਾਉਣਾ ਨਾਅਰਾ

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਆਪੋਜ਼ੀਸ਼ਨ ਦੀ ਹੌਸਲਾਸ਼ਿਕਨੀ ਕਰਨ ਦਾ 'ਚਾਰ ਸੌ ਪਾਰ' ਦਾ ਨਾਅਰਾ ਰਾਜਸਥਾਨ ਦੀਆਂ ਕਈ ਸੀਟਾਂ 'ਤੇ ਭਾਜਪਾ ਨੂੰ ਪੁੱਠਾ ਪੈਂਦਾ ਲੱਗ ਰਿਹਾ ਹੈ। ਸੂਬੇ ਦੇ ਦਲਿਤਾਂ ਤੇ ਕਬਾਇਲੀਆਂ ਦੇ ਵੱਡੇ ਹਿੱਸੇ ਵਿਚ ਡਰ ਪੈਦਾ ਹੋ ਗਿਆ ਹੈ ਕਿ ਜੇ ਤੀਜੀ ਵਾਰ ਮੋਦੀ ਸਰਕਾਰ ਬਣਦੀ ਹੈ ਤਾਂ ਉਹ ਜ਼ਬਰਦਸਤ ਬਹੁਗਿਣਤੀ ਨੂੰ ਸੰਵਿਧਾਨ ਬਦਲਣ ਲਈ ਵਰਤ ਕੇ ਉਨ੍ਹਾਂ ਦੇ ਰਿਜ਼ਰਵੇਸ਼ਨ ਦੇ ਲਾਭਾਂ ਨੂੰ ਖੋਹ ਲਵੇਗੀ। ਇਸ ਡਰ ਵਿਚ ਕਾਂਗਰਸ ਛੱਡ ਕੇ ਭਾਜਪਾ ਦੀ ਟਿਕਟ 'ਤੇ ਨਾਗੌਰ ਹਲਕੇ ਤੋਂ ਚੋਣ ਲੜ ਰਹੀ ਜਿਓਤੀ ਮਿਰਧਾ ਦੀ ਵਾਇਰਲ ਹੋ ਰਹੀ ਸਪੀਚ ਨੇ ਵੀ ਵਾਧਾ ਕੀਤਾ ਹੈ, ਜਿਸ 'ਚ ਉਸ ਨੇ ਕਿਹਾ ਹੈ ਕਿ ਕਈ ਸਖਤ ਫੈਸਲੇ ਕਰਨੇ ਪੈਣੇ ਹਨ, ਜਿਸ ਲਈ ਸੰਵਿਧਾਨ ਸੋਧਣਾ ਪੈਣਾ। ਵੱਡੇ ਫੈਸਲੇ ਲੈਣ ਲਈ ਲੋਕ ਸਭਾ ਦੇ ਨਾਲ-ਨਾਲ ਰਾਜ ਸਭਾ ਵਿਚ ਵੀ ਬਹੁਮਤ ਦੀ ਲੋੜ ਹੈ। ਇਹ ਆਮ ਪ੍ਰਭਾਵ ਹੈ ਕਿ ਆਰ ਐੱਸ ਐੱਸ ਰਿਜ਼ਰਵੇਸ਼ਨ ਦੇ ਵਿਰੁੱਧ ਹੈ। ਇਸ ਦੇ ਮੁਖੀ ਮੋਹਨ ਭਾਗਵਤ ਨੇ ਇਕ ਵਾਰ ਰਿਜ਼ਰਵੇਸ਼ਨ ਵਿਰੋਧੀ ਬਿਆਨ ਦੇ ਕੇ ਬਿਹਾਰ ਵਿਚ ਭਾਜਪਾ ਤੇ ਉਸ ਦੇ ਇਤਿਹਾਦੀਆਂ ਦਾ ਕਾਫੀ ਨੁਕਸਾਨ ਕਰਵਾ ਦਿੱਤਾ ਸੀ। ਉਸ ਤੋਂ ਬਾਅਦ ਭਾਗਵਤ ਹੁਣ ਤੱਕ ਸਫਾਈ ਦਿੰਦੇ ਆ ਰਹੇ ਹਨ। ਰਾਜਸਥਾਨ ਦੇ ਪੜ੍ਹੇ-ਲਿਖੇ ਨੌਜਵਾਨ ਪੁੱਛ ਰਹੇ ਹਨ— ਮੋਦੀ ਚਾਰ ਸੌ ਪਾਰ, ਚਾਰ ਸੌ ਪਾਰ, ਕਿਉਂ ਚਿੱਲਾ ਰਹੇ ਹਨ? ਭਾਜਪਾ ਸੰਵਿਧਾਨ ਬਦਲਣਾ ਚਾਹੁੰਦੀ ਹੈ ਕੀ?*

*ਰਾਜਸਥਾਨ ਵਿਚ ਮੀਣਾ ਅਨੁਸੂਚਿਤ ਜਨਜਾਤੀ ਵਿਚ ਆਉਂਦੇ ਹਨ। ਰਿਜ਼ਰਵੇਸ਼ਨ ਦੇ ਸਦਕਾ ਦੇਸ਼ ਭਰ ਵਿਚ ਇਸ ਭਾਈਚਾਰੇ ਦੇ ਕਾਫੀ ਅਫਸਰ ਮਿਲਦੇ ਹਨ। ਦਲਿਤਾਂ ਵਿਚ ਮੇਘਵਾਲ ਤੇ ਬੈਰਵਾਲ ਦੇ ਲੋਕਾਂ ਦੀ ਕਾਫੀ ਗਿਣਤੀ ਹੈ। ਰਿਜ਼ਰਵੇਸ਼ਨ ਕਰਕੇ ਇਨ੍ਹਾਂ ਦੇ ਵੀ ਕਾਫੀ ਅਫਸਰ ਮਿਲਦੇ ਹਨ। 'ਚਾਰ ਸੌ ਪਾਰ' ਦੇ ਆਪਣੇ ਨਾਅਰੇ ਨਾਲ ਪੈਦਾ ਹੋਏ ਡਰ ਨੂੰ ਦੂਰ ਕਰਨ ਲਈ ਮੋਦੀ ਨੂੰ ਬਾੜਮੇਰ ਦੀ ਚੋਣ ਰੈਲੀ ਵਿਚ ਇਹ ਕਹਿਣਾ ਪਿਆ ਕਿ ਸਰਕਾਰ ਲਈ ਸੰਵਿਧਾਨ ਗੀਤਾ, ਰਾਮਾਇਣ, ਮਹਾਭਾਰਤ, ਬਾਈਬਲ ਤੇ ਕੁਰਾਨ ਹੈ, ਪਰ ਭਾਜਪਾ ਆਗੂ ਵੀ ਮੰਨ ਰਹੇ ਹਨ ਕਿ ਮੀਣਿਆਂ ਨੂੰ ਨਾਰਾਜ਼ ਕਰਕੇ ਭਾਜਪਾ ਦੌਸਾ, ਨਾਗੌਰ, ਚੂਰੂ ਤੇ ਸੀਕਰ ਸੀਟਾਂ ਗੁਆ ਸਕਦੀ ਹੈ। ਰਾਜਸਥਾਨ ਵਿਚ 25 ਸੀਟਾਂ ਹਨ ਤੇ ਪਿਛਲੀ ਵਾਰ ਭਾਜਪਾ ਨੇ ਸਾਰੀਆਂ ਜਿੱਤੀਆਂ ਸਨ। ਇਸ ਵਾਰ ਭਾਜਪਾ ਦੀ ਸੂਬੇ ਵਿਚ ਸਰਕਾਰ ਹੋਣ ਦੇ ਬਾਵਜੂਦ ਭਾਜਪਾ ਨੂੰ ਇਹ ਖੋਰਾ ਲੱਗਦਾ ਨਜ਼ਰ ਆ ਰਿਹਾ ਹੈ।*

*ਜਿਵੇਂ-ਜਿਵੇਂ ਵੋਟਿੰਗ ਦੇ ਦਿਨ ਨੇੜੇ ਆ ਰਹੇ ਹਨ, ਕਿਸਾਨਾਂ ਤੋਂ ਇਲਾਵਾ ਦਲਿਤਾਂ, ਕਬਾਇਲੀਆਂ ਤੇ ਰਾਜਪੂਤਾਂ 'ਚ ਵੀ ਚੇਤਨਾ ਪੈਦਾ ਹੋ ਰਹੀ ਹੈ ਕਿ 'ਚਾਰ ਸੌ ਪਾਰ' ਦਾ ਨਾਅਰਾ ਉਨ੍ਹਾਂ ਨੂੰ ਭਾਰੀ ਨੁਕਸਾਨ ਪਹੁੰਚਾਉਣ ਵਾਲਾ ਹੈ।*

# ਚੋਣਾਂ 'ਚ ਲੋਕਾਂ ਦੇ ਮੁੱਦੇ ਗੁਆਚੇ

**ਸੁਖਮੰਦਰ ਪੂੰਨੀ**

ਇਸ ਸਮੇਂ ਪੂਰੇ ਦੇਸ਼ ਵਿਚ ਲੋਕ ਸਭਾ ਦੀਆਂ ਚੋਣਾਂ ਦਾ ਬਿਗਲ ਵੱਜ ਚੁੱਕਿਆ ਹੈ। ਜਦੋਂ ਤੋਂ ਚੋਣ ਕਮਿਸ਼ਨ ਵੱਲੋਂ ਚੋਣਾਂ ਦਾ ਦਿਨ ਨਿਰਧਾਰਿਤ ਕੀਤਾ ਹੈ, ਉਦੋਂ ਤੋਂ ਹੀ ਸਿਆਸੀ ਤਿਕੜਮਾਂ ਲੱਗਣੀਆਂ ਵੀ ਸ਼ੁਰੂ ਹੋ ਗਈਆਂ ਹਨ । ਲੀਡਰ ਇਕ ਪਾਰਟੀ ਤੋਂ ਦੂਜੀ ਪਾਰਟੀ ਵੱਲ ਜਾ ਰਹੇ ਹਨ ਜਾਂ ਆਪਣੀ ਜਿੱਤ ਨੂੰ ਹਾਸਿਲ ਕਰਨ ਲਈ ਵੋਟਾਂ ਦਾ ਜੋੜ-ਘਟਾਓ ਵੀ ਕਰ ਰਹੇ ਹਨ । ਇਸ ਸਮੇਂ ਲੋਕਾਂ ਦੇ ਮੁੱਦੇ, ਲੋਕਾਂ ਦੀਆਂ ਮੁਸ਼ਕਿਲਾਂ ਇਕ ਪਾਸੇ ਉਹਨਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਵਾਰ ਕੋਈ ਵੀ ਪਾਰਟੀ ਲੋਕ ਸਭਾ ਦੀਆਂ ਚੋਣਾਂ ਨੂੰ ਲੈ ਕੇ ਵਿਸ਼ੇਸ ਮੁੱਦੇ ਨੂੰ ਉਭਾਰ ਨਹੀਂ ਸਕੀ।

ਲੋਕ ਹਿੱਤਾਂ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ। ਕੋਈ ਵੇਲਾ ਸੀ ਜਦੋਂ ਆਮ ਪਿੰਡਾਂ ਵਿਚ ਕੋਈ ਨਗਰ, ਮੁਹੱਲਾ ਜਾਂ ਭਾਈਚਾਰੇ ਵੱਲੋਂ ਕਿਸੇ ਇੱਕ ਧਿਰ ਨੂੰ ਵੋਟਾਂ ਲਈ ਹਾਂ ਕਰ ਦਿੱਤੀ ਜਾਂਦੀ ਤਾਂ ਦੂਸਰੀ ਧਿਰ ਦਾ ਕੋਈ ਵਿਅਕਤੀ ਵਿਸ਼ੇਸ ਜਾਂ ਨੇਤਾ ਆਉਂਦਾ ਤਾਂ ਲੋਕਾਂ ਵੱਲੋਂ ਇਹੀ ਕਿਹਾ ਜਾਂਦਾ ਸੀ ਕਿ ਤੁਸੀ ਦੇਰੀ ਕਰ ਦਿੱਤੀ ਹੈ, ਅਸੀ ਤੁਹਾਡੇ ਤੋਂ ਪਹਿਲਾਂ ਸਾਡੇ ਕੋਲ ਆਈ ਪਾਰਟੀ ਨੂੰ ਹਾਂ ਕਰ ਦਿੱਤੀ ਗਈ ਹੈ, ਭਾਵ ਜ਼ੁਬਾਨ ਕੀਤੀ ਜਾਂਦੀ ਸੀ, ਕੋਈ ਲਾਲਚ ਨਹੀਂ, ਪਰ ਅੱਜ ਦੇ ਸਮੇਂ ਵਿਚ ਜੋ ਲੀਡਰ ਲੰਮੇ ਸਮੇਂ ਤੋਂ ਇੱਕ ਪਾਰਟੀ ਨਾਲ ਹੁੰਦੇ ਹਨ, ਅਗਲੇ ਦਿਨ ਚੁੱਪ ਚਪੀਤੇ ਦੂਸਰੀ ਪਾਰਟੀ ਵਿਚ ਸ਼ਾਮਿਲ ਹੋ ਜਾਂਦਾ ਹੈ। ਲੋਕਾਂ ਨੇ ਜਿਹਨਾਂ ਵੋਟਾਂ ਪਾ ਕੇ ਚੁਣਿਆ ਹੁੰਦਾ ਹੈ, ਠੱਗੇ-ਠੱਗੇ ਮਹਿਸੂਸ ਕਰਦੇ ਹਨ। ਉਹਨਾਂ ਦੇ ਕੰਮਕਾਰ ਜਾਂ ਹੋਰ ਮਸਲਿਆਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਜੋ ਲੀਡਰ ਪਹਿਲੇ ਦਿਨ ਦੂਸਰੀਆਂ ਪਾਰਟੀਆਂ ਵਿਰੁੱਧ ਦੋਸ਼ ਲਗਾ ਰਿਹਾ ਹੁੰਦਾ ਹੈ, ਦੂਸਰੇ ਦਿਨ ਕਿਸੇ ਹੋਰ ਪਾਰਟੀ ਵਿਚ ਸ਼ਾਮਿਲ ਹੋ ਕੇ ਉਸੇ ਪਾਰਟੀ ਦੀਆਂ ਸਿਫ਼ਤਾਂ ਕਰਨ ਲੱਗ ਜਾਂਦਾ ਹੈ।

ਪੰਜਾਬ ਦੇ ਕਿਸਾਨ ਦਿੱਲੀ ਦੀ ਬਰੂਹਾਂ 'ਤੇ ਆਪਣੀਆਂ ਮੰਗਾਂ ਲਈ ਬੈਠੇ ਹਨ, ਪਰ ਕਿਸੇ ਵੀ ਪਾਰਟੀ ਵੱਲੋਂ ਉਹਨਾਂ ਦੇ ਹੱਲ ਲਈ ਕੋਈ ਰਾਹ ਨਹੀਂ ਕੱਢਿਆ ਗਿਆ। ਪੰਜਾਬ ਦੇ ਡੂੰਘੇ ਪਾਣੀਆਂ ਦੀ ਚਿੰਤਾ, ਵਧ ਰਹੀ ਬੇਰੁਜ਼ਗਾਰੀ ਦੀ ਸਮੱਸਿਆਂ, ਬੇਅਦਬੀਆਂ ਦਾ ਮਸਲਾ, ਨਸ਼ੇ ਦੀ ਮਾਰ ਆਦਿ ਹੋਰ ਮੁੱਦਿਆਂ ਵੱਲ ਧਿਆਨ ਦੇ ਕੇ ਉਹਨਾਂ ਨੂੰ ਹੱਲ ਕਰਨ ਦੀ ਨੀਤੀ ਬਾਰੇ ਦੱਸਣਾ ਚਾਹੀਦਾ ਹੈ ਤੇ ਲੋਕਾਂ ਦੇ ਅਸਲੀ ਮੁੱਦਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ।

ਪੰਜਾਬ ਦੀ ਸਿਆਸਤ ਨਿਵੇਕਲੀ ਰਹੀ ਹੈ । ਸਿਆਸੀ ਲੋਕ ਚਾਹੇ ਆਪਣੇ ਦਾਅ-ਪੇਚ ਲਗਾ ਕੇ ਕਿੰਨੀ ਵੀ ਕੋਸ਼ਿਸ਼ ਕਰਦੇ ਰਹਿਣ, ਪਰ ਪੰਜਾਬ ਦੇ ਲੋਕਾਂ ਨੇ ਆਪਣੀ ਮਨਮਰਜੀ ਨਾਲ ਸਹੀ ਫੈਸਲਾ ਦਿੱਤਾ ਹੈ । ਇਕ-ਦੂਜੇ ਵਿਰੁੱਧ ਬਿਆਨਬਾਜੀ, ਧਰਮ, ਭਾਈਚਾਰੇ ਦੀ ਸਿਆਸਤ ਤੋਂ ਸੰਕੋਚ ਕਰਨਾ ਚਾਹੀਦਾ ਹੈ । ਲੋਕ ਵੀ ਚੋਣਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਰਹਿਣ। ਆਪਣੇ ਸੁਨਹਿਰੀ ਭਵਿੱਖ ਨੂੰ ਲੈ ਕੇ ਆਪਣੀ ਵੋਟ ਦਾ ਇਸਤੇਮਾਲ ਕਰਨ, ਕਿਉਂਕਿ ਸਾਡੀ ਵੋਟ ਦੀ ਅਹਿਮੀਅਤ ਬਹੁਤ ਖਾਸ ਹੈ, ਇਸ ਨੂੰ ਸਮਝਣ ਦੀ ਜ਼ਰੂਰਤ ਹੈ । ਇਕ ਵਾਰ ਉਂਗਲ ਉੱਪਰ ਸਿਆਈ ਲੱਗਣ ਤੋਂ ਬਾਅਦ ਪੰਜ ਸਾਲ ਲਈ ਸਾਡੇ ਕੋਲ ਕੁਝ ਵੀ ਨਹੀਂ ਬਚਦਾ।

**# ਸੰਪਰਕ : 98157-88001**

# ਸੁਤੰਤਰਤਾ ਤੇ ਪ੍ਰਭੂਸੱਤਾ ਦੀ ਰਾਖੀ ਦਾ ਸੰਗਰਾਮ



ਡਾ. ਅਰੁਣ ਮਿੱਤਰਾ

ਸੰਨ 1857 ਤੋਂ ਥੋੜ੍ਹਾ ਚਿਰ ਬਾਅਦ ਹੀ ਦੁਨੀਆ ਦੇ ਉੱਘੇ ਦਾਰਸ਼ਨਿਕ ਕਾਰਲ ਮਾਰਕਸ ਨੇ ਭਾਰਤ ਵਿੱਚ ਵਾਪਰ ਰਹੀਆਂ ਘਟਨਾਵਾਂ ਦੇ ਸੰਦਰਭ ਵਿੱਚ, ਜਿਸ ਨੂੰ ਅੰਗਰੇਜ਼ ਗਦਰ ਆਖਦੇ ਸਨ, ਨੂੰ ਸੁਤੰਤਰਤਾ ਦੇ ਪਹਿਲੇ ਸੰਗਰਾਮ ਦਾ ਨਾਂਅ ਦਿੱਤਾ। ਇਹ ਇੱਕ ਬਹੁਤ ਵੱਡੀ ਵਿਆਖਿਆ ਸੀ, ਜੋ ਕਿ ਇਸ ਤੋਂ ਪਹਿਲਾਂ ਕਿਸੇ ਵੀ ਦਾਰਸ਼ਨਿਕ ਜਾਂ ਇਤਿਹਾਸਕਾਰ ਨੇ ਨਹੀਂ ਸੀ ਕਹੀ। ਇਹ ਇਸ ਲਈ ਕਿਉਂਕਿ ਕਾਰਲ ਮਾਰਕਸ ਨੇ ਸਮਾਜ ਵਿੱਚ ਹੋ ਰਹੀਆਂ ਤਬਦੀਲੀਆਂ ਨੂੰ ਵਰਗ ਦ੍ਰਿਸ਼ਟੀਕੋਣ ਤੋਂ ਲਿਆ ਅਤੇ ਬਰਤਾਨਵੀ ਸਾਮਰਾਜ ਦੇ ਖਿਲਾਫ ਸੰਘਰਸ਼ ਨੂੰ ਬਸਤੀਵਾਦੀ ਰਾਜ ਪ੍ਰਬੰਧ ਦੇ ਖਿਲਾਫ ਆਜ਼ਾਦੀ ਦਾ ਸੰਗਰਾਮ ਦੱਸਿਆ। ਇਸੇ ਵੇਲੇ ਕੰਪਨੀ ਰਾਜ ਦੇ ਖ਼ਿਲਾਫ਼ ਲੋਕਾਂ ਨੇ ਵੱਖਰੇ-ਵੱਖਰੇ ਰੂਪ ਵਿੱਚ ਆਵਾਜ਼ ਬੁਲੰਦ ਕਰਨੀ ਆਰੰਭ ਕੀਤੀ।

ਕਾਮਿਆਂ ਨੇ ਆਪਣੀ ਲੁੱਟ-ਖਸੁੱਟ ਦੇ ਵਿਰੁੱਧ, ਕਿਸਾਨਾਂ ਨੇ ਜ਼ਮੀਨ ਤੋਂ ਉਹਨਾਂ ਨੂੰ ਬੇਦਖਲ ਕਰਨ ਦੇ ਖਿਲਾਫ ਅਤੇ ਆਦੀ ਵਾਸੀਆਂ ਨੇ ਜੰਗਲਾਂ ਤੋਂ ਉਹਨ੍ਹਾਂ ਨੂੰ ਕੱਢਣ ਦੇ ਵਿਰੋਧ ਵਿੱਚ ਅੰਦੋਲਨ ਚਲਾਏ ਤੇ ਉਨਾਂ ਨੇ ਕੰਪਨੀ ਰਾਜ ਦੇ ਖਿਲਾਫ ਆਵਾਜ਼ ਚੁੱਕੀ। ਇਹਨਾਂ ਹਾਲਤਾਂ ਨੇ ਬਰਤਾਨਵੀ ਸਾਮਰਾਜ ਦੇ ਖ਼ਿਲਾਫ਼ ਇਕ ਵਿਸ਼ਾਲ ਸੰਘਰਸ਼ ਨੂੰ ਤਿਆਰ ਕਰਨ ਵਿੱਚ ਅਧਾਰ ਪ੍ਰਦਾਨ ਕੀਤਾ।

ਸਮਕਾਲੀਨ ਰਾਜੇ-ਮਹਾਰਾਜਿਆਂ ਨੇ ਆਪਣੀਆਂ ਫੌਜਾਂ ਰਾਹੀਂ ਬਰਤਾਨਵੀ ਸ਼ਾਸਨ ਦਾ ਵਿਰੋਧ ਕੀਤਾ। ਉਹ ਐਸਾ ਵੇਲਾ ਸੀ ਜਦੋਂ ਕਿ ਆਮ ਲੋਕਾਂ ਦੀ ਸ਼ਮੂਲੀਅਤ ਰਾਜਨੀਤਕ ਕਾਰਜਾਂ ਵਿੱਚ ਬਹੁਤ ਘੱਟ ਹੁੰਦੀ ਸੀ। ਉਸ ਸਾਮੰਤਵਾਦੀ ਸਮੇਂ ਵਿੱਚ ਇਹੀ ਕੁਝ ਹੋਣਾ ਸੀ ਤੇ ਸੰਘਰਸ਼ ਰਾਜੇ-ਮਹਾਰਾਜਿਆਂ ਦੀ ਅਗਵਾਈ ਵਿੱਚ ਅੰਗਰੇਜ਼ੀ ਸਰਕਾਰ ਦੇ ਖ਼ਿਲਾਫ਼ ਆਵਾਜ਼ ਚੁੱਕ ਕੇ ਹੋਣਾ ਸੀ, ਪਰ ਆਧੁਨਿਕ ਸ਼ਸਤਰਾਂ ਨਾਲ ਲੈਸ ਬਰਤਾਨਵੀ ਫ਼ੌਜ ਦੇ ਮੁਕਾਬਲੇ 'ਚ ਭਾਰਤ ਦੇ ਰਾਜੇ-ਰਜਵਾੜੇ ਨਾ ਟਿਕ ਸਕੇ।

ਇਹ ਵੀ ਇੱਕ ਸੱਚਾਈ ਹੈ ਕਿ ਜਦੋਂ ਅੰਗਰੇਜ਼ ਭਾਰਤ ਵਿੱਚ ਆਏ ਤਾਂ ਉਨ੍ਹਾਂ ਦੇ ਆਉਣ ਦੇ ਵੇਲੇ ਦੇਸ਼ ਵਿੱਚ ਬੈਠੇ ਅਨੇਕਾਂ ਰਾਜਿਆਂ-ਰਜਵਾੜਿਆਂ ਨੇ ਉਹਨਾਂ ਦਾ ਸਾਥ ਦਿੱਤਾ; ਉਹਨਾਂ ਦੇ ਆਉਣ ਨੂੰ ਜੀ ਆਇਆਂ ਆਖਿਆ, ਈਸਟ ਇੰਡੀਆ ਕੰਪਨੀ ਨੂੰ ਆਪਣੀ ਫ਼ੌਜ ਤੱਕ ਬਣਾਉਣ ਦੀ ਇਜਾਜ਼ਤ ਦਿੱਤੀ। 1857 ਦੇ ਸਵਾਧੀਨਤਾ ਸੰਗਰਾਮ ਵਿੱਚ ਵੀ ਅਨੇਕਾਂ ਰਾਜੇ-ਰਜਵਾੜਿਆਂ ਨੇ ਇਸ ਸੰਘਰਸ਼ ਦਾ ਵਿਰੋਧ ਕੀਤਾ ਤੇ ਅੰਗਰੇਜ਼ਾਂ ਦੇ ਨਾਲ ਆਪਣੇ ਮੋਢੇ ਜੋੜੇ। ਗਵਾਲੀਅਰ ਦੇ ਰਾਜਾ ਸਿੰਧੀਆ ਨੇ ਰਾਣੀ ਲਕਸ਼ਮੀ ਬਾਈ ਨੂੰ ਕਿਲ੍ਹੇ ਦੇ ਅੰਦਰ ਆਉਣ ਦੀ ਇਜਾਜ਼ਤ ਨਹੀਂ ਦਿੱਤੀ, ਜਿਸ ਕਰਕੇ ਉਹ ਲੜਦੇ ਹੋਏ ਵੀਰਗਤੀ ਨੂੰ ਪ੍ਰਾਪਤ ਹੋਈ। ਇਸ ਇਤਿਹਾਸਕ ਤੱਥ ਦਾ ਸਭ ਨੂੰ ਪਤਾ ਹੈ।

ਪਰ ਛੇਤੀ ਹੀ ਹਾਲਾਤ ਬਦਲੇ ਅਤੇ ਲੋਕ ਅੰਦੋਲਨ ਤਿੱਖੇ ਹੋਣ ਲੱਗੇ । 1885 ਵਿੱਚ ਕਾਂਗਰਸ ਪਾਰਟੀ ਦੀ ਸਥਾਪਨਾ ਇਕ ਸਮਾਜ ਸੇਵੀ ਸੰਸਥਾ ਵਜੋਂ ਹੋਈ, ਪਰ ਕੁਝ ਸਮੇਂ ਬਾਅਦ ਇਸ ਨੇ ਰਾਜਨੀਤਕ ਰੂਪ ਲੈ ਲਿਆ ਤੇ ਬਰਤਾਨਵੀ ਸਾਮਰਾਜ ਦੇ ਖਿਲਾਫ ਲੋਕ ਅੰਦੋਲਨ ਆਰੰਭਿਆ । ਇਸ ਲੋਕ ਅੰਦੋਲਨ ਵਿੱਚ ਅਨੇਕਾਂ ਵਿਚਾਰਧਾਰਾਵਾਂ ਨੇ ਬਸਤੀਵਾਦੀ ਰਾਜ ਪ੍ਰਬੰਧ ਦੇ ਖਿਲਾਫ ਆਵਾਜ਼ ਚੁੱਕੀ। ਮਹਾਤਮਾ ਗਾਂਧੀ ਦਾ ਅਹਿੰਸਾਵਾਦੀ ਅੰਦੋਲਨ, ਜਵਾਹਰ ਲਾਲ ਨਹਿਰੂ ਦੀ ਵਿਗਿਆਨਕ ਦ੍ਰਿਸ਼ਟੀਕੋਣ ਅਪਣਾਉਣ ਦੀ ਗੱਲ, ਕਮਿਊਨਿਸਟਾਂ ਦੀ ਬਸਤੀਵਾਦੀ ਰਾਜ ਸੱਤਾ ਨੂੰ ਉਖਾੜ ਸੁੱਟਣ ਦੀ ਗੱਲ ਅਤੇ ਭਗਤ ਸਿੰਘ ਤੇ ਉਹਨਾਂ ਦੇ ਅਨੇਕਾਂ ਇਨਕਲਾਬੀ ਸਾਥੀਆਂ ਤੇ ਸੁਭਾਸ਼ ਚੰਦਰ ਬੋਸ ਨੇ ਆਪਣੇ-ਆਪਣੇ ਢੰਗ ਦੇ ਨਾਲ ਬਸਤੀਵਾਦੀ ਰਾਜ ਪ੍ਰਬੰਧ ਦਾ ਵਿਰੋਧ ਕੀਤਾ ਤੇ ਸੰਪੂਰਨ ਸਵਰਾਜ ਦੀ ਮੰਗ ਕੀਤੀ । ਭਗਤ ਸਿੰਘ ਨੂੰ ਸ਼ਹੀਦੇ-ਆਜ਼ਮ ਇਸ ਲਈ ਗਰਦਾਨਿਆ ਗਿਆ, ਕਿਉਂਕਿ ਉਹਨਾਂ ਨੇ ਆਜ਼ਾਦੀ ਉਪਰੰਤ ਦੇਸ਼ ਦੀ ਕੀ ਰੂਪ-ਰੇਖਾ ਹੋਏ, ਇਸ ਦੀ ਵਿਆਖਿਆ ਵੀ ਕੀਤੀ ਅਤੇ ਛੋਟੀ ਜਿਹੀ ਉਮਰ ਵਿੱਚ ਅੰਗਰੇਜ਼ੀ ਸਰਕਾਰ ਤੋਂ ਮਾਫੀ ਮੰਗਣ ਤੋਂ ਇਨਕਾਰ ਕਰਕੇ ਆਪਣੇ ਜੀਵਨ ਦੇ ਬਲੀਦਾਨ ਨੂੰ ਪਹਿਲ ਦਿੱਤੀ । ਉਨ੍ਹਾਂ ਨੇ ਹਿੰਸਾ ਦੀ ਪ੍ਰੋੜ੍ਹਤਾ ਨਹੀਂ ਕੀਤੀ, ਬਲਕਿ ਲੋਕ ਅੰਦੋਲਨ ਰਾਹੀਂ ਬਰਤਾਨਵੀ ਹਕੂਮਤ ਨੂੰ ਜੜ੍ਹੋਂ ਉਖਾੜ ਸੁੱਟਣ ਦੀ ਗੱਲ ਕਹੀ।

ਭਗਤ ਸਿੰਘ ਦੀ ਸ਼ਹਾਦਤ ਦੇ ਕੁਝ ਸਮੇਂ ਬਾਅਦ ਵਿੱਚ ਦੁਨੀਆ ਵਿੱਚ ਬਹੁਤ ਵੱਡੀਆਂ-ਵੱਡੀਆਂ ਘਟਨਾਵਾਂ ਘਟੀਆਂ, ਜਿਹਨਾਂ ਵਿੱਚੋਂ ਪ੍ਰਮੁੱਖ ਸੀ ਜਰਮਨੀ ਤੇ ਇਟਲੀ ਵਿੱਚ ਫਾਸ਼ੀਵਾਦ ਦਾ ਉਭਰਨਾ। ਬਸਤੀਵਾਦੀ ਰਾਜ ਪ੍ਰਬੰਧ ਨੇ ਤਾਂ ਦੁਨੀਆ ਦੇ ਹਰ ਹਿੱਸੇ ਵਿੱਚ ਕਹਿਰ ਢਾਇਆ। ਲੋਕਾਂ ਨੂੰ ਗੁਲਾਮ ਬਣਾਇਆ। ਉਹਨਾਂ ਨਾਲ ਜਾਨਵਰਾਂ ਵਾਂਗ ਵਿਹਾਰ ਕੀਤਾ, ਵਿਸ਼ੇਸ਼ ਕਰ ਅਫਰੀਕਾ ਵਿੱਚ ਜਿਸ ਤਰੀਕੇ ਨਾਲ ਲੋਕਾਂ ਦੇ ਉੱਪਰ ਜ਼ੁਲਮ ਢਾਹੇ ਗਏ, ਉਹ ਆਪਣੇ-ਆਪ ਵਿੱਚ ਇੰਤਹਾਅ ਦੀ ਬਿਆਨੀ ਕਰਦੇ ਹਨ। ਸਾਡੇ ਦੇਸ਼ ਵਿੱਚ ਅੰਡੇਮਾਨ ਵਰਗੀਆਂ ਜੇਲ੍ਹਾਂ ਸਥਾਪਤ ਕਰਕੇ ਲੋਕਾਂ ਨੂੰ ਅੱਤ ਦੇ ਤਸੀਹੇ ਦਿੱਤੇ ਗਏ, ਪਰ ਫਾਸ਼ੀਵਾਦ ਨੇ ਜਿਹੜੇ ਅੱਤਿਆਚਾਰ ਕੀਤੇ, ਉਹਨਾਂ ਨੂੰ ਬਿਆਨ ਕਰਨ ਵਿੱਚ ਵੀ ਘਬਰਾਹਟ ਹੁੰਦੀ ਹੈ।

ਜਰਮਨੀ ਦੇ ਨਗਰ ਮਿਊਨਿਖ ਦੇ ਨੇੜੇ ਸਥਿਤ ਡਕਾਊ ਤਸੀਹੀ ਕੈਂਪ ਵਿੱਚ ਇੱਕ ਪਰਯਟਕ ਵਜੋਂ ਜਾਣ 'ਤੇ ਵੀ ਡਰ ਲੱਗਦਾ ਸੀ। ਕਿਸ ਤਰੀਕੇ ਨਾਲ ਉਥੇ ਲੋਕਾਂ ਨੂੰ ਰੱਖਿਆ ਗਿਆ, ਖੁਰਾਕ ਤੋਂ ਬਿਨਾਂ ਉਹਨਾਂ ਤੋਂ ਕੰਮ ਲਿਆ ਗਿਆ, ਜ਼ਰਾ ਵੀ ਕਿੰਤੂ-ਪ੍ਰੰਤੂ ਕਰਨ 'ਤੇ ਗੋਲੀਆਂ ਮਾਰ ਦਿੱਤੀਆਂ ਗਈਆਂ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਇਕੱਠੇ ਕਰਕੇ ਗੈਸ ਚੈਂਬਰਾਂ ਵਿੱਚ ਗੈਸ ਦੇ ਨਾਲ ਜਾਨੋਂ ਮਾਰ ਦਿੱਤਾ ਗਿਆ, ਲਾਸ਼ਾਂ ਨੂੰ ਬਾਅਦ ਵਿੱਚ ਸਾੜ ਦਿੱਤਾ ਗਿਆ ਤੇ ਉਸ ਤੋਂ ਬਣੀ ਸਵਾਹ ਨੂੰ ਜਰਮਨੀ ਦੇ ਖੇਤਾਂ ਨੂੰ ਉਪਜਾਊ ਬਣਾਉਣ ਲਈ ਵਰਤਿਆ ਗਿਆ ਕਿ ਮਨੁੱਖ ਏਨਾ ਵਹਿਸ਼ੀ ਵੀ ਹੋ ਸਕਦਾ ਹੈ, ਇਹ ਸੋਚਣ ਸ਼ਕਤੀ ਤੋਂ ਵੀ ਬਾਹਰ ਦੀਆਂ ਗੱਲਾਂ ਜਾਪਦੀਆਂ ਹਨ।

ਇਹ ਠੀਕ ਹੈ ਕਿ ਜਰਮਨੀ ਵਿੱਚ ਜ਼ਿਆਦਾਤਰ ਯਹੂਦੀ ਮਾਰੇ ਗਏ, ਪਰ ਇਸ ਤੋਂ ਇਲਾਵਾ ਇੰਨੀ ਹੀ ਗਿਣਤੀ ਵਿੱਚ ਦੂਸਰੇ ਵਿਸ਼ਵ ਯੁੱਧ ਦੇ ਕੈਦੀ ਤੇ ਹੋਰ ਲੋਕ ਸਨ, ਜਿਨ੍ਹਾਂ ਨੂੰ ਨਾਜ਼ੀ ਪਸੰਦ ਨਹੀਂ ਸਨ ਕਰਦੇ। ਜਦੋਂ ਇਹ ਸਭ ਕੁਝ ਵਾਪਰ ਰਿਹਾ ਸੀ, ਅਫ਼ਸੋਸ ਦੀ ਗੱਲ ਇਹ ਹੈ ਕਿ ਜਰਮਨੀ ਦੇ ਲੋਕ ਉਸ ਵੇਲੇ ਹਿਟਲਰ ਦੀ ਪਾਰਟੀ ਨਾਜ਼ੀਆਂ ਦੇ ਨਾਲ ਖੜੇ ਸਨ ਅਤੇ ਉਸ ਦੇ ਇਹਨਾਂ ਕਾਰਿਆਂ ਨੂੰ ਗਲਤ ਨਹੀਂ ਸਨ ਕਹਿੰਦੇ। ਲੋਕ ਇਸ ਗੱਲ 'ਤੇ ਮਨਾ ਲਏ ਗਏ ਸਨ ਕਿ ਯਹੂਦੀਆਂ ਦੇ ਕਤਲੇਆਮ ਦੇ ਨਾਲ ਹੀ ਜਰਮਨੀ ਦੀ ਤਰੱਕੀ ਹੋਵੇਗੀ ਤੇ ਇਸ ਲਈ ਯਹੂਦੀਆਂ ਦੇ ਕਤਲ ਕਰਨੇ ਜ਼ਰੂਰੀ ਹਨ। ਯਹੂਦੀਆਂ 'ਤੇ ਕਈ ਕਿਸਮ ਦੀਆਂ ਪਾਬੰਦੀਆਂ ਲਾ ਦਿੱਤੀਆਂ ਗਈਆਂ । ਯਹੂਦੀਆਂ ਤੇ ਇਸਾਈਆਂ ਵਿੱਚ ਹੋਏ ਵਿਆਹਾਂ ਦਾ ਵਿਰੋਧ ਕੀਤਾ ਗਿਆ ।ਯਹੂਦੀਆਂ ਬਾਰੇ ਬੁਰੇ-ਭਲੇ ਵਿਚਾਰ ਲੋਕਾਂ ਦੇ ਮਨਾਂ ਵਿੱਚ ਬਿਠਾਏ ਗਏ।

ਮਨੁੱਖ ਜਾਤੀ ਨੇ ਇਨ੍ਹਾਂ ਸਭ ਘਟਨਾਵਾਂ ਤੋਂ ਇੰਜ ਜਾਪਦਾ ਹੈ ਕਿ ਬਹੁਤ ਵੱਡਾ ਸਬਕ ਨਹੀਂ ਸਿੱਖਿਆ। ਇਸੇ ਕਿਸਮ ਦਾ ਨਰਸੰਹਾਰ ਰਵਾਂਡਾ ਵਿੱਚ 1994 ਦੇ ਵਿੱਚ ਹੋਇਆ।

ਬਸਤੀਵਾਦੀ ਅੰਗਰੇਜ਼ 1947 ਵਿੱਚ ਇੱਥੋਂ ਜਾਣ ਤੋਂ ਪਹਿਲਾਂ ਦੇਸ਼ ਨੂੰ ਦੋ ਹਿੱਸਿਆਂ ਵਿੱਚ ਵੰਡ ਗਏ, ਜਿਸ ਦੌਰਾਨ ਬਕਾਇਦਾ ਨਫਰਤ ਫੈਲਾ ਕੇ ਫਿਰਕੂ ਦੰਗੇ ਕਰਵਾ ਕੇ 25 ਲੱਖ ਹਿੰਦੂ ਮੁਸਲਮਾਨ ਅਤੇ ਸਿੱਖ ਤਿੰਨਾਂ ਦਾ ਕਤਲੇਆਮ ਹੋਇਆ।

ਆਜ਼ਾਦ ਭਾਰਤ ਵਿਚ ਸਭ ਦੇ ਸੁਮੇਲ ਵਾਲਾ ਸੰਵਿਧਾਨ ਘੜਿਆ ਗਿਆ। ਟਾਂਵੀਆਂ-ਟਾਂਵੀਆਂ ਘਟਨਾਵਾਂ ਨੂੰ ਛੱਡ ਕੇ ਲੋਕ ਪਿਆਰ-ਮੁਹੱਬਤ ਨਾਲ ਰਹਿੰਦੇ ਰਹੇ ।

ਅੱਜ ਫਿਰ ਨਫਰਤੀ ਮਾਹੌਲ ਨੂੰ ਬਣਾਇਆ ਜਾ ਰਿਹਾ ਹੈ। ਘੱਟ-ਗਿਣਤੀਆਂ ਨੂੰ ਜਿਸ ਢੰਗ ਨਾਲ ਭੰਡਿਆ ਜਾ ਰਿਹਾ ਹੈ, ਦੁਤਕਾਰਿਆ ਜਾ ਰਿਹਾ ਹੈ, ਉਹਨਾਂ ਦੇ ਬਾਰੇ ਊਲ ਜਲੂਲ ਗੱਲਾਂ ਕਹੀਆਂ ਜਾ ਰਹੀਆਂ ਹਨ, ਇਹ ਹਿਟਲਰ ਦੇ ਯਹੂਦੀ ਵਿਰੋਧੀ ਪ੍ਰਚਾਰ ਦਾ ਪ੍ਰਤੀਬਿੰਬ ਹਨ । ਸਮਾਜ ਦੇ ਇੱਕ ਫਿਰਕੇ ਵਿੱਚ ਅਜਿਹੀਆਂ ਧਾਰਨਾਵਾਂ ਭਰ ਦਿੱਤੀਆਂ ਗਈਆਂ ਹਨ ਕਿ ਜੇ ਕਿਸੇ ਮੁਸਲਮਾਨ ਦਾ ਭੀੜਾਂ ਦੁਆਰਾ ਕਤਲ ਹੁੰਦਾ ਹੈ ਤਾਂ ਉਹਨਾਂ ਲੋਕਾਂ ਨੂੰ ਕੋਈ ਦਰਦ ਨਹੀਂ ਹੁੰਦਾ; ਕਈ ਵਾਰ ਤਾਂ ਉਹ ਇਸ ਨੂੰ ਠੀਕ ਵੀ ਠਹਿਰਾਉਂਦੇ ਹਨ। ਲਵ ਜਿਹਾਦ ਦੇ ਕੂੜ-ਪ੍ਰਚਾਰ ਨੂੰ ਕਰਕੇ ਹਿੰਦੂ-ਮੁਸਲਮਾਨਾਂ ਵਿੱਚ ਵਿਆਹ ਬਾਰੇ ਅਨੇਕਾਂ ਸਖ਼ਤੀਆਂ ਕਰ ਦਿੱਤੀਆਂ ਗਈਆਂ ਹਨ। ਜੇਕਰ ਇੰਜ ਦੇ ਵਿਚਾਰਾਂ ਨੂੰ ਹੁਣੇ ਨਾ ਰੋਕਿਆ ਗਿਆ ਤਾਂ ਹਿਟਲਰ ਦੇ ਵੇਲੇ ਦੇ ਜਰਮਨੀ ਵਾਂਗ ਦੀ ਸਥਿਤੀ ਇੱਥੇ ਵੀ ਪੈਦਾ ਹੋ ਸਕਦੀ ਹੈ।

ਹਿੰਦੂ ਰਾਸ਼ਟਰਵਾਦੀਆਂ ਦੇ ਜਾਂ ਹਿੰਦੂਤਵਵਾਦੀਆਂ ਦੇ ਆਗੂਆਂ ਵਿਨਾਇਕ ਦਾਮੋਦਰ ਸਾਵਰਕਰ ਤੇ ਆਰ ਐੱਸ ਐੱਸ ਦੇ ਪ੍ਰਮੁੱਖ ਵਿਚਾਰਵਾਨ ਮਾਧਵ ਸਦਾਸ਼ਿਵ ਗੋਲਵਲਕਰ ਨੇ ਹਿਟਲਰ ਦੇ ਕੰਮਾਂ ਦੀ ਡਟ ਕੇ ਸ਼ਲਾਘਾ ਕੀਤੀ ਸੀ ਤੇ ਭਾਰਤ ਵਿੱਚ ਵੀ ਮੁਸਲਮਾਨਾਂ ਵਿਰੁੱਧ ਉਸੇ ਕਿਸਮ ਦੇ ਹਾਲਾਤ ਬਣਾਉਣ ਦੀ ਪ੍ਰੋੜ੍ਹਤਾ ਕੀਤੀ ਸੀ । ਜਿਸ ਢੰਗ ਨਾਲ ਹਿਟਲਰ ਨੇ 60 ਲੱਖ ਤੋਂ ਉੱਪਰ ਯਹੂਦੀਆਂ ਦਾ ਕਤਲੇਆਮ ਕੀਤਾ, ਕੱਟੜਪੰਥੀ ਹਿੰਦੂਤਵ ਵਾਦੀਆਂ ਵੱਲੋਂ ਭਾਰਤ ਵਿੱਚ ਮੁਸਲਮਾਨਾਂ ਦੇ ਨਾਲ ਇਸੇ ਕਿਸਮ ਦੇ ਵਿਹਾਰ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਸਾਵਰਕਰ ਵੱਲੋਂ ਦਿੱਤਾ ਗਿਆ ਦੋ ਕੌਮਾਂ ਦਾ ਸਿਧਾਂਤ ਦੇਸ਼ ਦੀ ਵੰਡ ਦਾ ਆਧਾਰ ਬਣਿਆ।

ਇਹਨਾਂ ਵਿਚਾਰਾਂ ਨੂੰ ਅੱਜ ਬੜੀ ਤੇਜ਼ੀ ਨਾਲ ਕੇਂਦਰ ਵਿੱਚ ਬੈਠੀ ਸੱਤਾ ਦੇ ਇਸ਼ਾਰੇ ਅਤੇ ਸਮਰਥਨ ਦੇ ਨਾਲ ਥੱਲੇ ਤੱਕ ਲਿਜਾਇਆ ਜਾ ਰਿਹਾ ਹੈ ਤੇ ਸਮਾਜ ਵਿੱਚ ਵੰਡੀਆਂ ਪਾਈਆਂ ਜਾ ਰਹੀਆਂ ਹਨ । ਗੋਡਸੇ ਦੀਆਂ ਖੁੱਲ੍ਹੇਆਮ ਤਰੀਫਾਂ ਕੀਤੀਆਂ ਜਾ ਰਹੀਆਂ ਹਨ ਅਤੇ ਨਹਿਰੂ ਦੀ ਵਿਗਿਆਨਕ ਵਿਚਾਰਧਾਰਾ ਨੂੰ ਭੰਡਿਆ ਜਾ ਰਿਹਾ ਹੈ। ਕਮਿਊਨਿਸਟਾਂ ਬਾਰੇ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਕਹਿ ਹੀ ਦਿੱਤਾ ਸੀ ਕਿ ਇਹ ਥੋੜ੍ਹੇ ਹਨ, ਪਰ ਬੜੇ ਖਤਰਨਾਕ ਹਨ।

ਇਸ ਲਈ ਅੱਜ ਸੰਘਰਸ਼ ਬਹੁਤ ਤਿੱਖਾ ਕਰਨ ਦੀ ਲੋੜ ਹੈ। ਫਾਸ਼ੀਵਾਦੀ ਲੋਕ ਬੇਰਹਿਮ ਹੁੰਦੇ ਹਨ ਅਤੇ ਸਾਮ ਦਾਮ ਦੰਡ ਭੇਦ ਦੀ ਵਿਚਾਰਧਾਰਾ ਵਿੱਚ ਵਿਸ਼ਵਾਸ ਰੱਖਦੇ ਹਨ, ਕਿਉਂਕਿ ਇਹ ਅੰਗਰੇਜ਼ਾਂ ਦੇ ਨਾਲ ਰਹੇ, ਇਸ ਲਈ ਸੁਭਾਵਿਕ ਤੌਰ 'ਤੇ ਆਜ਼ਾਦੀ ਘੁਲਾਟੀਆਂ ਦੇ ਸੰਕਲਪ ਦੇ ਸੰਵਿਧਾਨ ਨੂੰ ਬਦਲਣਾ ਚਾਹੁੰਦੇ ਹਨ । ਇਸ ਲਈ ਇਹ 400 ਸੀਟਾਂ ਦੀ ਉਡੀਕ ਵਿੱਚ ਹਨ । ਅੱਜ ਇਹਨਾਂ ਨੂੰ ਰੋਕਣਾ ਉਨੰਾਂ ਹੀ ਮਹੱਤਵਪੂਰਨ ਹੈ, ਜਿੰਨਾ ਕਿ 1857 ਜਾਂ ਫਿਰ 1947 ਵਿੱਚ ਬਸਤੀਵਾਦੀ ਰਾਜ ਪ੍ਰਬੰਧ ਦੇ ਖਿਲਾਫ ਸੰਘਰਸ਼ ਸੀ।

ਮੌਜੂਦਾ ਸ਼ਾਸਕ ਨਾ ਕੇਵਲ ਰਾਜਨੀਤਕ ਤੌਰ 'ਤੇ ਮੁਲਕ ਨੂੰ ਮੱਧਕਾਲੀਨ ਸਮਿਆਂ ਵੱਲ ਧੱਕਣਾ ਚਾਹੁੰਦੇ ਹਨ, ਬਲਕਿ ਦੇਸ਼ ਦੀ ਆਰਥਿਕਤਾ ਨੂੰ ਵੀ ਚੰਦ ਲੋਕਾਂ ਦੇ ਹਵਾਲੇ ਕਰ ਦੇਣ ਵਿੱਚ ਲੱਗੇ ਹੋਏ ਹਨ। ਇਸ ਤੋਂ ਇਲਾਵਾ ਇਹ ਰੂੜੀਵਾਦੀ ਦਾ ਪ੍ਰਚਾਰ ਕਰ ਰਹੇ ਹਨ ਤੇ ਗੈਰ ਵਿਗਿਆਨਕ ਗੱਲਾਂ ਨੂੰ ਵਧਾਉਣ ਵਿੱਚ ਲੱਗੇ ਹੋਏ ਹਨ। ਇਹ ਲੋਕਤੰਤਰ ਨੂੰ ਤਹਿਸ-ਨਹਿਸ ਕਰਕੇ ਆਧੁਨਿਕ ਰਜਵਾੜਾਸ਼ਾਹੀ ਵਾਲਾ ਤੰਤਰ ਜਿਸ ਵਿੱਚ ਰਾਇ ਦੇਣ ਦੀ ਕੋਈ ਗੁੰਜਾਇਸ਼ ਨਾ ਹੋਏ, ਸਥਾਪਤ ਕਰਨਾ ਚਾਹੁੰਦੇ ਹਨ। ਲਲਨ ਟੋਪ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾ ਰਮਨ ਦੇ ਪਤੀ ਡਾਕਟਰ ਪਰਕਲ ਪ੍ਰਭਾਕਰ ਦੇ ਅਨੁਸਾਰ ਜੇਕਰ ਦੇਸ਼ ਵਿੱਚ ਤੀਸਰੀ ਵਾਰ ਮੋਦੀ ਸਰਕਾਰ ਬਣਦੀ ਹੈ ਤਾਂ ਤੁਸੀਂ ਇਕ ਹੋਰ ਚੁਨਾਵ ਦੀ ਉਮੀਦ ਮੱਤ ਰੱਖਣਾ। ਤੁਹਾਡੇ ਸਾਹਮਣੇ ਜੋ ਦੇਸ਼ ਦਾ ਸੰਵਿਧਾਨ ਤੇ ਨਕਸ਼ਾ ਹੈ, ਉਹ ਬਦਲ ਜਾਏਗਾ ਤੇ ਤੁਸੀਂ ਇਸ ਨੂੰ ਪਛਾਣ ਵੀ ਨਹੀਂ ਸਕਦੇ। ਤੁਸੀਂ ਲਾਲ ਕਿਲ੍ਹੇ ਤੋਂ ਨਫ਼ਰਤੀ ਭਾਸ਼ਣ ਸੁਣੋਗੇ। ਪੂਰਾ ਖੁਲ੍ਹਾ ਖੇਲ੍ਹ ਹੋ ਜਾਏਗਾ ਜੋ ਬਹੁਤ ਹੀ ਖਤਰਨਾਕ ਹੈ। ਜੋ ਅੱਜ ਮਣੀਪੁਰ ਵਿੱਚ ਹੋ ਰਿਹਾ ਹੈ, ਉਹ ਕਿਧਰੇ ਵੀ ਹੋ ਸਕਦਾ ਹੈ। ਕਿਸਾਨਾਂ ਜਾਂ ਲੱਦਾਖ ਵਰਗਾ ਹਾਲ ਪੂਰੇ ਦੇਸ਼ ਵਿੱਚ ਹੋਣ ਵਾਲਾ ਹੈ।

ਜਵਾਹਰ ਲਾਲ ਨਹਿਰੂ ਨੇ ਹਿੰਦੂ ਫਿਰਕਾਪ੍ਰਸਤ ਤਾਕਤਾਂ ਵੱਲੋਂ ਗਾਂਧੀ ਜੀ ਦੇ ਕਤਲ ਤੋਂ ਬਾਅਦ ਕਿਹਾ ਸੀ ਕਿ ਕੁਝ ਲੋਕਾਂ ਨੂੰ ਜੇਲ੍ਹਾਂ ਵਿੱਚ ਬੰਦ ਕਰਨਾ ਅਤੇ ਕੁਝ ਸੰਗਠਨਾਂ (ਆਰ.ਐੱਸ.ਐੱਸ.) ਤੇ ਪਾਬੰਦੀ ਲਗਾਉਣਾ ਕਾਫੀ ਨਹੀਂ, ਸਾਨੂੰ ਇਸ ਘਿਣਾਉਣੀ ਫਿਰਕਾਪ੍ਰਸਤੀ ਨੂੰ ਜੜ੍ਹੋਂ ਪੁੱਟਣਾ ਪਵੇਗਾ ਤਾਂ ਕਿ ਇਸ ਨੂੰ ਇਸ ਧਰਤੀ ਤੋਂ ਉਖਾੜ ਦਿੱਤਾ ਜਾਵੇ। ਦੁਬਾਰਾ ਜੜ੍ਹ ਨਾ ਫੜੇ.. ਇਸ ਜ਼ਹਿਰ ਨੇ... ਜ਼ਮੀਨ ਵਿਚ ਪ੍ਰਵੇਸ਼ ਕਰ ਦਿੱਤਾ ਹੈ ।

ਇਸ ਲਈ ਅਜੋਕੇ ਸਮੇਂ ਦਾ ਸੰਘਰਸ਼ ਤੀਸਰੇ ਸੁਤੰਤਰਤਾ ਸੰਗਰਾਮ ਦੇ ਦਾਇਰੇ ਵਿੱਚ ਕਿਹਾ ਜਾ ਸਕਦਾ ਹੈ, ਜਿਸ ਵਿੱਚ ਸੁਤੰਤਰਤਾ ਤੇ ਪ੍ਰਭੂਸੱਤਾ ਦੀ ਰਾਖੀ ਕਰਨਾ ਪ੍ਰਮੁੱਖ ਕਾਰਜ ਹੈ। ਮੌਜੂਦਾ ਰਾਜ ਸੱਤਾ ਵਿੱਚ ਬੈਠੇ ਫ਼ਿਰਕਾਪ੍ਰਸਤਾਂ ਅਤੇ ਕਾਰਪੋਰੇਟ ਖੇਤਰ ਦਾ ਇੱਕ ਮਜ਼ਬੂਤ ਗਠਜੋੜ ਹੈ । ਇਸ ਲਈ ਦੇਸ਼ ਉਸ ਕਿਸਮ ਦੇ ਵਿਕਾਸ ਵੱਲ ਜਾ ਰਿਹਾ ਹੈ, ਜਿਸ ਵਿੱਚ ਕਿ ਆਮ ਲੋਕਾਂ ਦਾ ਵਿਕਾਸ ਬਿਲਕੁਲ ਦਰਕਿਨਾਰ ਕਰ ਦਿੱਤਾ ਗਿਆ ਹੈ।

ਅਜੋਕੇ ਸਮੇਂ ਇਸ ਸੰਘਰਸ਼ ਨੂੰ ਜਿੱਤਣਾ ਅਤੀ ਜ਼ਰੂਰੀ ਹੈ, ਨਹੀਂ ਤਾਂ ਭਾਰਤ ਜਿਸ ਵਿਚਾਰ ਨਾਲ ਬਣਿਆ ਸੀ, ਉਹ ਖੇਰੂੰ ਖੇਰੂੰ ਹੋ ਜਾਏਗਾ । ਦੇਸ਼ ਦੇ ਮਿਹਨਤਕਸ਼ ਲੋਕ ਪਿਸ ਜਾਣਗੇ, ਜਿਨ੍ਹਾਂ ਹਾਲਾਤਾਂ ਵਿੱਚੋਂ ਨਿਕਲਣਾ ਹੋਰ ਵੀ ਔਖਾ ਹੋ ਜਾਏਗਾ। ਕਿਉਂਕਿ ਇਹ ਸਰਕਾਰ ਲੋਕਾਂ ਦੇ ਰੁਜ਼ਗਾਰ, ਮਹਿੰਗਾਈ, ਸਿਹਤ ਤੇ ਸਿੱਖਿਆ ਆਦਿ ਦੇ ਮਸਲਿਆਂ ਨੂੰ ਹੱਲ ਕਰਨ ਵਿੱਚ ਬੁਰੀ ਤਰ੍ਹਾਂ ਅਸਫਲ ਰਹੀ ਹੈ, ਇਸ ਲਈ ਲੋਕਾਂ ਵਿੱਚ ਇਹਨਾਂ ਦੇ ਖਿਲਾਫ ਰੋਸ ਹੈ। ਉਸ ਰੋਸ ਨੂੰ ਆਉਣ ਵਾਲੇ ਦਿਨਾਂ ਵਿੱਚ ਚੋਣ ਘੋਲ ਦੇ ਰਾਹੀਂ ਕਿਵੇਂ ਅਮਲੀ ਜਾਮਾ ਪਵਾਉਣਾ ਹੈ, ਇਹ ਸਮਾਜ ਵਿੱਚ ਬੈਠੇ ਚੇਤਨ ਲੋਕਾਂ, ਨੇਤਾਵਾਂ ਤੇ ਰਾਜਨਤਿਕ ਪਾਰਟੀਆਂ ਦਾ ਕੰਮ ਹੈ।

**# ਸੰਪਰਕ : 94170-00360**

# ਆਗੂਆਂ ਨੇ ਹੀ ਕੱਢਿਆ ਲੋਕਤੰਤਰ ਦਾ ਜਨਾਜ਼ਾ



ਚੰਦਰਪਾਲ ਅੱਤਰੀ

ਪੱਤਰਕਾਰਤਾ ਨਾਲ ਨੇੜਿਓਂ ਜੁੜੇ ਹੋਣ ਕਾਰਨ ਸਾਡਾ ਵਾਹ-ਵਾਸਤਾ ਅਕਸਰ ਆਗੂਆਂ ਨਾਲ ਪੈਂਦਾ ਰਹਿੰਦਾ ਹੈ।ਇੱਕ ਵਾਰ ਇੱਕ ਸਿਆਣੇ ਤੇ ਦਾਰਸ਼ਨਿਕ ਆਗੂ ਨਾਲ ਗੱਲਬਾਤ ਦੌਰਾਨ ਜਦੋਂ ਅਸੀਂ ਉਸ ਤੋਂ ਸਰਕਾਰ ਚਲਾਉਣ ਸਬੰਧੀ ਸਭ ਤੋਂ ਉਚਿਤ ਵਿਧੀ ਬਾਰੇ ਪੁੱਛਿਆ ਤਾਂ ਪਹਿਲਾਂ ਉਸ ਆਗੂ ਨੇ ਨਿੱਜੀ ਕਿਰਦਾਰ ਨੂੰ ਸਭ ਤੋਂ ਵੱਧ ਅਹਿਮੀਅਤ ਦਿੱਤੀ, ਪਰ ਫਿਰ ਨਾਲ ਹੀ ਕਿਹਾ ਕਿ ਸਮਾਜ ਦੇ ਵਿਕਾਸ ਲਈ ਲੋਕਤੰਤਰ ਤੋਂ ਵੱਡਾ ਕੁਝ ਵੀ ਨਹੀਂ ਹੈ ਤੇ ਦੁਨੀਆ ਵਿੱਚ ਲੋਕਤੰਤਰ ਹਰ ਹਾਲ ਵਿੱਚ ਮਜ਼ਬੂਤ ਹੋਣਾ ਚਾਹੀਦਾ ਹੈ, ਪਰ ਉਸ ਆਗੂ ਨੇ ਥੋੜ੍ਹਾ ਹੋਰ ਅਗਾਂਹ ਵਧਦਿਆਂ ਕਿਹਾ ਕਿ ਬਦਕਿਸਮਤੀ ਇਹ ਹੈ ਕਿ ਸਾਡੇ ਲੋਕਤੰਤਰ ਦਾ ਆਨੰਦ ਮਾਣ ਚੁੱਕੇ ਤੇ ਮਾਨਣ ਵਾਲੇ ਆਗੂ ਹੀ ਲੋਕਤੰਤਰ ਦਾ ਜਨਾਜ਼ਾ ਕੱਢਣ ਵਿੱਚ ਲੱਗੇ ਹੋਏ ਹਨ।ਲੋਕਤੰਤਰ ਦੀ ਮਜ਼ਬੂਤੀ ਸੰਬੰਧੀ ਆਪਣੇ ਇਸ ਆਰਟੀਕਲ ਦੇ ਵਿਸਥਾਰ ਤੋਂ ਪਹਿਲਾਂ ਅਸੀਂ 16 ਮਾਰਚ ਨੂੰ ਆਮ ਚੋਣਾਂ ਹੋਣ ਸੰਬੰਧੀ ਹੋਏ ਐਲਾਨ ਬਾਰੇ ਜ਼ਿਕਰ ਕਰਾਂਗੇ ।ਦੇਸ਼ ਅੰਦਰ ਕੁੱਲ 543 ਸੀਟਾਂ ਲਈ ਸੱਤ ਗੇੜਾਂ ਵਿੱਚ ਵੋਟਾਂ ਪੈਣੀਆਂ ਹਨ ।ਕਿਸੇ ਵੀ ਦੇਸ਼ ਦੀਆਂ ਆਮ ਚੋਣਾਂ ਨੇ ਉਸ ਦੇਸ਼ ਦਾ ਭਵਿੱਖ ਨਿਰਧਾਰਤ ਕਰਨਾ ਹੁੰਦਾ ਹੈ ।ਇਹ ਭਵਿੱਖ ਸਿਆਸੀ ਪਾਰਟੀਆਂ ਤੇ ਆਮ ਲੋਕਾਂ ਦੀ ਸੋਚਣੀ ਉਪਰ ਵੀ ਨਿਰਭਰ ਹੁੰਦਾ ਹੈ ।ਜੇ ਅਸੀਂ ਭਾਰਤ ਦੀ ਗੱਲ ਕਰੀਏ ਤਾਂ ਇਸ ਵਾਰ ਸਾਡੇ ਦੇਸ਼ ਅੰਦਰ ਆਮ ਚੋਣਾਂ ਵਿੱਚ ਆਮ ਮੁੱਦੇ ਪੂਰੀ ਤਰ੍ਹਾਂ ਗਾਇਬ ਹਨ।ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਅਖੌਤੀ ਧਾਰਮਿਕਤਾ ਨਾਲ ਲਬਾ-ਲਬ, ਹੈ ਜਦਕਿ ਵਿਰੋਧੀ ਪਾਰਟੀਆਂ ਸਪੱਸ਼ਟ ਨੀਤੀ ਦੇਣ ਵਿੱਚ ਨਾਕਾਮ ਨਜ਼ਰ ਆ ਰਹੀਆਂ ਹਨ ।ਸੱਤਾ ਦਾ ਆਨੰਦ ਮਾਣ ਰਹੀ ਪਾਰਟੀ ਨੇ ਇਸ ਕਦਰ ਧਰਮ ਨੂੰ ਸੱਤਾ ਲਈ ਵਰਤਣਾ ਸ਼ੁਰੂ ਕਰ ਦਿੱਤਾ ਸੀ ਕਿ 22 ਜਨਵਰੀ ਦੇ ਸ੍ਰੀ ਰਾਮ ਮੰਦਰ ਦੇ ਉਦਘਾਟਨੀ ਸਮਾਗਮ ਵਿੱਚ ਉਨ੍ਹਾਂ ਵੱਡੀ ਧਾਰਮਿਕ ਆਸਥਾ ਰੱਖਣ ਵਾਲੇ ਤੇ ਸਨਾਤਨ ਧਰਮ ਦੇ ਮੁੱਖ ਸਤੰਭ ਮੰਨੇ ਜਾਂਦੇ ਸ਼ੰਕਰਾਚਾਰੀਆਂ ਨੂੰ ਵੀ ਅਣਗੌਲ ਦਿੱਤਾ।ਅਸੀਂ ਇਹ ਨਹੀਂ ਕਹਿੰਦੇ ਕਿ ਸ੍ਰੀ ਰਾਮ ਮੰਦਰ ਬਣਨਾ ਨਹੀਂ ਚਾਹੀਦਾ ਸੀ ਜਾਂ ਉਸ ਦਾ ਉਦਘਾਟਨ ਨਹੀਂ ਹੋਣਾ ਚਾਹੀਦਾ ਸੀ, ਪਰ ਇਹ ਉਦਘਾਟਨ ਹਰ ਹਾਲ ਵਿਚ ਸੱਚੇ-ਪੱਕੇ ਧਾਰਮਿਕ ਆਗੂਆਂ ਦੁਆਰਾ ਹੀ ਹੋਣਾ ਚਾਹੀਦਾ ਸੀ, ਨਾ ਕਿ ਸਿਆਸਤਦਾਨਾਂ ਦੁਆਰਾ।ਉਂਝ ਵੀ ਸਿਆਸਤ ਦੇ ਸਰਬ-ਪ੍ਰਵਾਨਿਤ ਨਿਯਮਾਂ ਮੁਤਾਬਕ ਰਾਜ ਦਾ ਕੋਈ ਧਰਮ ਨਹੀਂ ਹੁੰਦਾ ਤੇ ਰਾਜੇ ਨੇ ਸਭ ਧਰਮਾਂ ਦਾ ਬਰਾਬਰ ਸਨਮਾਨ ਕਰਨਾ ਹੁੰਦਾ ਹੈ, ਹਾਲਾਂਕਿ ਇਸ ਮਾਮਲੇ ਵਿੱਚ ਅਜੇ ਵਿਰੋਧੀ ਪਾਰਟੀਆਂ ਵੀ ਉਸ ਕਦਰ ਸਪੱਸ਼ਟ ਨਹੀਂ, ਜਿਸ ਕਦਰ ਦੀ ਉਨ੍ਹਾਂ ਤੋਂ ਉਮੀਦ ਸੀ।ਇਨ੍ਹਾਂ ਚੋਣਾਂ ਵਿੱਚ ਭਾਜਪਾ ਇੱਕ ਪਾਸੇ ਚਾਰ ਸੌ ਪਾਰ ਸੀਟਾਂ ਦਾ ਨਾਅਰਾ ਦੇ ਰਹੀ ਹੈ, ਜਦਕਿ ਦੂਜੇ ਪਾਸੇ ਉਹ ਕਿਸੇ ਵੀ ਕਾਂਗਰਸੀ ਜਾਂ ਹੋਰਨਾਂ ਪਾਰਟੀਆਂ ਦੇ ਆਗੂਆਂ ਨੂੰ ਪਾਰਟੀ ਵਿਚ ਸ਼ਾਮਿਲ ਕਰਨ ਤੋਂ ਗੁਰੇਜ਼ ਨਹੀਂ ਕਰ ਰਹੀ।ਸਿਤਮਜ਼ਰੀਫੀ ਤਾਂ ਇਹ ਹੈ ਕਿ ਭਾਜਪਾ ਵਿੱਚ ਸ਼ਾਮਲ ਹੋਣ ਦੇ ਅੱਧੇ ਘੰਟੇ ਬਾਅਦ ਹੀ ਕਾਂਗਰਸੀ ਆਗੂਆਂ ਨੂੰ ਟਿਕਟ ਮਿਲ ਜਾਂਦਾ ਹੈ।ਭਾਜਪਾਈ ਆਗੂ ਖਾਸ ਕਰ ਕੇ ਕਾਂਗਰਸ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਇਨ੍ਹਾਂ ਕਾਂਗਰਸੀ ਆਗੂਆਂ ਨੂੰ ਪਤਾ ਨਹੀਂ ਕੀ -ਕੀ ਕਹਿੰਦੇ ਨਹੀਂ ਥੱਕਦੇ ਸਨ, ਪਰ ਹੁਣ ਇਹ ਆਗੂ ਭਾਜਪਾ ਵਿੱਚ ਆ ਕੇ ਸਰਬ-ਉੱਚ ਹੋ ਗਏ ਹਨ ਤੇ ਭਾਜਪਾ ਵਾਲੇ ਮੁੜ ਦਰੀਆਂ ਵਿਛਾਉਣ ਵਾਲੀ ਡਿਊਟੀ ਉਤੇ ਆ ਗਏ ਹਨ ।ਆਮ ਚੋਣਾਂ ਦੌਰਾਨ ਈ ਡੀ ਨੇ ਸੀ ਬੀ ਆਈ ਦੀ ਥਾਂ ਲੈ ਲਈ ਹੈ ।ਈ ਡੀ ਵਿਰੋਧੀ ਧਿਰ ਦੇ ਆਗੂਆਂ ਨੂੰ ਮਿੱਥ ਕੇ ਨਿਸ਼ਾਨਾ ਬਣਾ ਰਹੀ ਹੈ ਤੇ ਜੋ ਭਾਜਪਾ ਵਿੱਚ ਆ ਜਾਂਦਾ ਹੈ, ਉਸ ਦੇ ਸਾਰੇ ਖੂਨ ਮੁਆਫ਼ ਕਰ ਦਿੰਦੀ ਹੈ ।ਈ ਡੀ ਤੇ ਇਨਕਮ ਟੈਕਸ ਦੀ ਕਾਰਵਾਈ ਤੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਉਕਤ ਏਜੰਸੀਆਂ ਦੇ ਹਾਲੀਆ ਆਕਾ ਵਿਰੋਧੀ ਧਿਰ ਤੋਂ ਬਰਾਬਰ ਦੇ ਮੌਕੇ ਖੋਹਣ ਦਾ ਯਤਨ ਕਰ ਰਹੇ ਹਨ।ਹੁਣ ਸੋਚਣ ਦੀ ਗੱਲ ਇਹ ਹੈ ਕਿ ਜੇ ਵਿਰੋਧੀ ਧਿਰ ਨੂੰ ਬਰਾਬਰ ਮੌਕੇ ਹੀ ਨਹੀਂ ਮਿਲਣੇ ਤਾਂ ਅਸੀਂ ਲੋਕਤੰਤਰ ਨੂੰ ਜੀਵੰਤ ਕਿਵੇਂ ਕਹਿ ਸਕਦੇ ਹਾਂ।ਭਾਜਪਾ ਇੱਕ ਪਾਸੇ ਤਾਂ ਇਲੈਕਸ਼ਨ ਬਾਂਡ ਬਾਰੇ ਸੂਚਨਾਵਾਂ ਜਨਤਕ ਕਰਨ ਦੀ ਵੀ ਹਾਮੀ ਨਹੀਂ ਹੈ, ਜਦਕਿ ਦੂਜੇ ਪਾਸੇ ਉਹ ਹੋਰਨਾਂ ਪਾਰਟੀਆਂ ਨੂੰ ਇਨਕਮ ਟੈਕਸ ਦੇ ਨੋਟਿਸ ਕੱਢਣ ਦੇ ਨਾਲ-ਨਾਲ ਜੇਲ੍ਹਾਂ ਵਿੱਚ ਵੀ ਸੁੱਟ ਰਹੀ ਹੈ।ਇਸੇ ਤਰ੍ਹਾਂ ਜੇ ਕਾਂਗਰਸ ਦੀ ਗੱਲ ਕਰੀਏ ਤਾਂ ਆਪਣੇ ਸ਼ਾਸਨ ਦੌਰਾਨ ਲੋਕਤੰਤਰ ਦਾ ਜਨਾਜ਼ਾ ਕੱਢਣ ਵਿੱਚ ਇਸ ਪਾਰਟੀ ਨੇ ਵੀ ਕੋਈ ਕਸਰ ਨਹੀਂ ਛੱਡੀ।ਦੇਸ਼ ਵਿੱਚ ਸਭ ਤੋਂ ਪਹਿਲਾਂ ਕਾਰਪੋਰੇਟ ਘਰਾਣਿਆਂ ਨੂੰ ਅਹਿਮੀਅਤ ਹੀ ਕਾਂਗਰਸ ਨੇ ਦਿੱਤੀ ਸੀ।1991 ਦੀ ਆਰਥਿਕ ਨੀਤੀ ਨੇ ਦੇਸ਼ ਦਾ ਸਾਰਾ ਜਨਤਕ ਢਾਂਚਾ ਹੀ ਨੇਸਤੋ-ਨਾਬੂਦ ਕਰ ਦਿੱਤਾ ਸੀ । ਸੋਚਣ ਦੀ ਗੱਲ ਇਹ ਹੈ ਕਿ ਕਾਂਗਰਸ ਆਪਣੇ ਆਗੂਆਂ ਨੂੰ ਸਿਧਾਂਤਕ ਗੁੜ੍ਹਤੀ ਦੇਣ ਵਿੱਚ ਨਾਕਾਮ ਕਿਉਂ ਰਹੀ।ਦੋ ਵਾਰੀਆਂ ਦਾ ਮੁੱਖ ਮੰਤਰੀ, ਤਿੰਨ -ਚਾਰ ਵਾਰੀਆਂ ਦੇ ਲੋਕ ਸਭਾ ਮੈਂਬਰ ਤੇ ਸੂਬਾ ਪ੍ਰਧਾਨ ਤੱਕ ਪਾਰਟੀ ਵਿਚੋਂ ਭੱਜ ਗਏ ਹਨ ।ਇਸੇ ਤਰ੍ਹਾਂ ਦੀ ਹਾਲਤ ਸ਼੍ਰੋਮਣੀ ਅਕਾਲੀ ਦਲ ਦੀ ਹੈ।ਇਸ ਪਾਰਟੀ ਨੂੰ ਸੱਤਾ ਵਿੱਚ ਰਹਿੰਦਿਆਂ ਨਾ ਪੰਜਾਬ ਦੇ ਪਾਣੀਆਂ ਦੇ ਮਸਲੇ ਚਿੱਤ-ਚੇਤੇ ਰਹਿੰਦੇ ਹਨ ਤੇ ਨਾ ਹੀ ਬੰਦੀ ਸਿੰਘਾਂ ਦੀ ਰਿਹਾਈ, ਨਾ ਪੰਜਾਬੀ ਬੋਲਦੇ ਇਲਾਕੇ ਤੇ ਨਾ ਪੰਜਾਬ ਯੂਨੀਵਰਸਿਟੀ ਹੀ ਦਿਸਦੀ ਹੈ । ਇਸ ਤਰ੍ਹਾਂ ਲੋਕਤੰਤਰ ਦੇ ਇਸ ਜਨਾਜ਼ੇ ਵਿੱਚ ਸਭ ਸ਼ਾਮਲ ਹਨ।ਨਾ ਹੀ ਕੋਈ ਕਿਸੇ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰਨ ਸਮੇਂ ਸਿਧਾਂਤ ਵੇਖ ਰਿਹਾ ਹੈ ਤੇ ਨਾ ਹੀ ਕੋਈ ਸ਼ਾਮਲ ਹੁੰਦਿਆਂ ਸ਼ਰਮ ਮਹਿਸੂਸ ਕਰ ਰਿਹਾ ਹੈ।ਇਹ ਸਭ ਸੱਤਾ ਲਈ ਹੋ ਰਿਹਾ ਹੈ ।

ਇਸ ਸਭ ਦੇ ਬਾਵਜੂਦ ਅਜੇ ਵੀ ਬਹੁਤ ਲੋਕ ਅਜਿਹੇ ਹਨ, ਜੋ ਬੁਨਿਆਦੀ ਮੁੱਦਿਆਂ ਨੂੰ ਅਹਿਮੀਅਤ ਦੇਣਾ ਚਾਹੁੰਦੇ ਹਨ।ਅਜੇ ਵੀ ਜੇ ਅਸੀਂ ਲੋਕਤੰਤਰ ਨੂੰ ਬਚਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਰਾਜ ਨੂੰ ਧਰਮ ਦਾ ਹਿੱਸਾ ਨਾ ਬਣਨ ਦੇਈਏ।ਭਾਜਪਾ ਵਾਂਗ ਮਹਿਜ਼ ਸਨਾਤਨੀ ਤੇ ਕਾਂਗਰਸ ਵਾਂਗ ਅਖੌਤੀ ਧਰਮ ਨਿਰਪੱਖਤਾ ਤੋਂ ਉਚਿਤ ਦੂਰੀ ਰੱਖੀਏ।ਰਾਜ ਦਾ ਮੁੱਖ ਕੰਮ ਲੋਕ ਮਸਲੇ ਹੱਲ ਕਰਨਾ ਹੈ।ਅਸੀਂ ਸਰਕਾਰਾਂ ਬਣਾਉਣ ਸਮੇਂ ਰੁਜ਼ਗਾਰ, ਪੜ੍ਹਾਈ,ਸਿੱਖਿਆ,ਸਿਹਤ ਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੀਆਂ ਮੰਗਾਂ ਉਭਾਰੀਏ।ਕਿਸਾਨਾਂ ,ਮਜ਼ਦੂਰਾਂ ਤੇ ਛੋਟੇ ਵਪਾਰੀਆਂ ਦੇ ਮਸਲੇ ਹੱਲ ਕਰੀਏ।ਅਸੀਂ ਸ਼ਾਂਤੀ ਦੀ ਗੱਲ ਕਰੀਏ।ਦਰਦਮੰਦਾਂ ਦਾ ਦਰਦ ਸਮਝੀਏ।ਕੁਰਾਹੇ ਪੈਣ ਵਾਲਿਆਂ ਨੂੰ ਸਮਝਾਈਏ ਤੇ ਖੁਦ ਕੁਰਾਹੇ ਪੈਣ ਤੋਂ ਬਚੀਏ ।

**# ਸੰਪਰਕ : 78891-11988**

# ਭਾਰਤ 'ਚ ਅਮੀਰੀ-ਗਰੀਬੀ ਦਾ ਪਾੜਾ ਹੋਇਆ ਹੋਰ ਵੱਡਾ

**ਮੂਲ : ਐੱਮ ਜੀ ਅਰੁਨੂ**
**ਅਨੁ : ਮੋਹਨ ਸਿੰਘ ਔਲਖ**

ਅਮੀਰ-ਗਰੀਬ ਦੇ ਵਿਚਲੀ ਖਾਈ ਭਾਰਤ ਵਿੱਚ ਕਦੇ ਵੀ ਛਿਪੀ ਨਹੀਂ ਰਹੀ ਹੈ। ਪੈਰਿਸ ਵਿਖੇ ਸਥਿਤ ਸ਼ੋਧ ਸੰਗਠਨ ਵਰਲਡ ਇਨਇਕੁਐਲਿਟੀ ਲੈਬ ਵੱਲੋਂ ਹਾਲ ਹੀ ਵਿੱਚ ਜਾਰੀ ਇੱਕ ਰਿਪੋਰਟ ਵਿੱਚ ਇਸ ਬਾਰੇ ਫਿਰ ਤੋਂ ਪੁਸ਼ਟੀ ਕੀਤੀ ਗਈ ਹੈ। ਜੋ ਕੁਝ ਹੋਇਆ ਹੈ ਤਾਂ ਇਹ ਕਿ ਇਹ ਖਾਈ ਹੋਰ ਚੌੜੀ ਹੋ ਗਈ ਹੈ। ਦੇਸ਼ ਦੀ ਸਿਰਫ਼ ਇੱਕ ਫੀਸਦੀ ਆਮਦਨ ਅਤੇ ਸੰਪਤੀ ਵਿੱਚ ਹਿੱਸੇਦਾਰੀ ਆਪਣੀ ਇਤਿਹਾਸਕ ਉਚਾਈ 'ਤੇ ਪਹੁੰਚ ਗਈ ਹੈ ਅਤੇ ਇਹ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਹੈ। ਰਿਪੋਰਟ ਦੇ ਵੱਖ-ਵੱਖ ਪੱਖਾਂ ਨੂੰ ਛੋਹੰਦਿਆਂ ਹੋਇਆਂ ਇਹ ਕਿਹਾ ਗਿਆ ਹੈ ਕਿ ਸਾਲ 2023 ਤੱਕ ਸਭ ਤੋਂ ਅਮੀਰ ਇੱਕ ਫੀਸਦੀ ਭਾਰਤੀਆਂ ਕੋਲ ਦੇਸ਼ ਦੀ ਆਮਦਨ ਦਾ 22.6 ਫੀਸਦੀ ਅਤੇ ਸੰਪਤੀ ਦਾ 40 ਫੀਸਦੀ ਹਿੱਸਾ ਸੀ।

ਇਨਕਮ ਐਂਡ ਵੈਲਥ ਇਨਇਕੁਐਲਿਟੀ ਇਨ ਇੰਡੀਆ 1922-2023: ਦਾ ਰਾਈਸ ਆਫ ਬਿਲੇਨੀਅਰ ਰਾਜ ਵਾਲੀ ਰਿਪੋਰਟ ਦੇ ਅਨੁਸਾਰ ਆਜ਼ਾਦੀ ਤੋਂ ਬਾਅਦ ਦੇ 1980 ਦੇ ਦਹਾਕੇ ਦੀ ਸ਼ੁਰੂਆਤ ਤੱਕ ਗੈਰ-ਬਰਾਬਰੀ ਵਿੱਚ ਕਮੀ ਆਈ ਸੀ, ਪਰ ਇਸ ਤੋਂ ਬਾਅਦ ਇਸ ਵਿੱਚ ਲਗਾਤਾਰ ਵਾਧਾ ਹੁੰਦਾ ਗਿਆ ਤੇ 2000 ਦੇ ਦਹਾਕੇ ਦੀ ਸ਼ੁਰੂਆਤ ਵਿੱਚ ਇਹ ਬਹੁਤ ਤੇਜ਼ ਗਤੀ ਨਾਲ ਵਧੀ। ਦੇਸ਼ ਦੇ ਸਿਰਫ਼ ਇੱਕ ਫੀਸਦੀ ਲੋਕਾਂ ਨੇ 2022-23 ਵਿੱਚ ਔਸਤਨ 53 ਲੱਖ ਰੁਪਏ ਦੀ ਕਮਾਈ ਕੀਤੀ, ਜੋ ਔਸਤ ਭਾਰਤੀਆਂ ਦੀ ਆਮਦਨ ਤੋਂ 23 ਗੁਣਾ ਜ਼ਿਆਦਾ ਹੈ। ਦੇਸ਼ ਦੇ ਹੇਠਲੇ ਦਰਜੇ ਦੇ 50 ਫੀਸਦੀ ਅਤੇ ਮੱਧ ਵਰਗ ਦੇ 40 ਫੀਸਦੀ ਲੋਕਾਂ ਦੀ ਔਸਤ ਆਮਦਨ ਕ੍ਰਮਵਾਰ 71,000 ਰੁਪਏ (ਰਾਸ਼ਟਰੀ ਔਸਤ ਦਾ 0.3 ਫੀਸਦ) ਅਤੇ 1,65,000 ਰੁਪਏ (ਰਾਸ਼ਟਰੀ ਆਮਦਨ ਦਾ 0.7)। ਸਭ ਤੋਂ 9223 ਲੋਕਾਂ (9. 2 ਕਰੋੜ ਭਾਰਤੀਆਂ ਵਿੱਚੋਂ) ਨੇ ਔਸਤ 48 ਕਰੋੜ ਰੁਪਈਆ ਕਮਾਇਆ (ਔਸਤ ਭਾਰਤੀ ਕਮਾਈ ਤੋਂ 2069 ਗੁਣਾ)।

21ਵੀਂ ਸਦੀ ਦੀ ਸ਼ੁਰੂਆਤ ਦੇ ਵਿੱਤੀ ਵਰ੍ਹੇ 2002 ਵਿੱਚ ਸਿਰਫ਼ 10 ਫੀਸਦੀ ਦੇ ਕੋਲ ਸੰਪਤੀ ਦਾ 57.1 ਫੀਸਦੀ ਹਿੱਸਾ ਸੀ, ਜਦੋਂਕਿ ਸਿਰਫ਼ 10 ਫੀਸਦੀ ਦੇ ਕੋਲ ਆਮਦਨ ਦਾ ਹਿੱਸਾ 42.1 ਫੀਸਦੀ ਸੀ। ਇਹ 15 ਫੀਸਦੀ ਅੰਕ ਦਾ ਅੰਤਰ ਹੈ । ਅਗਲੇ 20 ਸਾਲਾਂ ਵਿੱਚ ਸਿਰਫ਼ 10 ਫੀਸਦ ਦੀ ਆਮਦਨ ਦਾ ਹਿੱਸਾ ਜ਼ਿਆਦਾ ਤੇਜ਼ੀ ਨਾਲ ਵਧਿਆ ਅਤੇ ਅੰਤਰ ਵਿੱਚ ਕਾਫ਼ੀ ਕਮੀ ਆਈ । ਵਿੱਤੀ ਵਰ੍ਹੇ 2022 ਤੱਕ ਅੰਤਰ ਅੱਧਾ ਘਟ ਕੇ 7.3 ਫੀਸਦੀ ਰਹਿ ਗਿਆ । ਦੂਜੇ ਪਾਸੇ ਇਸ ਦੇ ਦੌਰਾਨ ਸਿਰਫ਼ ਇੱਕ ਫੀਸਦੀ ਦੀ ਆਮਦਨ ਅਤੇ ਸੰਪਤੀ ਦੀ ਤੁਲਨਾ ਕੀਤੀ ਜਾਵੇ ਤਾਂ ਰੁਝਾਨ ਇਕਦਮ ਉਲਟ ਹੈ । 2002 ਵਿੱਚ ਸਿਰਫ਼ ਇੱਕ ਫੀਸਦ ਦੀ ਸੰਪਤੀ ਦਾ ਹਿੱਸਾ 25.4 ਸੀ, ਜਦੋਂ ਕਿ ਆਮਦਨ ਲਈ ਇਹ ਹਿੱਸਾ 16.7 ਫੀਸਦੀ ਸੀ । ਯਾਨੀ ਕਿ ਦੋਨਾਂ ਦੇ ਵਿਚਲਾ ਅੰਤਰ 8.7 ਫੀਸਦੀ ਅੰਕ ਸੀ। 20 ਸਾਲਾਂ ਬਾਅਦ 2022 ਤੱਕ ਇਹ ਅੰਤਰ ਵਧ ਕੇ 13.4 ਫੀਸਦੀ ਅੰਕ ਹੋ ਗਿਆ। ਨਿਤਿਨ ਕੁਮਾਰ ਭਾਰਤੀ, ਲੋਕਾਸ ਚਾਂਸਲ, ਥਾਮਸ ਪਿਕੇਟੀ ਅਤੇ ਅਨਮੋਲ ਸੋਮਾਂਚੀ ਦੇ ਲਿਖੇ ਪੱਤਰ ਵਿੱਚ ਕਿਹਾ ਗਿਆ ਹੈ, ਇਹ ਉਲਟ ਰੁਝਾਨ ਸੰਕੇਤ ਦਿੰਦੇ ਹਨ ਕਿ ਇਕਦਮ ਉੱਪਰਲੀ ਸਤਹਿ ਤੇ ਆਮਦਨ ਦੀ ਤੁਲਨਾ ਵਿੱਚ ਸੰਪਤੀ ਦਾ ਕੇਂਦਰੀਕਰਨ ਜ਼ਿਆਦਾ ਤੇਜ਼ੀ ਨਾਲ ਵਧ ਰਿਹਾ ਹੈ।

ਨਵੀਂ ਜਾਣਕਾਰੀ ਨੇ ਸਿਰਫ਼ ਉਹੀ ਗੱਲਾਂ ਨੂੰ ਦੁਹਰਾਇਆ ਹੈ, ਜਿਨ੍ਹਾਂ ਬਾਰੇ ਪਹਿਲਾਂ ਹੀ ਕਈ ਅਰਥ ਸ਼ਾਸਤਰੀ ਇਸ਼ਾਰਾ ਕਰਦੇ ਆਏ ਹਨ । ਭਾਰਤੀਆਂ ਵਿੱਚ ਵਧ ਰਹੀ ਸੰਪਤੀ ਅਸਮਾਨਤਾ ਜਿਸ ਨੂੰ ਮਹਾਂਮਾਰੀ ਨੇ ਹੋਰ ਜ਼ਿਆਦਾ ਬੜ੍ਹਾਵਾ ਦਿੱਤਾ ਹੈ, ਨਵੇਂ ਪੱਖਾਂ ਨੇ ਦੇਸ਼ ਦੀ ਅੰਗਰੇਜ਼ੀ ਅੱਖਰ ਕੇ (™) ਦੇ ਆਕਾਰ ਦੀ ਵਾਧਾ ਥਿਊਰੀ ਉੱਤੇ ਜ਼ਿਆਦਾ ਜ਼ੋਰ ਦਿੱਤਾ ਹੈ । ਯਾਨੀ ਅਮੀਰ ਤੇਜ਼ੀ ਨਾਲ ਵਧ ਰਹੇ ਹਨ ਅਤੇ ਗਰੀਬਾਂ ਦੀ ਤੁਲਨਾ ਵਿੱਚ ਜ਼ਿਆਦਾ ਤੋਂ ਜ਼ਿਆਦਾ ਮਹਿੰਗੇ ਸਮਾਨ ਦੀ ਵਰਤੋਂ ਕਰ ਰਹੇ ਹਨ। ਭਾਰਤੀ ਅਰਥ ਵਿਵਸਥਾ ਦੇ ਉਦਾਰੀਕਰਨ ਦੇ ਬਾਅਦ ਨਿੱਜੀਕਰਨ ਦਾ ਵਾਧਾ ਅਤੇ ਪੂੰਜੀ ਬਾਜ਼ਾਰ ਦੇ ਵਾਧੇ ਲਈ ਸਿਰਫ਼ ਕੁਝ ਹੀ ਲੋਕਾਂ ਦੇ ਹੱਥਾਂ ਵਿੱਚ ਸੰਪਤੀ ਦਾ ਕੇਂਦਰੀਕਰਨ ਕੀਤਾ ਹੈ। ਰਿਪੋਰਟ ਇਸ ਗੱਲ ਨਾਲ ਵੀ ਸਹਿਮਤ ਹੈ ਕਿ 90 ਦੇ ਦਹਾਕੇ ਦੇ ਅਖੀਰ ਵਿੱਚ ਸਰਕਾਰੀ ਅਤੇ ਨਿੱਜੀ ਖੇਤਰ ਵਿੱਚ ਤਬਦੀਲੀਆਂ ਨੇ ਇਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਰਿਪੋਰਟ ਅਨੁਸਾਰ ਇਹ ਮੰਨਣ ਦੀ ਵਜ੍ਹਾ ਇਹ ਹੈ ਕਿ 90 ਤੋਂ ਬਾਅਦ ਦੇ ਸਾਲਾਂ ਵਿੱਚ ਪੂੰਜੀ ਆਮਦਨੀ ਨੇ ਇਹ ਭੂਮਿਕਾ ਨਿਭਾਈ। ਰਿਪੋਰਟ ਇਹ ਵੀ ਕਹਿੰਦੀ ਹੈ ਕਿ ਹੇਠਲੇ ਪੱਧਰ ਦੇ 50 ਫੀਸਦ ਅਤੇ ਮੱਧ ਵਰਗ ਦੇ 40 ਫੀਸਦ ਲੋਕਾਂ ਦੇ ਹਿੱਸੇ ਦੇ ਲਾਚਾਰ ਰਹਿਣ ਦਾ ਇੱਕ ਪ੍ਰਮੁੱਖ ਕਾਰਨ ਗੁਣਵੱਤਾ ਆਧਾਰਤ ਸਿੱਖਿਆ ਨਾ ਮਿਲਣਾ ਹੈ।

ਰਿਪੋਰਟ ਇਸ ਬਾਰੇ ਵੀ ਸੰਕੇਤ ਦਿੰਦੀ ਹੈ ਕਿ ਜਦੋਂ ਸ਼ੁੱਧ ਸੰਪਤੀ ਦੀ ਐਨਕ ਲਾ ਕੇ ਦੇਖਿਆ ਜਾਵੇ ਤਾਂ ਭਾਰਤੀ ਆਮਦਨ ਪ੍ਰਣਾਲੀ ਪ੍ਰਤੀਕਿਰਿਆਸ਼ੀਲ ਦਿਖਾਈ ਦਿੰਦੀ ਹੈ। ਰਿਪੋਰਟ ਕਹਿੰਦੀ ਹੈ ਕਿ ਟੈਕਸ ਨੀਤੀ ਨੂੰ ਪੁਨਰਗਠਿਤ ਕਰਦੇ ਹੋਏ ਇਸ ਵਿੱਚ ਆਮਦਨ ਅਤੇ ਸੰਪਤੀ ਦੋਨਾਂ ਨੂੰ ਸ਼ਾਮਲ ਕਰਨ ਅਤੇ ਸਿਹਤ, ਸਿੱਖਿਆ ਅਤੇ ਭੋਜਨ ਵਿੱਚ ਵਿਆਪਕ ਸਰਕਾਰੀ ਨਿਵੇਸ਼ ਦੀ ਜ਼ਰੂਰਤ ਹੈ। ਜਿਸ ਨਾਲ ਔਸਤ ਭਾਰਤੀਆਂ ਨੂੰ ਸਾਰਥਿਕ ਤਰੀਕੇ ਨਾਲ ਵਿਸ਼ਵੀਕਰਨ ਦਾ ਫਾਇਦਾ ਮਿਲ ਸਕੇ । ਗ਼ੈਰ-ਬਰਾਬਰੀ ਨਾਲ ਲੜਨ ਵਿੱਚ ਮਦਦ ਕਰਨ ਤੋਂ ਇਲਾਵਾ 2 ਫੀਸਦ ਦਾ ਸੁਪਰ ਟੈਕਸ ਜੇ 2022-23 ਵਿੱਚ 167 ਸਭ ਤੋਂ ਜ਼ਿਆਦਾ ਧਨ ਕੁਬੇਰ ਪਰਵਾਰਾਂ ਦੀ ਸ਼ੁੱਧ ਸੰਪਤੀ 'ਤੇ ਲਾ ਦਿੱਤਾ ਜਾਵੇ ਤਾਂ ਇਸ ਨਾਲ ਰਾਸ਼ਟਰੀ ਆਮਦਨ ਵਿੱਚ 0.5 ਫੀਸਦੀ ਦਾ ਵਾਧਾ ਹੋਵੇਗਾ ਅਤੇ ਇਸ ਤਰ੍ਹਾਂ ਦੇ ਨਿਵੇਸ਼ ਲਈ ਬੇਸ਼ਕੀਮਤੀ ਵਿੱਤੀ ਗੁੰਜਾਇਸ਼ ਬਣ ਜਾਂਦੀ। ਰਿਪੋਰਟ ਕਹਿੰਦੀ ਹੈ ਕਿ ਭਾਰਤ ਵਿੱਚ ਆਰਥਿਕ ਅੰਕੜਿਆਂ ਦੀ ਹਾਲਤ ਕਾਫੀ ਖਰਾਬ ਹੈ ਅਤੇ ਹਾਲ ਹੀ ਵਿੱਚ ਇਸ ਦੇ ਵਿੱਚ ਗਿਰਾਵਟ ਆਈ ਹੈ। ਇਸ ਦੇ ਅਨੁਸਾਰ ਨਵੇਂ ਅੰਕੜੇ ਮੌਜੂਦਾ ਗ਼ੈਰ-ਬਰਾਬਰੀ ਦੇ ਪੱਧਰ ਦੇ ਹੇਠਲੇ ਹਿੱਸੇ ਦੀ ਪ੍ਰਤੀਨਿਧਤਾ ਕਰਦੇ ਹਨ।

ਕੁਝ ਵਿਸ਼ਲੇਸ਼ਕਾਂ ਨੇ ਪ੍ਰਾਪਤ ਡਾਟੇ ਦੀ ਕਮੀ ਦੇ ਕਾਰਨ ਰਿਪੋਰਟਾਂ ਦੇ ਪੱਖਾਂ 'ਤੇ ਸਵਾਲ ਉਠਾਏ ਹਨ। ਭਾਰਤੀ ਸੰਖਿਅਕੀ ਸੰਸਥਾ, ਕਲਕੱਤਾ ਵਿੱਚ ਪ੍ਰੋਫੈਸਰ ਅਤਨੂ ਵਿਸ਼ਵਾਸ਼ ਕਰਦੇ ਹਨ, ਅੰਕੜਾ ਮਾਹਿਰ ਹੋਣ ਦੇ ਨਾਤੇ ਮੈਂ ਅੰਕੜੇ ਨਮੂਨਾ ਯੋਜਨਾਵਾਂ ਅਤੇ ਅਨੁਮਾਨ ਕੱਢਣ ਦੇ ਲਈ ਵਰਤੀਆਂ ਗਈਆਂ ਵਿਧੀਆਂ ਨੂੰ ਲੈ ਕੇ ਚਿੰਤਿਤ ਹਾਂ। ਕੋਈ ਵੀ ਹੈਰਾਨੀ ਜਤਾ ਸਕਦਾ ਹੈ ਕਿ ਤੁਸੀਂ ਆਮਦਨ ਦਾ ਹਿਸਾਬ-ਕਿਤਾਬ ਕਿਵੇਂ ਕੱਢ ਲਿਆ, ਜਦੋਂ ਕਿ ਭਾਰਤ ਦੇ ਕੋਲ ਇਸ ਤਰ੍ਹਾਂ ਦਾ ਕੋਈ ਵੀ ਅਧਿਕਾਰਤ ਆਮਦਨ ਸਰਵੇਖਣ ਹੈ ਹੀ ਨਹੀਂ । ਉਹ ਇੱਕ ਮੀਡੀਆ ਦੇ ਲੇਖ ਵਿੱਚ ਕਹਿੰਦੇ ਹਨ ਮੌਜੂਦਾ ਅਨੁਮਾਨਾਂ ਨੂੰ ਰੁਝਾਨਾਂ ਦੇ ਆਮ ਸੰਕੇਤਕ ਦੇ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ, ਨਾ ਕਿ ਸਟੀਕ ਸਥਿਤੀ ਦੇ ਰੂਪ ਵਿੱਚ । ਜਿਸ ਗੱਲ 'ਤੇ ਵਿਸ਼ਲੇਸ਼ਕ ਸਹਿਮਤ ਹਨ, ਉਹ ਇਹ ਹੈ ਕਿ ਆਮਦਨ ਅਤੇ ਸੰਪਤੀ ਵਿੱਚ ਬਿਹਤਰ ਫਰਕ ਕੱਢਣ ਦੇ ਲਈ ਚੰਗੇ ਡਾਟਾ ਦੀ ਜ਼ਰੂਰਤ ਹੈ, ਜਿਸ ਨਾਲ ਇਸ ਮਸਲੇ ਨਾਲ ਨਜਿੱਠਣ ਲਈ ਕਾਰਗਰ ਹੱਲ ਤਿਆਰ ਕਰਨ ਵਿੱਚ ਮਦਦ ਮਿਲੇਗੀ।

**# ਸੰਪਰਕ : 98764-10867**

# ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਵੱਲੋਂ ਧਰਨਾ ਜਾਰੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜਲ ਸਪਲਾਈ ਤੇ ਸੈਨੀਟੇਸ਼ਨ ਮੰਡਲ, ਮਲੋਟ ਅਧੀਨ ਪਿੰਡ ਡੱਬਵਾਲੀ ਰਹੂੜੀਆਂਵਾਲੀ ਵਿਖੇ ਕੰਮ ਕਰਦੇ ਠੇਕਾ ਅਧਾਰਤ ਮੁਲਾਜ਼ਮ ਦੀ ਮਿਤੀ 21-11-2023 ਮੌਤ ਹੋ ਜਾਣ ਉਪਰੰਤ ਉਸ ਦੀ ਪਤਨੀ ਨੂੰ ਨੌਕਰੀ ਨਾ ਦਿੱਤੇ ਜਾਣ ਦੇ ਵਿਰੋਧ ਵਿਚ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਮੰਡਲ, ਮਲੋਟ ਨੂੰ ਕਈ ਵਾਰ ਮੰਗ ਪੱਤਰ ਦਿੱਤੇ ਗਏ ਤੇ ਮੀਟਿੰਗਾਂ ਕੀਤੀਆਂ ਗਈਆਂਸ ਪਰ ਕਾਰਜਕਾਰੀ ਇੰਜੀਨੀਅਰ ਮੰਡਲ, ਮਲੋਟ ਵੱਲੋਂ ਮੌਜੂਦਾ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ਼੍ਰੀ ਗੁਰਮੀਤ ਸਿੰਘ ਖੁੱਡੀਆਂ ਦੇ ਦਬਾਅ ਦਾ ਹਵਾਲਾ ਦੇ ਕੇ ਪਰਿਵਾਰ ਦਾ ਹੱਕ ਦੱਬਿਆ ਜਾ ਰਿਹਾ ਹੈ।ਜਿਸ ਦੇ ਰੋਸ ਵਜੋਂ ਕਾਰਜਕਾਰੀ ਇੰਜੀਨੀਅਰ ਮੰਡਲ ਮਲੋਟ ਖਿਲਾਫ ਪਿਛਲੀ 26 ਮਾਰਚ ਤੋਂ ਲਗਾਤਾਰ ਧਰਨਾ ਚੱਲ ਰਿਹਾ ਹੈ।ਇਸ ਮੌਕੇ 'ਤੇ ਆਗੂ ਗੁਰਵਿੰਦਰ ਸਿੰਘ ਪੰਨੂ, ਬਲਜੀਤ ਸਿੰਘ ਭੱਟੀ, ਸੁਖਰਾਜ ਸਿੰਘ, ਬਲਾਕ ਜਰਨਲ ਸਕੱਤਰ (ਕਿਸਾਨ ਯੂਨੀਅਨ ਉਗਰਾਹਾਂ), ਬਿੱਕਰ ਸਿੰਘ ਤੇ ਪਰਕਾਸ਼ ਸਿੰਘ (ਮਜ਼ਦੂਰ ਯੂਨੀਅਨ), ਕਾਲਾ ਸਿੰਘ (ਖੇਤ ਮਜ਼ਦੂਰ ਯੂਨੀਅਨ, ਕਰਮਜੀਤ ਸਿੰਘ, ਗਗਨਦੀਪ ਸਿੰਘ, ਕੇਸਰ ਸਿੰਘ, ਵਰਿੰਦਰਪਾਲ ਸਿੰਘ, ਸੁਰਜੀਤ ਸਿੰਘ ਤੱਖੀ, ਬਿਕਰਮਜੀਤ ਸਿੰਘ ਕਪੂਰ, ਜਸਬੀਰ ਕੌਰ, ਗੁਰਸੇਵਕ ਸਿੰਘ ਤੇ ਤਰਲੋਕ ਸਿੰਘ ਨੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ ਪਿਛਲੇ ਲੰਮੇ ਸਮੇਂ ਤੋਂ ਕੰਮ ਕਰਦੇ ਆ ਰਹੇ ਇਕ ਠੇਕਾ ਅਧਾਰਤ ਮੁਲਾਜ਼ਮ ਸੁਰਿੰਦਰ ਸਿੰਘ ਮਲੋਟ ਦੀ ਮੌਤ ਹੋ ਜਾਣ ਉਪਰੰਤ ਉਸ ਦੀ ਪਤਨੀ ਕਿਰਨਦੀਪ ਕੌਰ ਨੂੰ ਬਣਦੀ ਉਸ ਦੀ ਨੌਕਰੀ ਨਹੀਂ ਦਿੱਤੀ ਜਾ ਰਹੀ।ਇੱਕ ਪਾਸੇ ਸਰਕਾਰ ਬਣਨ ਤੋਂ ਪਹਿਲਾਂ ਆਮ ਆਦਮੀ ਪਾਰਟੀ ਘਰ-ਘਰ ਰੁਜ਼ਗਾਰ ਦੇਣ ਤੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ।ਦੂਜੇ ਪਾਸੇ 2 ਸਾਲ ਬੀਤਣ ਦੇ ਬਾਵਜੂਦ ਨਾ ਤਾਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਗਿਆ, ਸਗੋਂ ਵੱਖ-ਵੱਖ ਸਮੇਂ ਤੇ ਸੰਘਰਸ਼ਾਂ ਦੇ ਦੌਰਾਨ 20 ਵਾਰ ਲਿਖਤੀਆਂ ਮੀਟਿੰਗਾਂ ਦੇ ਕੇ ਮਾਨਯੋਗ ਮੁੱਖ ਮੰਤਰੀ ਵੱਲੋਂ ਇੱਕ ਵੀ ਮੀਟਿੰਗ ਨਹੀਂ ਕੀਤੀ ਗਈ। ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ, ਪੰਜਾਬ ਵੱਲੋਂ ਮੰਗ ਕੀਤੀ ਜਾਂਦੀ ਹੈ ਕਿ ਲੰਬੇ ਸਮੇਂ ਤੋਂ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਦੇ ਆਊਟਸੋਰਸ/ਇਨਲਿਸਟਮੈਂਟ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕੀਤਾ ਜਾਵੇ।ਅੱਜ ਜਲ ਸਪਲਾਈ ਦਫ਼ਤਰ ਤੋਂ ਰੋਸ ਮਾਰਚ ਕਰਕੇ ਕੋਟਕਪੂਰਾ ਚੌਕ, ਬਾਈਪਾਸ ਵਿਖੇ ਜਾਮ ਕੀਤਾ ਗਿਆ।ਮੌਕੇ 'ਤੇ ਪ੍ਰਸ਼ਾਸਨ ਵੱਲੋਂ ਕਾਰਜਕਾਰੀ ਇੰਜੀਨੀਅਰ ਮੰਡਲ, ਮਲੋਟ ਨਾਲ ਮਿਤੀ 16-04-2024 ਦੀ ਮੀਟਿੰਗ ਨਿਸ਼ਚਿਤ ਕਰਵਾਈ ਗਈ।ਪ੍ਰਸ਼ਾਸਨ ਵੱਲੋਂ ਮੀਟਿੰਗ ਦਾ ਭਰੋਸਾ ਦਿਵਾਉਣ ਉਪਰੰਤ ਰੋਡ ਜਾਮ ਖੋਲ੍ਹ ਦਿੱਤਾ ਗਿਆ। ਇਸ ਮੌਕੇ ਆਗੂਆਂ ਨੇ ਕਿਹਾ ਕਿ ਜੇਕਰ ਮਿਤੀ 16-04-2024 ਨੂੰ ਮੀਟਿੰਗ ਵਿੱਚ ਮ੍ਰਿਤਕ ਸਾਥੀ ਦੇ ਪਰਿਵਾਰ ਨੂੰ ਨੌਕਰੀ ਦੇਣ ਦਾ ਮਸਲਾ ਹੱਲ ਨਹੀਂ ਹੁੰਦਾ ਤਾਂ ਮਿਤੀ 25-04-2024 ਨੂੰ ਤਿੱਖਾ ਸੰਘਰਸ਼ ਕੀਤਾ ਜਾਵੇਗਾ।

# ਡਾ. ਅੰਬੇਡਕਰ ਦਾ 133ਵਾਂ ਜਨਮ ਦਿਹਾੜਾ ਯਾਦਗਾਰੀ ਹੋ ਨਿੱਬੜਿਆ

**ਜਗਰਾਉਂ (ਅਮਿਤ ਖੰਨਾ)**-ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 133ਵਾਂ ਜਨਮ ਦਿਹਾੜਾ ਸਨਮਤੀ ਮਾਰਤੀ ਸੇਵਾ ਸੰਘ ਹਾਲ ਅੰਦਰ ਬਹੁਤ ਵੱਡੇ ਹਜ਼ਾਰਾਂ ਦੀ ਗਿਣਤੀ ਵਿੱਚ ਇਕੱਠ ਦੇ ਰੂਪ ਵਿੱਚ ਮਨਾਇਆ ਗਿਆ ਸਫਾਈ ਸੇਵਕ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਅਰੁਣ ਗਿੱਲ ਨੇ ਦੱਸਿਆ ਕਿ ਸਮਾਗਮ ਦੀ ਸ਼ੁਰੂਆਤ ਨਗਰ ਕੌਂਸਲ ਜਗਰਾਓਂ ਤੋਂ ਵੱਡੇ ਕਾਫਲੇ ਸਕੂਟਰਾਂ ਮੋਟਰਸਾਈਕਲਾਂ ਰਾਹੀਂ ਝੰਡਾ ਮਾਰਚ ਕਰਦੇ ਹੋਏ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿੱਚ ਹੁੰਦਾ ਹੋਇਆ ਇਹ ਕਾਫਲਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਚੌਕ ਵਿਖੇ ਪਹੁੰਚਿਆ ਤੇ ਬਾਬਾ ਸਾਹਿਬ ਦੇ ਬੁੱਤ ਨੂੰ ਫੂਲਾਂ ਨਾਲ਼ ਸਜਾਇਆ ਅਤੇ 11 ਮੈਂਬਰੀ ਕਮੇਟੀ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਫੂਲ ਮਾਲਾ ਪਹਿਨਾਉਣ ਤੋਂ ਬਾਅਦ ਫੂਲ ਅਰਪਿਤ ਕੀਤੇ ਗਏ। ਸਮਾਗਮ ਦੀ ਸ਼ੁਰੂਆਤ ਸਾਬਕਾ ਵਿਧਾਇਕ ਐੱਸ ਆਰ ਕਲੇਰ ਵੱਲੋਂ ਰੀਬਨ ਕੱਟ ਕੇ ਕੀਤੀ ਗਈ ਤੇ ਸਕੂਲਾਂ ਦੇ ਛੋਟੇ ਛੋਟੇ ਬੱਚਿਆਂ ਵੱਲੋਂ ਸ਼ਮ੍ਹਾਂ ਰੌਸ਼ਨ ਕੀਤੀ ਗਈ। ਬੱਚਿਆਂ ਅੰਦਰ ਪੜ੍ਹਾਈ ਦੀ ਚੰਗਿਆੜੀ ਨੂੰ ਮਘਾਉਣ ਲਈ ਸਵਾਲ ਜਵਾਬ ਪ੍ਰਤੀਯੋਗਤਾ ਰੱਖੀ ਗਈ, ਜਿਸ ਵਿੱਚ ਸਹੀ ਤੇ ਪਹਿਲਾਂ ਉੱਤਰ ਦੇਣ ਵਾਲੇ ਬੱਚਿਆਂ ਨੂੰ ਸਨਮਾਨਤ ਤੇ ਨਕਦ ਇਨਾਮ ਦਿੱਤੇ ਗਏ। ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵੱਖ ਵੱਖ ਸਕੂਲਾਂ ਦੇ ਗ਼ਰੀਬ ਤੇ ਸੁਵਿਧਾ ਰਹਿਤ ਬੱਚਿਆਂ ਦਾ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਬਲਦੇਵ ਸਿੰਘ ਸੁਧਾਰ ਤੇ ਰਾਸ਼ਟਰੀ ਪੱਧਰ ਦੇ ਬੁਲਾਰੇ ਰਜਿੰਦਰ ਰਾਣੇ, ਕਮਲ ਕਾਲੇ ਦੁਆਰਾ ਬਾਬਾ ਸਾਹਿਬ ਦੇ ਜੀਵਨ ਤੇ ਸਿੱਖਿਆਵਾਂ ਬਾਰੇ ਖੁੱਲ੍ਹ ਕੇ ਵਿਚਾਰਾਂ ਨੂੰ ਸਾਂਝਾ ਕੀਤਾ ਗਿਆ। ਇਸ ਸਮਾਗਮ ਵਿੱਚ ਸਟੇਜ ਨੂੰ ਕੈਪਟਨ ਨਰੇਸ਼ ਵਰਮਾ ਤੇ ਕੁਲਵੰਤ ਸਿੰਘ ਸਹੋਤਾ ਵੱਲੋਂ ਸਾਂਝੇ ਤੌਰ ਬਾਖੂਬੀ ਨਿਭਾਈ ਗਈ। ਸਮਾਗਮ ਵਿੱਚ ਵੱਡੇ ਪੱਧਰ 'ਤੇ ਰਾਜਨੀਤਕ ਆਗੂਆਂ ਹਲਕਾ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਸਾਬਕਾ ਸਫਾਈ ਕਰਮਚਾਰੀ ਕਮਿਸ਼ਨ ਪੰਜਾਬ ਸ਼੍ਰੀ ਗੇਜਾ ਰਾਮ, ਕਮਲਜੀਤ ਸਿੰਘ ਮੱਲਾਂ, ਬਿੰਦਰ ਮਨੀਲਾ, ਕਾਕਾ ਗਰੇਵਾਲ, ਮਨੀ ਗਰਗ, ਕਮਲਜੀਤ ਸਿੰਘ ਬਰਾੜ, ਡਾ. ਨਰਿੰਦਰ ਸਿੰਘ ਬੀ ਕੇ ਗੈਸ ਅਤੇ ਪੰਜਾਬ ਦੇ ਵੱਖ ਵੱਖ ਹਿੱਸਿਆਂ ਅਤੇ ਸ਼ਹਿਰ ਜਗਰਾਓਂ ਦੇ ਆਮ ਲੋਕਾਂ ਅਤੇ ਸਮਾਜ ਸੇਵੀ ਸੰਸਥਾਵਾਂ ਤੇ ਜਥੇਬੰਦੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਅਤੇ 11 ਮੈਂਬਰੀ ਕਮੇਟੀ ਵੱਲੋਂ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ ਗਿਆ ਅਤੇ ਸ਼ਹਿਰ ਦੇ ਮੋਹਤਬਰ ਵਿਅਕਤੀਆਂ, ਬੱਚਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।



# 7 ਕਿੱਲੋ ਹੈਰੋਇਨ, ਡਰੱਗ ਮਨੀ ਤੇ ਅਸਲੇ ਸਮੇਤ ਇੱਕ ਗ੍ਰਿਫਤਾਰ, 3 ਖਿਲਾਫ ਮਾਮਲਾ ਦਰਜ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼੍ਰੀਮਤੀ ਸੋਮਿਆ ਮਿਸ਼ਰਾ, ਆਈ.ਪੀ.ਐੱਸ, ਐੱਸ.ਐੱਸ.ਪੀ. ਫਿਰੋਜ਼ਪੁਰ ਵੱਲੋਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਸ਼ਾ ਤਸਕਰਾਂ, ਸਮਾਜ ਵਿਰੋਧੀ ਅਨਸਰਾਂ ਤੇ ਸ਼ਰਾਰਤੀ ਅਨਸਰਾਂ ਦੀਆਂ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਠੱਲ੍ਹ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।ਇਸ ਲੜੀ ਵਿੱਚ ਜ਼ਿਲ੍ਹਾ ਪੁਲਸ ਦੁਆਰਾ ਜ਼ਿਲ੍ਹਾ ਦੇ ਸਮੂਹ ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ।ਇਸ ਮੁਹਿੰਮ ਤਹਿਤ ਸ਼੍ਰੀ ਰਣਧੀਰ ਕੁਮਾਰ, ਆਈ.ਪੀ.ਐੱਸ, ਕਪਤਾਨ ਪੁਲਸ (ਇੰਨ:) ਫਿਰੋਜ਼ਪੁਰ ਤੇ ਸ਼੍ਰੀ ਬਲਕਾਰ ਸਿੰਘ ਪੀ.ਪੀ.ਐੱਸ., ਡੀ.ਐੱਸ.ਪੀ.(ਡੀ) ਫਿਰੋਜ਼ਪੁਰ ਦੀ ਨਿਗਰਾਨੀ ਹੇਠ ਇੰਸਪੈਕਟਰ ਪ੍ਰਭਜੀਤ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਫਿਰੋਜ਼ਪੁਰ ਸਮੇਤ ਪੁਲਸ ਪਾਰਟੀ ਗਸ਼ਤ ਵਾ ਚੈਕਿੰਗ ਸਬੰਧੀ ਸਦਰ ਏਰੀਆ ਵਿੱਚ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਮਨਜੀਤ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਪਿੰਡ ਕਮਾਲੇ ਵਾਲਾ ਥਾਣਾ ਸਦਰ ਫਿਰੋਜ਼ਪੁਰ, ਭੁਵਨੇਸ਼ ਚੋਪੜਾ ਪੁੱਤਰ ਹੀਰਾ ਲਾਲ ਵਾਸੀ ਦਿੱਲੀ ਗੇਟ ਹਾਲ ਕੈਨੇਡਾ ਤੇ ਰੋਹਿਤ ਸੇਠੀ ਪੁੱਤਰ ਰਮਨ ਸੇਠੀ ਵਾਸੀ ਮਹੱਲਾ ਧਰਮਪੁਰਾ ਸਿਟੀ ਫਿਰੋਜ਼ਪੁਰ ਆਪਸ ਰਲ ਕੇ ਪਕਿਸਤਾਨ ਸਮੱਗਲਰਾਂ ਨਾਲ ਮਿਲ ਕੇ ਵੱਡੇ ਪੱਧਰ 'ਤੇ ਹੈਰੋਇਨ ਦੀ ਸਪਲਾਈ ਕਰਦੇ ਹਨ।ਪੁਲਸ ਪਾਰਟੀ ਦੁਆਰਾ ਮਨਜੀਤ ਸਿੰਘ ਉਰਫ ਮਨੀ ਨੂੰ ਕਾਰ ਇਲੈਂਟਰਾ ਰੰਗ ਚਿੱਟਾ ਬਿਨਾਂ ਨੰਬਰੀ ਸਮੇਤ ਕਾਬੂ ਕਰਕੇ ਕਾਰ ਦੀ ਤੇ ਮਨਜੀਤ ਸਿੰਘ ਉਰਫ ਮਨੀ ਦੀ ਤਲਾਸ਼ੀ ਕਰਨ 'ਤੇ 7 ਕਿੱਲੋਗ੍ਰਾਮ ਹੈਰੋਇਨ, 36 ਲੱਖ ਡਰੱਗ ਮਨੀ, 01 ਪਿਸਟਲ .32 ਬੋਰ ਸਮੇਤ 01 ਮੈਗਜ਼ੀਨ, 05 ਜ਼ਿੰਦਾ ਰੌਂਦ, 01 ਆਈ ਫੋਨ ਤੇ 01 ਕਾਰ ਇਲੈਂਟਰਾ (ਬਿਨਾਂ ਨੰਬਰੀ) ਬਰਾਮਦ ਕੀਤੀ, ਜਿਸ 'ਤੇ ਮਨਜੀਤ ਸਿੰਘ, ਭੁਵਨੇਸ਼ ਚੋਪੜਾ ਉਰਫ ਅਸ਼ੀਸ਼, ਰੋਹਿਤ ਸੇਠੀ ਦੇ ਖਿਲਾਫ ਥਾਣਾ ਸਦਰ ਫਿਰੋਜ਼ਪੁਰ ਵਿੱਚ ਕੇਸ ਦਰਜ ਕੀਤਾ ਗਿਆ।ਪੁੱਛਗਿੱਛ ਦੌਰਾਨ ਦੋਸ਼ੀ ਮਨਜੀਤ ਸਿੰਘ ਉਰਫ ਮਨੀ ਦੀ ਨਿਸ਼ਾਨਦੇਹੀ ਤੇ ਦੂਸਰੇ ਦੋਸ਼ੀ ਦੇ ਘਰੋਂ 02 ਪਿਸਟਲ .30 ਬੋਰ ਸਮੇਤ 05/05 ਜ਼ਿੰਦਾ ਰੌਂਦ, 01 ਰਾਇਫਲ .315 ਬੋਰ ਸਮੇਤ ਮੈਗਜ਼ੀਨ, 05 ਜ਼ਿੰਦਾ ਰੌਂਦ ਬਰਾਮਦ ਕੀਤੇ।ਦੋਸ਼ੀ ਨੂੰ ਪੇਸ਼ ਅਦਾਲਤ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ।ਪੁੱਛਗਿੱਛ ਦੌਰਾਨ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ ਤੇ ਬਾਕੀ ਦੋਸ਼ੀਆਂ ਦੀ ਭਾਲ ਜਾਰੀ ਹੈ।

## ਕਾਤਰਾਂ

### ਦਹੀਆ ਦੇ ਨਵੇਂ ਦਫਤਰ ਦਾ ਸ਼ੁਭ ਆਰੰਭ ਭਲਕੇ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਹਲਕਾ ਫਿਰੋਜ਼ਪੁਰ ਦਿਹਾਤੀ ਦੇ ਲੋਕਾਂ ਦੀ ਸਹੂਲਤ ਵਾਸਤੇ ਐਡਵੋਕੇਟ ਰਜਨੀਸ਼ ਦਹੀਯਾ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਵੱਲੋਂ ਸਤੀਏਵਾਲਾ (ਫਿਰੋਜ਼ਪੁਰ ਛਾਉਣੀ) ਵਿਖੇ ਨਵਾਂ ਦਫਤਰ ਖੋਲ੍ਹਿਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਡਵੋਕੇਟ ਰਜਨੀਸ਼ ਦਹੀਯਾ ਨੇ ਦੱਸਿਆ ਕਿ ਆਮ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਫਿਰੋਜ਼ਪੁਰ ਛਾਉਣੀ ਦੇ ਸਤੀਏਵਾਲਾ ਵਿਖੇ ਸਥਿਤ ਸ਼ਾਂਤੀ ਵਿੱਦਿਆ ਮੰਦਰ ਸਕੂਲ ਸਾਹਮਣੇ ਨਵਾਂ ਦਫਤਰ ਖੋਲ੍ਹਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 17 ਅਪ੍ਰੈਲ ਨੂੰ 11.30 ਵਜੇ ਦੇ ਕਰੀਬ ਦਫਤਰ ਦਾ ਸ਼ੁਭ ਆਰੰਭ ਉਸ ਪ੍ਰਮਾਤਮਾ ਦਾ ਓਟ ਆਸਰਾ ਲੈਂਦੇ ਹੋਏ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾ ਕੇ ਕੀਤਾ ਜਾਵੇਗਾ। ਉਨ੍ਹਾਂ ਹਲਕਾ ਦਿਹਾਤੀ ਦੇ ਸਮੂਹ ਪਾਰਟੀ ਵਰਕਰਾਂ ਆਗੂਆਂ, ਅਹੁਦੇਦਾਰਾਂ ਤੇ ਆਮ ਲੋਕਾਂ ਨੂੰ ਇਸ ਸ਼ੁਭ ਮੌਕੇ ਦਰਸ਼ਨ ਦੇਣ ਦੀ ਬੇਨਤੀ ਕੀਤੀ ਹੈ। ਇਸ ਮੌਕੇ ਸ਼੍ਰੀ ਉਦੇ ਚੰਦ ਦਹੀਯਾ, ਰਵੀ ਕੁਮਾਰ ਦਹੀਯਾ ਤੇ ਸ਼੍ਰੀ ਨਿਰਮਲ ਪ੍ਰਕਾਸ਼ ਦਹੀਯਾ ਵੀ ਉਨ੍ਹਾਂ ਨਾਲ ਸਨ।

### ਸਿੱਧੂ ਤਜਰਬੇਕਾਰ ਸਿਆਸਤਦਾਨ ਤੇ ਪਾਰਟੀ ਦਾ ਫੈਸਲਾ ਸੁਪਰੀਮ : ਜੀਦਾ



**ਬਠਿੰਡਾ (ਬਖਤੌਰ ਢਿੱਲੋਂ)**-ਲੋਕ ਸਭਾ ਹਲਕਾ ਬਠਿੰਡਾ ਲਈ ਕਾਂਗਰਸ ਪਾਰਟੀ ਵੱਲੋਂ ਜੀਤਮੁਹਿੰਦਰ ਸਿੰਘ ਸਿੱਧੂ ਨੂੰ ਉਮੀਦਵਾਰ ਐਲਾਨ ਕਰ ਦੇਣ ਨਾਲ ਮੁਕਾਬਲਾ ਦਿਲਚਸਪ ਤੇ ਸਖ਼ਤ ਹੁੰਦਾ ਨਜ਼ਰ ਆ ਰਿਹਾ ਹੈ। ਇਸ ਹਲਕੇ ਤੋਂ ਕਾਂਗਰਸ ਦੇ ਸੰਭਾਵੀ ਉਮੀਦਵਾਰਾਂ ਵਿੱਚ ਸ੍ਰ: ਦਰਸ਼ਨ ਸਿੰਘ ਜੀਦਾ, ਬੀਬਾ ਅਮ੍ਰਿਤਾ ਵੜਿੰਗ, ਅਜੀਤਇੰਦਰ ਸਿੰਘ ਮੋਫਰ ਤੇ ਬਲਕੌਰ ਸਿੰਘ ਵੀ ਸ਼ਾਮਲ ਸਨ। ਭਰੋਸੇਯੋਗ ਸੂਤਰਾਂ ਅਨੁਸਾਰ ਆਖਰ ਵਿੱਚ ਸ੍ਰ: ਜੀਤਮੁਹਿੰਦਰ ਸਿੰਘ ਸਿੱਧੂ ਤੇ ਦਰਸ਼ਨ ਸਿੰਘ ਜੀਦਾ ਦੇ ਨਾਂਅ ਹਾਈਕਮਾਂਡ ਦੇ ਵਿਚਾਰ ਅਧੀਨ ਰਹਿ ਗਏ। ਕਾਫ਼ੀ ਸੋਚ ਵਿਚਾਰ ਉਪਰੰਤ ਪਾਰਟੀ ਹਾਈ ਕਮਾਂਡ ਨੇ ਸ੍ਰ: ਸਿੱਧੂ ਨੂੰ ਉਮੀਦਵਾਰ ਘੋਸ਼ਿਤ ਕਰ ਦਿੱਤਾ। ਇਸ ਐਲਾਨ ਤੋਂ ਬਾਅਦ ਸਿਖ਼ਰ ਤੱਕ ਰਹੇ ਸੰਭਾਵੀ ਉਮੀਦਵਾਰ ਸ੍ਰ: ਦਰਸ਼ਨ ਸਿੰਘ ਜੀਦਾ ਨੇ ਕਿਹਾ ਕਿ ਉਨ੍ਹਾਂ ਲਈ ਪਾਰਟੀ ਦਾ ਫੈਸਲਾ ਸੁਪਰੀਮ ਹੈ ਤੇ ਉਹ ਸ੍ਰ: ਸਿੱਧੂ ਦੀ ਜਿੱਤ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਅਤੇ ਏਕਤਾ ਤੇ ਅਖੰਡਤਾ ਕਾਇਮ ਰੱਖਣ ਲਈ ਬਠਿੰਡਾ ਕਾਂਗਰਸ ਇਕਮੁੱਠ ਹੋ ਕੇ ਸ੍ਰ: ਸਿੱਧੂ ਦੀ ਚੋਣ ਮੁਹਿੰਮ ਚਲਾਵੇਗੀ। ਉਨ੍ਹਾਂ ਕਿਹਾ ਕਿ ਸ੍ਰ: ਸਿੱਧੂ ਪੰਜ ਵਾਰ ਵਿਧਾਇਕ ਰਹੇ ਹਨ, ਉਨ੍ਹਾਂ ਦਾ ਵੱਡਾ ਸਿਆਸੀ ਤਜਰਬਾ ਹੈ ਤੇ ਉਹ ਲੋਕ ਸਭਾ ਵਿੱਚ ਪੰਜਾਬ ਦੇ ਹਿੱਤਾਂ ਦੀ ਆਵਾਜ਼ ਬੁਲੰਦ ਕਰਨਗੇ।

### ਮੂਰਤੀ ਸਥਾਪਨਾ ਦਿਵਸ ਭਲਕੇ

**ਮਲੋਟ (ਗੁਰਮੀਤ ਸਿੰਘ ਮੱਕੜ)**-ਧੰਨ ਬਾਬਾ ਖੇਤਰਪਾਲ ਪ੍ਰਬੰਧਕ ਕਮੇਟੀ ਵੱਲੋਂ ਸਥਾਨਕ ਬਾਬਾ ਖੇਤਰਪਾਲ ਧਾਮ ਵਿਖੇ ਮੂਰਤੀ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ 16 ਅਪ੍ਰੈਲ ਨੂੰ ਸ਼ਾਮ 4 ਵਜੇ ਸ਼ੋਭਾ ਯਾਤਰਾ ਕੱਢੀ ਜਾਵੇਗੀ ਤੇ 17 ਅਪ੍ਰੈਲ ਨੂੰ ਬਾਬਾ ਖੇਤਰਪਾਲ ਜੀ, ਸ਼ਿਵ ਪਰਿਵਾਰ ਤੇ ਸਿੰਦੁਰ ਵਾਲੇ ਹਨੂੰਮਾਨ ਜੀ ਦੀ ਮੂਰਤੀ ਮੰਦਰ ਵਿੱਚ ਸਥਾਪਤ ਕੀਤੀ ਜਾਵੇਗੀ। ਇਸ ਤੋਂ ਇਲਾਵਾ 20 ਅਪ੍ਰੈਲ ਨੂੰ ਬਾਬਾ ਜੀ ਦੀ ਚੌਕੀ ਹੋਵੇਗੀ। ਸਮਾਗਮ ਦੌਰਾਨ ਸੰਗਤਾਂ ਨੂੰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# 32 ਵਰ੍ਹਿਆਂ ਬਾਅਦ ਜ਼ਿਲ੍ਹਾ ਮਾਨਸਾ ਦੀ ਮਨਾਈ ਵਰ੍ਹੇਗੰਢ

## ਕਿਨਮਿਣ 'ਚ ਵੀ ਦੇਬੀ ਮਖ਼ਸੂਸਪੁਰੀ ਨੇ ਲਾਈਆਂ ਖ਼ੂਬ ਰੌਣਕਾਂ

**ਮਾਨਸਾ (ਆਤਮ ਸਿੰਘ ਪਮਾਰ)**

ਵਾਇਸ ਆਫ਼ ਮਾਨਸਾ ਵੱਲੋਂ ਮਾਨਸਾ ਜ਼ਿਲ੍ਹੇ ਦੀ 32 ਵਰ੍ਹਿਆਂ ਬਾਅਦ ਵਰ੍ਹੇਗੰਢ ਮਨਾਉਂਦਿਆਂ ਵਿਸਾਖੀ ਮੇਲੇ ਦੌਰਾਨ ਐਲਾਨ ਕੀਤਾ ਕਿ ਮਾਨਸਾ ਜ਼ਿਲ੍ਹੇ ਦੀ ਤਰੱਕੀ ਲਈ ਸੰਸਥਾ ਵੱਲੋਂ ਮਹੱਤਵਪੂਰਨ ਯੋਜਨਾਵਾਂ ਉਲੀਕੀਆਂ ਜਾਣਗੀਆਂ। ਸੰਸਥਾ ਦੇ ਪ੍ਰਧਾਨ ਜਨਕ ਰਾਜ ਸਿੰਗਲਾ ਨੇ ਕਿਹਾ ਕਿ ਜ਼ਿਲ੍ਹੇ ਨੂੰ ਸਿੱਖਿਆ, ਵਪਾਰ, ਕਿਸਾਨੀ, ਸਾਹਿਤਕ, ਸੱਭਿਆਚਾਰਕ ਪੱਖੋਂ ਪ੍ਰਫੁੱਲਤ ਕਰਨ ਲਈ ਹਰ ਤਰ੍ਹਾਂ ਦੇ ਯਤਨ ਕੀਤੇ ਜਾਣਗੇ।ਉਨ੍ਹਾਂ ਦੱਸਿਆ ਕਿ ਮਾਨਸਾ ਜ਼ਿਲ੍ਹੇ ਦੀ ਵਰ੍ਹੇਗੰਢ ਮੌਕੇ ਲਗਾਤਾਰ ਇੱਕ ਮਹੀਨੇ ਤੋਂ ਸੰਸਥਾ ਵੱਲੋਂ ਸਿਹਤ ਸਿੱਖਿਆ ਤੇ ਵਪਾਰ ਵਿਚ ਮਾਨਸਾ ਜ਼ਿਲ੍ਹੇ ਦੀ ਹੋਈ ਤਰੱਕੀ ਤੇ ਭਵਿੱਖ ਦੀਆਂ ਸੰਭਾਵਾਨਾਵਾਂ ਬਾਰੇ ਸੈਮੀਨਾਰ ਅਤੇ ਸਫਾਈ ਜਾਗਰੂਕਤਾ ਮਾਰਚ ਕੱਢ ਕੇ ਲੋਕਾਂ ਨੂੰ ਸ਼ਹਿਰ ਪ੍ਰਤੀ ਆਪਣੇ ਫਰਜ਼ ਪਛਾਣਨ ਲਈ ਪ੍ਰੇਰਿਤ ਕੀਤਾ ਗਿਆ।ਸੰਸਥਾ ਦੇ ਮੀਤ ਪ੍ਰਧਾਨ ਬਲਵਿੰਦਰ ਸਿੰਘ ਕਾਕਾ ਨੇ ਕਿਹਾ ਕਿ ਜਿੱਥੇ ਸੰਸਥਾ ਬੇਘਰਿਆਂ ਨੂੰ ਘਰ ਬਣਾਉਣ ਤੇ ਰਾਸ਼ਨ ਮੁਹੱਈਆ ਕਰਨ ਦੇ ਕਾਰਜ ਕਰ ਰਹੀ ਹੈ, ਉੱਥੇ ਨਾਲ ਹੀ ਪਿਛਲੇ ਇੱਕ ਸਾਲ ਤੋਂ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ ਭਰਨ ਆਦਿ ਦੇ ਵੀ ਯਤਨ ਕਰ ਰਹੀ ਹੈ।ਜ਼ਿਲ੍ਹੇ ਦੀ ਵਰ੍ਹੇਗੰਢ ਸਬੰਧੀ ਪ੍ਰੋਗਰਾਮਾਂ ਦੇ ਪ੍ਰੋਜੈਕਟ ਚੇਅਰਮੈਨ ਡਾ. ਲਖਵਿੰਦਰ ਮੂਸਾ ਨੇ ਮੇਲੇ ਦੀ ਸਫਲਤਾ ਲਈ ਸਭ ਮਾਨਸਾ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸੰਸਥਾ ਹਰ ਉਸ ਵਿਅਕਤੀ ਦਾ ਧੰਨਵਾਦ ਕਰਦੀ ਹੈ, ਜਿਨ੍ਹਾਂ ਨੇ ਇਸ ਮੇਲੇ ਤੇ ਸੈਮੀਨਾਰਾਂ ਨੂੰ ਸਫਲ ਬਣਾਇਆ ਹੈ।ਸੰਸਥਾ ਦੇ ਮੈਂਬਰ ਹਰਿੰਦਰ ਮਾਨਸ਼ਾਹੀਆ ਨੇ ਕਿਹਾ ਕਿ ਹੁਣ ਮਾਨਸਾ ਵਾਸੀਆਂ ਨੂੰ ਚਿਰਾਂ ਤੋਂ ਲਟਕਦੀਆਂ ਸੀਵਰੇਜ ਤੇ ਸਫਾਈ ਦੀਆਂ ਮੰਗਾਂ ਲਈ ਵੀ ਲਾਮਬੰਦ ਹੋ ਕੇ ਇਸ ਸਾਂਝੇ ਮੰਚ ਰਾਹੀਂ ਹੱਲ ਕਰਵਾਉਣ ਲਈ ਸਾਂਝਾ ਉਦਮ ਕਰਨਾ ਚਾਹੀਦਾ ਹੈ। ਮੇਲੇ ਦੇ ਸ਼ੁਰੂ ਵਿਚ ਬੀਤੇ ਦਿਨੀਂ ਮਾਨਸਾ ਇਲਾਕੇ ਦੀ ਵੱਡੀ ਸਖ਼ਸ਼ੀਅਤ ਪ੍ਰੋਫੈਸਰ ਸੁਖਦੇਵ ਸਿੰਘ ਨੂੰ ਸਭਨਾਂ ਵੱਲੋਂ ਸ਼ਰਧਾਂਜਲੀ ਵਜੋਂ ਇੱਕ ਮਿੰਟ ਦਾ ਮੌਨ ਵੀ ਰੱਖਿਆ ਗਿਆ ਤੇ ਉਹਨਾਂ ਵੱਲੋਂ ਸਿੱਖਿਆ ਖੇਤਰ ਵਿਚ ਪਾਏ ਗਏ ਯੋਗਦਾਨ ਬਾਰੇ ਰਾਜ ਜੋਸ਼ੀ, ਬਲਰਾਜ ਮਾਨ ਤੇ ਬਲਰਾਜ ਨੰਗਲ ਨੇ ਜਾਣਕਾਰੀ ਦਿੱਤੀ।ਸੰਸਥਾ ਦੇ ਮੈਂਬਰ ਡਾ. ਸ਼ੇਰਜੰਗ ਸਿੱਧੂ ਤੇ ਡਾ. ਟੀ ਪੀ ਐਸ ਰੇਖੀ ਦੀ ਟੀਮ ਵੱਲੋਂ ਲੋਕਾਂ ਨੂੰ ਮਫਤ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ।ਮੇਲੇ ਦੀ ਸ਼ੁਰੂਆਤ ਹਰਦੀਪ ਸਿੱਧੂ ਤੇ ਵਿਸ਼ਵਦੀਪ ਬਰਾੜ ਵੱਲੋਂ ਕੀਤੀ ਗਈ ਤੇ ਮੇਲੇ ਦਾ ਉਦਘਾਟਨ ਉਦਾਸੀਨ ਭੇਖ ਮਹਾਂ ਮੰਡਲ ਪੰਜਾਬ ਦੇ ਪ੍ਰਧਾਨ ਮਹੰਤ ਅੰਮ੍ਰਿਤ ਮੁਨੀ ਵੱਲੋਂ ਕੀਤਾ ਗਿਆ।ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਡਿਪਟੀ ਕਮਿਸ਼ਨਰ ਮਾਨਸਾ ਪਰਮਵੀਰ ਸਿੰਘ ਨੇ ਕਿਹਾ ਕਿ ਰੰਗ ਮੰਚ ਤੇ ਕਲਾ ਦੀ ਧਰਤੀ 'ਤੇ ਅਜਿਹੇ ਮੇਲੇ ਹੁੰਦੇ ਰਹਿਣ ਇਸ ਲਈ ਉਹ ਹਮੇਸ਼ਾ ਹੀ ਆਪਣੇ ਵੱਲੋਂ ਵੱਧ ਤੋਂ ਵੱਧ ਸਹਿਯੋਗ ਦਿੰਦੇ ਰਹਿਣਗੇ।ਗਾਇਕੀ ਦੇ ਪਿੜ ਦੀ ਸ਼ੁਰੂਆਤ ਵਰਿੰਦਰ ਮਾਨਸਾ ਤੇ ਸਾਥੀਆਂ ਵੱਲੋਂ ਮਲਵਈ ਗਿੱਧੇ ਨਾਲ ਕੀਤੀ ਗਈ।ਸੁਰੀਲੇ ਗਾਇਕ ਲਵੀ ਵਾਰਿਸ ਨੇ ਦਰਸ਼ਕਾਂ ਨੂੰ ਨੱਚਣ ਲਈ ਮਜਬੂਰ ਕੀਤਾ ਤੇ ਆਪਣੀ ਆਵਾਜ਼ ਦਾ ਲੋਹਾ ਮਨਵਾਉਂਦੇ ਹੋਏ ਮੇਲੇ ਨੂੰ ਸਿਖਰ ਵੱਲ ਲੈ ਗਿਆ।ਇਸ ਮੌਕੇ ਵਿਧਾਇਕ ਡਾ. ਵਿਜੇ ਸਿੰਗਲਾ, ਸਾਬਕਾ ਵਿਧਾਇਕ ਜਗਦੀਪ ਸਿੰਘ ਨਕੱਈ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਚਰਨਜੀਤ ਸਿੰਘ ਅੱਕਾਂਵਾਲੀ, ਮਾਰਕਿਟ ਕਮੇਟੀ ਮਾਨਸਾ ਚੇਅਰਮੈਨ ਗੁਰਪ੍ਰੀਤ ਸਿੰਘ ਭੁੱਚਰ, ਇੰਦਰਜੀਤ ਉੱਭਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਆਖਿਰ ਵਿਚ ਵਾਰੀ ਆਈ ਮਸ਼ਹੂਰ ਲੋਕ ਗਾਇਕ ਤੇ ਗੀਤਕਾਰ ਦੇਬੀ ਮਖ਼ਸੂਸਪੁਰੀ ਨੇ ਗੀਤ ਗਾ ਕੇ ਪੰਡਾਲ ਵਿੱਚ ਬੈਠੇ ਦਰਸ਼ਕਾਂ ਨੂੰ ਬੰਨ੍ਹ ਕੇ ਬੈਠਾ ਲਿਆ।ਇਸੇ ਦੌਰਾਨ ਪ੍ਰਬੰਧਕਾਂ ਵੱਲੋਂ ਮੇਲੇ ਨੂੰ ਸਫਲ ਬਣਾਉਣ ਵਾਲੀਆਂ ਸ਼ਖਸੀਅਤਾਂ ਸਮਾਜ ਸੇਵੀ ਪ੍ਰੇਮ ਅਰੋੜਾ, ਮਿੱਠੂ ਅਰੋੜਾ, ਰਾਜ ਝੁਨੀਰ ਬੱਸ, ਹਰਜੀਵਨ ਸਰਾਂ, ਤੇਜਿੰਦਰ ਪਾਲ ਸਿੰਘ, ਡਾ. ਰਵਿੰਦਰ ਗਰਗ, ਬਲਜੀਤ ਸਿੰਘ ਸੂਬਾ, ਕੇਸਰ ਸਿੰਘ ਧਲੇਵਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਮਾਨਸਾ ਜ਼ਿਲ੍ਹੇ ਦਾ ਥੀਮ ਗੀਤ ਪੀ ਬੀ 31 ਜੋ ਡਾਕਟਰ ਧਰਮਿੰਦਰ ਸਿੰਘ ਉੱਭਾ ਦਾ ਲਿਖਿਆ ਹੈ ਤੇ ਲਵੀ ਵਾਰਿਸ ਦਾ ਗਾਇਆ ਹੈ, ਉਹ ਵੀ ਮੇਲੇ ਵਿੱਚ ਰੀਲੀਜ਼ ਕੀਤਾ ਗਿਆ।ਜਗਸੀਰ ਸਿੰਘ ਢਿੱਲੋਂ, ਬਿੱਕਰ ਸਿੰਘ ਮੰਘਾਣੀਆਂ, ਨਰਿੰਦਰ ਸ਼ਰਮਾ , ਓਮ ਪ੍ਰਕਾਸ਼ ਪੀ ਸੀ ਐਸ, ਰੁਲਦੂ ਰਾਮ ਨੰਦਗੜ, ਸਰਬਜੀਤ ਕੌਸ਼ਲ, ਪ੍ਰਿਤਪਾਲ ਸਿੰਘ, ਮੇਜਰ ਸਿੰਘ, ਜਸਵੰਤ ਸਿੰਘ ਦੀ ਅਗਵਾਈ ਵਿਚ ਸਰੋਤਿਆਂ ਲਈ ਚਾਹ ਪਾਣੀ ਅਤੇ ਪਕੌੜਿਆਂ ਦਾ ਲੰਗਰ ਸਾਰੇ ਮੇਲੇ ਦੌਰਾਨ ਚਲਦਾ ਰਿਹਾ।



# ਰਾਜਵਿੰਦਰ ਸਿੰਘ ਨੂੰ ਉਮੀਦਵਾਰ ਐਲਾਨੇ ਜਾਣ 'ਤੇ ਲੋਕਾਂ 'ਚ ਖ਼ੁਸ਼ੀ ਦੀ ਲਹਿਰ : ਤਲਵੰਡੀ ਭੰਗੇਰੀਆਂ



**ਮੋਗਾ (ਇਕਬਾਲ ਸਿੰਘ ਖਹਿਰਾ)**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਵੱਲੋਂ ਸ. ਰਾਜਵਿੰਦਰ ਸਿੰਘ ਧਰਮਕੋਟ ਨੂੰ ਲੋਕ ਸਭਾ ਹਲਕਾ ਫਰੀਦਕੋਟ ਤੋਂ ਉਮੀਦਵਾਰ ਬਣਾਉਣ 'ਤੇ ਰਾਜਵਿੰਦਰ ਸਿੰਘ ਦੇ ਨਾਲ ਸਮੁੱਚੇ ਮੋਗਾ ਜ਼ਿਲੇ ਨੂੰ ਵਧਾਈ ਦਿੰਦਿਆਂ ਅਕਾਲੀ ਦਲ ਦੇ ਸੀਨੀਅਰ ਆਗੂ ਸਰਪੰਚ ਨਿਹਾਲ ਸਿੰਘ ਤਲਵੰਡੀ ਭੰਗੇਰੀਆਂ ਸਰਕਲ ਪ੍ਰਧਾਨ ਨੇ ਆਖਿਆ ਕਿ ਉਹ ਦਿਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਹਲਕਾ ਧਰਮਕੋਟ ਦੇ ਇੰਚਾਰਜ ਬਰਜਿੰਦਰ ਸਿੰਘ ਮੱਖਣ ਬਰਾੜ ਸਮੇਤ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਕਰਦੇ ਨੇ, ਜਿਨ੍ਹਾਂ ਸਾਬਕਾ ਵਿਧਾਇਕ ਸ. ਸੀਤਲ ਸਿੰਘ ਦੀ ਇਮਾਨਦਾਰੀ ਨਾਲ ਨਿਭਾਈ ਸੇਵਾ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੇ ਸਪੁੱਤਰ ਰਾਜਵਿੰਦਰ ਸਿੰਘ ਧਰਮਕੋਟ ਨੂੰ ਫਰੀਦਕੋਟ ਪਾਰਲੀਮਾਨੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦਾ ਉਮੀਦਵਾਰ ਬਣਾਇਆ ਹੈ। ਨਿਹਾਲ ਸਿੰਘ ਨੇ ਆਖਿਆ ਕਿ ਰਾਜਵਿੰਦਰ ਦੇ ਉਮੀਦਵਾਰ ਐਲਾਨੇ ਜਾਣ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਖੇਮਿਆਂ ਵਿੱਚ ਤਾਂ ਖੁਸ਼ੀ ਦੀ ਲਹਿਰ ਤਾਂ ਹੈ ਹੀ, ਬਲਕਿ ਆਮ ਲੋਕਾਂ ਨੇ ਵੀ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਰਾਜਵਿੰਦਰ ਦੇ ਉਮੀਦਵਾਰ ਬਣਨ 'ਤੇ ਖੁਸ਼ੀ ਜ਼ਾਹਰ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਹ ਜ਼ਿਲ੍ਹੇ ਦੇ ਸਮੂਹ ਆਗੂਆਂ ਤੇ ਵਰਕਰਾਂ ਨਾਲ ਮਿਹਨਤ ਕਰਦਿਆਂ ਰਾਜਵਿੰਦਰ ਨੂੰ ਵੱਡੀ ਲੀਡ ਨਾਲ ਜਿੱਤਾ ਕੇ ਲੋਕ ਸਭਾ ਹਲਕਾ ਫਰੀਦਕੋਟ ਦੀ ਸੀਟ ਸ਼੍ਰੋਮਣੀ ਅਕਾਲੀ ਦਲ ਦੀ ਝੋਲੀ ਪਾਉਣਗੇ। ਇਸ ਮੌਕੇ ਉਨ੍ਹਾਂ ਨਾਲ ਹਰਜੀਤ ਸਿੰਘ ਭੁੱਲਰ ਵੀ ਹਾਜ਼ਰ ਸਨ।

# ਮਾਲਵਾ ਕਾਲਜ 'ਚ ਵਿਦਿਆਰਥੀਆਂ ਨੂੰ ਦਿੱਤੀ ਵਿਦਾਇਗੀ ਪਾਰਟੀ

**ਸਮਰਾਲਾ (ਸੁਰਜੀਤ ਸਿੰਘ)**-ਮਾਲਵਾ ਕਾਲਜ ਬੌਂਦਲੀ-ਸਮਰਾਲਾ ਦੇ ਬੀ.ਏ/ਬੀ.ਐਸ.ਸੀ/ਬੀ.ਕਾਮ ਭਾਗ ਦੂਜਾ ਦੇ ਵਿਦਿਆਰਥੀਆ ਨੇ ਡਾ. ਕੁਲਵਿੰਦਰ ਕੌਰ, ਐਸੋਸੀਏਟ ਪ੍ਰੋਫੈਸਰ ਹਿੰਦੀ ਦੀ ਅਗਵਾਈ ਹੇਠ ਬੀ.ਏ/ਬੀ.ਐਸ.ਸੀ/ਬੀ.ਕਾਮ/ਭਾਗ ਤੀਜਾ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ।ਇਸ ਪ੍ਰੋਗਰਾਮ ਦੌਰਾਨ ਬੱਚਿਆਂ ਨੇ ਨੱਚਣ, ਗਾਉਣ ਤੇ ਗੀਤ ਉਚਾਰਨ ਤੋਂ ਇਲਾਵਾ ਕੁਝ ਮਨ ਪਰਚਾਵੇ ਵਾਲੀਆਂ ਗੇਮਾਂ ਦਾ ਆਯੋਜਨ ਕੀਤਾ।ਕਾਲਜ ਦਾ ਕਾਰਜਕਾਰੀ ਪ੍ਰਿੰਸੀਪਲ ਡਾ. ਹਰਿੰਦਰ ਕੌਰ ਨੇ ਵਿਦਿਆਰਥੀਆਂ ਨਾਲ ਆਪਣੇ ਨਿੱਜੀ ਵਿਚਾਰ ਸਾਂਝੇ ਕਰਦਿਆਂ ਉਨ੍ਹਾਂ ਦੀ ਸਫ਼ਲਤਾ ਦੀ ਕਾਮਨਾ ਕੀਤੀ ਅਤੇ ਉਨ੍ਹਾਂ ਨੂੰ ਕਾਲਜ ਦਾ ਨਾਮ ਵੱਖ ਵੱਖ ਖੇਤਰਾਂ ਵਿੱਚ ਰੌਸ਼ਨ ਕਰਨ ਤੇ ਕਾਲਜ ਨਾਲ ਹਮੇਸ਼ਾ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।ਮਿਸ ਫੇਅਰਵੈੱਲ ਤੇ ਮਿਸਟਰ ਫੇਅਰਵੈੱਲ ਦਾ ਆਯੋਜਨ ਕਾਫ਼ੀ ਦਿਲ ਖਿੱਚਵੇਂ ਅੰਦਾਜ਼ ਵਿੱਚ ਕੀਤਾ ਗਿਆ, ਜਿਸ ਵਿੱਚ ਓਂਕਾਰ ਸਿੰਘ ਨੂੰ ਮਿਸਟਰ ਫੇਅਰਵੈੱਲ ਅਤੇ ਮਿਸ ਦਿਲਪ੍ਰੀਤ ਕੌਰ ਨੂੰ ਮਿਸ ਫੇਅਰਵੈੱਲ ਦਾ ਖ਼ਿਤਾਬ ਦਿੱਤਾ ਗਿਆ।ਇਸ ਤੋਂ ਇਲਾਵਾ ਅਰੁਨ ਮਹਿਤਾ ਨੂੰ ਬੈਸਟ ਪਰਸੈਂਨਲਟੀ, ਮਿਸ ਆਰਤੀ ਤੇ ਮਿਸ ਪਰਦੀਪ ਕੌਰ ਨੂੰ ਬਿਊਟੀਫੂਲ ਸਮਾਈਲ, ਮਿਸ ਲਵਪ੍ਰੀਤ ਕੌਰ ਨੂੰ ਬਿਊਟੀਫੂਲ ਡਰੈੱਸ ਤੇ ਸਿਮਰਨ ਮਾਂਗਟ ਨੂੰ ਬਿਊਟੀਫੂਲ ਹੇਅਰ ਦਾ ਖਿਤਾਬ ਦਿੱਤਾ।ਕਾਲਜ ਦੇ ਸਮੂਹ ਸਟਾਫ਼ ਨੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।



# ਪਾਵਰਕਾਮ ਪੈਨਸ਼ਨਰਜ਼ ਯੂਨੀਅਨ ਦਾ ਡੈਲੀਗੇਟ ਅਜਲਾਸ ਅੱਜ



**ਲੁਧਿਆਣਾ (ਐੱਮ. ਐੱਸ. ਭਾਟੀਆ)**

ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਸੱਦੇ ਅਨੁਸਾਰ ਮੰਡਲ ਯੂਨਿਟ ਅੱਡਾ ਦਾਖਾ ਵਿਖੇ ਡੈਲੀਗੇਟ ਅਜਲਾਸ 16 ਅਪ੍ਰੈਲ ਨੂੰ ਸਵੇਰੇ 10 ਵਜੇ ਮੰਡਲ ਯੂਨਿਟ ਦੇ ਅਹਾਤੇ ਅੰਦਰ ਕੀਤਾ ਜਾਵੇਗਾ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪ੍ਰਧਾਨ ਹਰਦਿਆਲ ਸਿੰਘ ਘੁਮਾਣ ਤੇ ਸਕੱਤਰ ਦਰਸ਼ਨ ਸਿੰਘ ਦਾਖਾ ਨੇ ਦੱਸਿਆ ਕਿ ਪਿਛਲੇ ਸਮੇਂ ਦਾ ਲੇਖਾ ਜੋਖਾ ਕਰਨ ਉਪਰੰਤ ਨਵੀਂ ਮੰਡਲ ਯੂਨਿਟ ਕਮੇਟੀ ਦਾ ਗਠਨ ਕੀਤਾ ਜਾਵੇਗਾ।ਇਸ ਮੌਕੇ ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਬਲਬੀਰ ਸਿੰਘ ਮਾਨ ਤੇ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਗੁਰਮੇਲ ਸਿੰਘ ਮੈਲਡੇ ਨੇ ਦੱਸਿਆ ਕਿ 11 ਅਪ੍ਰੈਲ ਨੂੰ ਪੰਜਾਬ ਦੀਆਂ ਕਰੀਬ ਸਾਰੀਆਂ ਫੈਡਰੇਸ਼ਨਾਂ ਵੱਲੋਂ ਸਾਂਝੀ ਕਨਵੈਨਸ਼ਨ ਕਰਕੇ ਲੋਕ ਸਭਾ ਚੋਣਾਂ ਅੰਦਰ ਭਾਜਪਾ ਤੇ ਆਮ ਆਦਮੀ ਪਾਰਟੀ ਅਤੇ ਇਨ੍ਹਾਂ ਦੇ ਗੱਠਜੋੜ ਨੂੰ ਚਲਦਾ ਕਰਨ ਲਈ ਦਿੱਤੇ ਸੱਦੇ ਮੁਤਾਬਿਕ ਜ਼ਿਲ੍ਹਾ ਪੱਧਰੀ ਰੈਲੀਆਂ ਦੀ ਤਿਆਰੀ ਵਜੋਂ ਮੰਡਲ ਯੂਨਿਟਾਂ ਦੀਆਂ ਰੈਲੀਆਂ ਕਰਕੇ ਲੋਕਾਂ ਨੂੰ ਮੋਦੀ ਸਰਕਾਰ ਦੇ ਕਿਸਾਨ, ਮਜ਼ਦੂਰ ਮੁਲਾਜ਼ਮ ਤੇ ਪੈਨਸ਼ਨਰਜ਼ ਵਿਰੋਧੀ ਫੈਸਲਿਆਂ ਸਬੰਧੀ ਜਾਗਰੂਕ ਕਰਕੇ ਲੋਕ ਸਭਾ ਚੋਣਾਂ ਵਿੱਚ ਖੱਬੇ ਪੱਖੀ ਪਾਰਟੀਆਂ ਨੂੰ ਨਾਲ ਲੈ ਕੇ ਚਲਦਾ ਕਰਨ ਦੀਆਂ ਤਿਆਰੀਆਂ ਅਰੰਭੀਆਂ ਜਾਣਗੀਆਂ।ਇਸ ਡੈਲੀਗੇਟ ਅਜਲਾਸ ਤੇ ਰੈਲੀ ਵਿੱਚ ਸਵੇਰੇ 11 ਵਜੇ ਕਮਿਊਨਿਸਟ ਪਾਰਟੀ ਪੰਜਾਬ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਡੀ ਪੀ ਮੌੜ, ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ, ਸਰਕਲ ਸਬ ਅਰਬਨ ਮੰਡਲ ਯੂਨਿਟ ਲੁਧਿਆਣਾ ਦੇ ਪ੍ਰਧਾਨ ਮਨਜੀਤ ਸਿੰਘ ਮਨਸੂਰਾਂ, ਸਕੱਤਰ ਬਲਵਿੰਦਰ ਸਿੰਘ ਇਯਾਲੀ, ਕੁੱਲ ਹਿੰਦ ਕਿਸਾਨ ਸਭਾ (1936) ਇਕਾਈ ਪੰਜਾਬ ਦੇ ਮੁੱਖ ਆਗੂ ਕਾਮਰੇਡ ਚਮਕੌਰ ਸਿੰਘ ਬਰਮੀਂ ਆਦਿ ਪਹੁੰਚ ਕੇ ਜ਼ਿਲ੍ਹਾ ਪੱਧਰੀ ਰੈਲੀਆਂ ਦਾ ਆਰੰਭ ਕਰਕੇ ਨਰਿੰਦਰ ਮੋਦੀ ਦੀ ਹਕੂਮਤ ਨੂੰ ਚਲਦਾ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਕੇ ਪ੍ਰੇਰਿਤ ਕਰਨਗੇ।ਇਸ ਮੌਕੇ ਗੁਰਦੇਵ ਸਿੰਘ ਪੁੜੈਣ, ਅਮਰੀਕ ਸਿੰਘ ਤਲਵੰਡੀ, ਜਗਮੇਲ ਸਿੰਘ ਸੁਧਾਰ, ਸੁਖਦੇਵ ਸਿੰਘ ਅੱਬੂਵਾਲ, ਜਸਮੇਲ ਸਿੰਘ ਮੋਹੀ, ਹੰਸ ਰਾਜ, ਚਰਨਜੀਤ ਸਿੰਘ ਘਮਨੇਵਾਲ, ਰਵਿੰਦਰ ਸਿੰਘ ਭਨੋਹੜ, ਸਤਪਾਲ ਸਿੰਘ ਆਦਿ ਨੇ ਵੀ ਸਮੂਹ ਮੁਲਾਜ਼ਮ ਤੇ ਮਜ਼ਦੂਰ ਜਥੇਬੰਦੀਆਂ ਅਤੇ ਪੈਨਸ਼ਨਰਜ਼ ਯੂਨੀਅਨਾਂ ਨੂੰ ਇਸ ਡੈਲੀਗੇਟ ਅਜਲਾਸ ਤੇ ਰੈਲੀ ਵਿੱਚ ਸ਼ਮੂਲੀਅਤ ਕਰਕੇ ਲੋਕ ਵਿਰੋਧੀ ਸਰਕਾਰੀ ਨੀਤੀਆਂ ਖਿਲਾਫ ਅਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ।

# ਪੰਜਾਬ ਦੇ ਲੋਕ ਵੋਟ ਦੀ ਤਾਕਤ ਨਾਲ ਮੋਦੀ ਸਰਕਾਰ ਦਾ ਪਲਟਣਗੇ ਤਖਤਾ : ਮੀਤ ਹੇਅਰ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਲੋਕ ਸਭਾ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਨੇ ਕੱਲ੍ਹ ਸ਼ਾਮ ਸਥਾਨਕ ਸਨਾਤਨ ਧਰਮ ਆਸ਼ਰਮ ਵਿਖੇ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਲੜਾਈ ਹੁਣ ਕੇਂਦਰ ਵਿਚਲੀ ਤਾਨਾਸ਼ਾਹੀ ਨਾਲ ਆਰ-ਪਾਰ ਦੀ ਲੜਾਈ ਹੈ ਤੇ ਇਸ ਵਿੱਚ ਕਿਸਾਨ ਅੰਦੋਲਨ ਵਾਂਗ ਪੰਜਾਬ ਪੂਰੇ ਹਿੰਦੁਸਤਾਨ ਦੀ ਅਗਵਾਈ ਕਰੇਗਾ ਤੇ ਹੁਣ ਹਰੇਕ ਵੋਟਰ ਇਸ ਲੜਾਈ ਦਾ ਸਿਪਾਹੀ ਹੈ ਤੇ ਉਸਦੇ ਹੱਥ ਵਿੱਚ ਵੋਟ ਦਾ ਹਥਿਆਰ ਹੈ, ਜਿਸ ਨੂੰ ਵਰਤ ਕੇ ਮੋਦੀ ਦੀ ਅਗਵਾਈ ਵਾਲੀ ਬੀਜੇਪੀ ਸਰਕਾਰ ਦਾ ਤਖਤਾ ਪਲਟਾਇਆ ਜਾਵੇਗਾ।ਉਨ੍ਹਾ ਕਿਹਾ ਕਿ ਸਾਡੇ ਕੋਲ ਲੋਕਾਂ ਦੀ ਤਾਕਤ ਹੈ, ਜਦਕਿ ਬੀਜੇਪੀ ਪੈਸੇ ਦੇ ਜ਼ੋਰ ਨਾਲ ਇਹ ਲੜਾਈ ਜਿੱਤਣਾ ਚਾਹੁੰਦੀ ਹੈ, ਜੋ ਉਸ ਨੇ ਚੋਣ ਬਾਂਡਾਂ ਰਾਹੀਂ ਇਕੱਠਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਪਹਿਲਾਂ ਹੀ ਵਿਕਾਸ ਤੇ ਪ੍ਰਗਤੀ ਦਾ ਰੋਡ ਮੈਪ ਤਿਆਰ ਕਰ ਚੁੱਕੀ ਹੈ ਅਤੇ ਜੇ ਇਨ੍ਹਾਂ ਚੋਣਾਂ ਵਿੱਚ ਲੋਕਾਂ ਨੇ ਮਜ਼ਬੂਤੀ ਨਾਲ ਆਮ ਆਦਮੀ ਪਾਰਟੀ ਦਾ ਡੱਟ ਕੇ ਸਾਥ ਦਿੱਤਾ ਤਾਂ ਕੇਂਦਰ ਵੱਲੋਂ ਮਾਰਿਆ ਪੰਜਾਬ ਦਾ ਸਾਰਾ ਪੈਸਾ ਵਾਪਸ ਲਿਆਂਦਾ ਜਾਵੇਗਾ ਤੇ ਲੋਕਾਂ ਦੇ ਵਿਕਾਸ ਉੱਪਰ ਖਰਚ ਕੀਤਾ ਜਾਵੇਗਾ।

ਇਸ ਮੌਕੇ ਪੰਜਾਬ ਵੇਅਰ ਹਾਊਸਿੰਗ ਤੇ ਕੰਟੇਨਰ ਨਿਗਮ ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ, ਸਮਾਲ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਸ਼ਹਿਰ ਬਲਾਕ ਪ੍ਰਧਾਨ ਐਡਵੋਕੇਟ ਹੈਪੀ ਗਰਗ, ਵਪਾਰ ਮੰਡਲ ਪੰਜਾਬ ਦੇ ਸੂਬਾ ਐਕਟਿੰਗ ਪ੍ਰਧਾਨ ਵਿਕਾਸ ਜੈਨ ਸਮੇਤ ਵੱਡੀ ਗਿਣਤੀ ਵਿੱਚ ਪੰਤਵੰਤੇ ਹਾਜ਼ਰ ਸਨ।

# ਗੁਰਦੁਆਰਾ ਸਾਹਿਬ ਦੇ ਸੇਵਾ ਕਾਰਜ ਸੰਪੂਰਨ ਹੋਣ ਦੀ ਖ਼ੁਸ਼ੀ 'ਚ ਕੀਰਤਨ ਕਰਵਾਇਆ



ਮਾਤਾ ਸਵਰਨ ਕੌਰ ਤੇ ਛੋਟੇ ਭਰਾ ਪਰਵਿੰਦਰ ਸਿੰਘ ਦਾ ਸਨਮਾਨ ਕਰਦੇ ਪ੍ਰਬੰਧਕ ਕਮੇਟੀ ਮੈਂਬਰ।

**ਰਾਜਪੁਰਾ (ਰਮੇਸ਼ ਕਟਾਰੀਆ)**-ਗੁਰਦੁਆਰਾ ਬ੍ਰਹਮ ਗਿਆਨੀ ਸੰਤ ਬਾਬਾ ਤੁਲਸੀ ਦਾਸ ਜੀ ਸੈਦਖੇੜੀ ਤੋਂ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਦੇ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਤੇ ਗੁਰਦੁਆਰਾ ਸਾਹਿਬ ਅਤੇ ਦਰਬਾਰ ਸਾਹਿਬ ਦੇ ਨਵੇਂ ਤੇ ਸੁੰਦਰ ਬਣਨ 'ਤੇ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਦੀ ਖੁਸ਼ੀ ਵਿੱਚ ਕੀਰਤਨ ਕੀਤਾ ਗਿਆ। ਇਸ ਦੀ ਕਾਰ ਸੇਵਾ ਸੰਤ ਬਾਬਾ ਸੁਰਜੀਤ ਸਿੰਘ ਜੀ ਅਮਰੀਕਾ ਵਾਲਿਆਂ ਨੇ ਐੱਨ ਆਰ ਆਈ ਸੰਗਤ, ਨਗਰ ਨਿਵਾਸੀ ਸੰਗਤ, ਇਲਾਕਾ ਨਿਵਾਸੀ ਸੰਗਤ ਦੇ ਸਹਿਯੋਗ ਨਾਲ ਜੋ ਆਰੰਭ ਕੀਤੀ ਸੀ, ਉਨਾ ਵਿੱਚੋਂ ਜਿੱਥੇ ਅਨੇਕਾਂ ਹੀ ਸੇਵਾਵਾਂ ਬੜੇ ਵੱਡੇ ਪੱਧਰ 'ਤੇ ਸੰਪੂਰਨ ਹੋਈਆਂ ਹਨ, ਉਥੇ ਹੀ ਵੱਡੇ ਦੀਵਾਨ ਹਾਲ ਨੂੰ ਉੱਚਾ ਕਰਨ, ਸ਼ੈੱਡ ਦੀ ਛੱਤ ਨੂੰ ਚੌੜਾ ਕਰਨ ਤੇ ਸੋਹਣਾ ਬਣਾਉਣ ਦੀ ਸੇਵਾ, ਬਾਥਰੂਮਾਂ ਨੂੰ ਨਵੇਂ ਬਣਾ ਕੇ ਟਾਈਲ ਦੀ ਸੇਵਾ ਵੀ ਚੱਲ ਰਹੀ ਹੈ।ਸਾਰੇ ਲੰਗਰ ਹਾਲ ਦੇ ਅੰਦਰ ਤੇ ਬਾਹਰ ਟਾਇਲਾਂ ਲਾਈਆਂ ਗਾਈਆਂ ਹਨ ਅਤੇ ਦਰਬਾਰ ਸਾਹਿਬ ਦੇ ਅੰਦਰ ਸ਼੍ਰੀ ਅਖੰਡ ਪਾਠ ਸਾਹਿਬ ਲਈ 2 ਸੁੰਦਰ ਕੈਬਨ ਬਣਾਉਣ ਦੀ ਸੇਵਾ ਵੀ ਸੰਪੂਰਨ ਹੋਈ ਹੈ, ਅਤੇ ਨਵਾਂ ਜੋੜਾ ਘਰ ਵੀ ਬਣਾਇਆ ਗਿਆ ਹੈ।

ਇਸ ਸਮਾਗਮ ਵਿੱਚ ਹਲਕਾ ਘਨੌਰ ਦੇ ਐੱਮ ਐੱਲ ਏ ਗੁਰਲਾਲ ਸਿੰਘ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।ਜਿੱਥੇ ਉਨ੍ਹਾ ਪ੍ਰਬੰਧਕ ਕਮੇਟੀ ਦੀ ਸਿਫਤ ਕੀਤੀ, ਉਥੇ ਹੀ ਵਿਧਾਇਕ ਜੀ ਨੇ ਸੰਤ ਬਾਬਾ ਸੁਰਜੀਤ ਸਿੰਘ ਜੀ ਅਮਰੀਕਾ ਵਾਲਿਆਂ ਦੇ ਮਾਤਾ ਸਵਰਨ ਕੌਰ ਤੇ ਛੋਟੇ ਭਰਾ ਪਰਵਿੰਦਰ ਸਿੰਘ ਦਾ ਸਨਮਾਨ ਕੀਤਾ।ਇਸ ਮੌਕੇ ਪਤਵੰਤੇ ਸੱਜਣ ਜਥੇਦਾਰ ਧਿਆਨ ਸਿੰਘ ਸੈਦਖੇੜੀ, ਪ੍ਰਧਾਨ ਬਲਵਿੰਦਰ ਸਿੰਘ, ਪ੍ਰਧਾਨ ਬਲਕਾਰ ਸਿੰਘ, ਸੁਰਿੰਦਰ ਸਿੰਘ, ਗੁਰਨਾਮ ਸਿੰਘ, ਐਡਵੋਕੇਟ ਵਿਕ੍ਰਮਪਰਤਾਪ ਸਿੰਘ, ਬਲਬੀਰ ਸਿੰਘ ਬਿੱਟੂ, ਭਾਈ ਚਮਨ ਸਿੰਘ, ਕਪੂਰ ਸਿੰਘ, ਨਿਸ਼ਾਨ ਸਿੰਘ, ਸੁਖਵਿੰਦਰ ਸਿੰਘ ਬੌਬੀ, ਪ੍ਰੀਤਮ ਸਿੰਘ, ਭਾਈ ਗੁਰਨਾਮ ਸਿੰਘ ਤੋਂ ਇਲਾਵਾ ਸੇਵਾਦਾਰ ਪਰਦੁਮਨ ਸਿੰਘ, ਸੁੱਚਾ ਸਿੰਘ ਸੁਖਮਨੀ ਸੁਸਾਇਟੀ ਹੈੱਡ ਸੁਰਿੰਦਰ ਕੌਰ, ਗਿਆਨੀ ਅਵਤਾਰ ਸਿੰਘ ਨੇ ਵੀ ਹਾਜ਼ਰੀ ਲਵਾਈ।

# ਜਰਨੈਲ ਸਿੰਘ ਸੇਖਾ ਦੇ ਨਾਵਲ 'ਨਾਬਰ' ਉੱਪਰ ਗੋਸ਼ਟੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਮਹਿੰਦਰ ਸਾਥੀ ਯਾਦਗਾਰੀ ਮੰਚ ਵੱਲੋਂ ਪ੍ਰਵਾਸੀ ਨਾਵਲਕਾਰ ਸ਼੍ਰੀ ਜਰਨੈਲ ਸੇਖਾ ਦੇ ਨਵੇਂ ਨਾਵਲ ਨਾਬਰ ਉੱਪਰ ਵਿਚਾਰ ਚਰਚਾ ਕਰਾਈ ਗਈ। ਸਥਾਨਕ ਸੁਤੰਤਰਤਾ ਸੰਗਰਾਮੀ ਭਵਨ ਵਿੱਚ ਕਰਵਾਏ ਗਏ ਸਾਹਿਤਕ ਸਮਾਗਮ ਵਿੱਚ ਇਸ ਗੋਸ਼ਟੀ ਦੀ ਪ੍ਰਧਾਨਗੀ ਬਹੁ-ਵਿਧਾਈ ਲੇਖਕ ਬਲਦੇਵ ਸਿੰਘ ਮੋਗਾ ਨੇ ਕੀਤੀ। ਪੁਸਤਕ ਉੱਪਰ ਪੇਪਰ ਪੜ੍ਹਦਿਆਂ ਨਾਮਵਰ ਆਲੋਚਕ ਡਾਕਟਰ ਸੁਰਜੀਤ ਬਰਾੜ ਨੇ ਆਖਿਆ ਕਿ ਇਹ ਨਾਵਲ ਔਰਤ ਦੀ ਆਜ਼ਾਦੀ ਤੇ ਉਸ ਦੇ ਬੁਨਿਆਦੀ ਹੱਕਾਂ ਦੀ ਗੱਲ ਕਰਦਾ ਹੈ। ਡਾਕਟਰ ਸੁਰਜੀਤ ਬਰਾੜ ਨੇ ਕਿਹਾ ਕਿ ਪੂੰਜੀਵਾਦੀ ਦੌਰ ਵਿੱਚ ਔਰਤ ਦੀ ਸਥਿਤੀ ਬਦ ਤੋਂ ਬਦਤਰ ਹੋਈ ਹੈ। ਔਰਤ ਨੂੰ ਮੰਡੀ ਦੀ ਵਸਤੂ ਵਜੋਂ ਪੇਸ਼ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਸ਼੍ਰੀ ਜਰਨੈਲ ਸੇਖਾ ਦਾ ਇਹ ਨਾਵਲ ਔਰਤ ਨੂੰ ਆਪਣੇ ਸਵੈ ਦੀ ਪਹਿਚਾਣ ਕਰਾਉਣ ਵਿੱਚ ਸਫਲ ਹੁੰਦਾ ਹੈ। ਨਾਵਲ ਉਪਰ ਦੂਸਰਾ ਪੇਪਰ ਬੋਹਾ ਤੋਂ ਆਏ ਪ੍ਰਸਿੱਧ ਆਲੋਚਕ ਤੇ ਕਹਾਣੀਕਾਰ ਨਿਰੰਜਣ ਬੋਹਾ ਨੇ ਪੇਸ਼ ਕੀਤਾ। ਆਪਣੇ ਪੇਪਰ ਵਿੱਚ ਉਨ੍ਹਾਂ ਨੇ ਇਹ ਮੁੱਦਾ ਪ੍ਰਮੁੱਖਤਾ ਨਾਲ ਉਭਾਰਿਆ ਕਿ ਸ੍ਰੀ ਜਰਨੈਲ ਸਿੰਘ ਸੇਖਾ ਨੇ ਬੜੀ ਸਰਲ ਤੇ ਰੌਚਕ ਭਾਸ਼ਾ ਵਿੱਚ ਪੱਛਮ ਵਿੱਚ ਰਹਿਣ ਵਾਲੀਆਂ ਔਰਤਾਂ ਨੂੰ ਦਰਪੇਸ਼ ਸਮੱਸਿਆਵਾਂ ਦੀ ਚਰਚਾ ਕੀਤੀ ਹੈ। ਉਨ੍ਹਾਂ ਹੈਰਾਨੀ ਜ਼ਾਹਰ ਕੀਤੀ ਕਿ ਵਿਕਸਤ ਮੁਲਕਾਂ ਵਿੱਚ ਰਹਿਣ ਦੇ ਬਾਵਜੂਦ ਮਰਦ ਨੇ ਆਪਣਾ ਜਗੀਰੂ ਸੁਭਾਅ ਨਹੀਂ ਬਦਲਿਆ ਤੇ ਉਹ ਔਰਤ ਨੂੰ ਬਰਾਬਰੀ ਦਾ ਦਰਜਾ ਦੇਣ ਵਿੱਚ ਯਕੀਨ ਨਹੀਂ ਰੱਖਦਾ। ਪੜ੍ਹੇ ਗਏ ਪੇਪਰਾਂ ਉੱਪਰ ਬਹਿਸ ਦੀ ਸ਼ੁਰੂਆਤ ਕਰਦਿਆਂ ਡਾਕਟਰ ਗੁਰਜੀਤ ਸਿੰਘ ਸੰਧੂ ਨੇ ਇਹ ਨੁਕਤਾ ਉਭਾਰਿਆ ਕਿ ਪਿੱਤਰਵਾਦੀ ਸੱਤਾ ਦੀ ਪਕੜ ਟੁੱਟ ਰਹੀ ਹੈ। ਔਰਤ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਰਹੀ ਹੈ। ਨਾਮਵਰ ਵਿਅੰਗਕਾਰ, ਕਹਾਣੀਕਾਰ ਤੇ ਨਾਵਲਕਾਰ ਕੇ ਐੱਲ ਗਰਗ ਨੇ ਕਿਹਾ ਕਿ ਔਰਤ ਮਰਦ ਦੇ ਰਿਸ਼ਤਿਆਂ ਦੀ ਸਫਲਤਾ ਆਪਸੀ ਮੁਕਾਬਲੇਬਾਜ਼ੀ ਵਿੱਚ ਨਹੀਂ, ਬਲਕਿ ਇੱਕ ਦੂਜੇ ਦੇ ਪੂਰਕ ਵਜੋਂ ਵਿਚਰਨ ਵਿੱਚ ਹੈ। ਬਲਦੇਵ ਸਿੰਘ ਮੋਗਾ ਨੇ ਨਾਵਲ ਦੇ ਅੰਤ ਸਬੰਧੀ ਆਪਣਾ ਇਤਰਾਜ਼ ਜ਼ਾਹਰ ਕੀਤਾ ਕਿ ਲੇਖਕ ਨੇ ਅੰਤ ਵਿੱਚ ਨਾਵਲ ਦੀ ਨਾਇਕਾਂ ਨੂੰ ਨਾਬਰ ਨਹੀਂ ਹੋਣ ਦਿੱਤਾ। ਜਸਵੀਰ ਕਲਸੀ ਨੇ ਕਿਹਾ ਕਿ ਇਹ ਨਾਵਲ ਲੇਖਕ ਦੇ ਦੂਸਰੇ ਨਾਵਲਾਂ ਦੇ ਪੱਧਰ ਦਾ ਨਹੀਂ ਹੈ। ਪ੍ਰਸਿੱਧ ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਕਿਹਾ ਕਿ ਲੇਖਕ ਦੀ ਕਿਸੇ ਰਚਨਾ ਦੀ ਉਸਦੀਆਂ ਦੂਸਰੀਆਂ ਰਚਨਾਵਾਂ ਦੇ ਨਾਲ ਤੁਲਨਾ ਨਹੀਂ ਕੀਤੀ ਜਾਣੀ ਚਾਹੀਦੀ। ਮੋਹੀ ਅਮਰਜੀਤ ਨੇ ਨਾਵਲ ਨੂੰ ਮਾਨਵਵਾਦੀ ਸੁਰ ਦਾ ਨਾਵਲ ਕਿਹਾ। ਗੁਰਚਰਨ ਸੰਘਾ ਨੇ ਜਰਨੈਲ ਸੇਖਾ ਦੇ ਮਾਨਵਵਾਦੀ ਨਜ਼ਰੀਏ ਦੀ ਸ਼ਲਾਘਾ ਕੀਤੀ। ਮੰਚ ਸੰਚਾਲਕ ਰਣਜੀਤ ਸਰਾਂਵਾਲੀ ਨੇ ਜਰਨੈਲ ਸੇਖਾ ਦੀ ਸਮੁੱਚੀ ਸਾਹਿਤਕ ਦੇਣ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ। ਦਰਸ਼ਨ ਸੰਘਾ ਨੇ ਆਪਣੇ ਖੂਬਸੂਰਤ ਗੀਤ ਰਾਹੀਂ ਮਾਹੌਲ ਬਦਲ ਦਿੱਤਾ। ਚਰਨਜੀਤ ਸਮਾਲਸਰ ਨੇ ਨਾਵਲ ਵਿੱਚ ਪੇਸ਼ ਹੋਈਆਂ ਔਰਤਾਂ ਦੇ ਵੱਖ ਵੱਖ ਰੂਪਾਂ ਦੀ ਗੱਲ ਕੀਤੀ। ਅਮਰਪ੍ਰੀਤ ਕੌਰ ਸੰਘਾ ਨੇ ਨਾਵਲ ਦੇ ਵੱਖ ਵੱਖ ਗੁਣਾਂ ਦੀ ਵਿਸਥਾਰ ਸਹਿਤ ਚਰਚਾ ਕੀਤੀ। ਮੰਚ ਦੇ ਮੀਤ ਪ੍ਰਧਾਨ ਗੁਰਦੀਪ ਲੋਪੋ ਨੇ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਇਸ ਵਿਚਾਰ ਚਰਚਾ ਵਿੱਚ ਸ਼੍ਰੀ ਜਰਨੈਲ ਸੇਖਾ ਦੇ ਪੁੱਤਰ ਅਤੇ ਮੰਚ ਦੇ ਸੀਨੀਅਰ ਮੀਤ ਪ੍ਰਧਾਨ ਨਵਨੀਤ ਸਿੰਘ ਸੇਖਾ, ਅਵਤਾਰ ਸਿੰਘ ਰਿਟਾਇਰਡ ਏ ਜੀ ਐਮ ਅਤੇ ਰਾਮ ਸਿੰਘ ਹਠੂਰ ਤੇ ਹੋਰਨਾਂ ਨੇ ਵੀ ਭਾਗ ਲਿਆ।

# ਪੰਜਾਬ ਤੇ ਪੰਜਾਬੀਅਤ ਦੇ ਹਿੱਤਾਂ ਲਈ ਅਕਾਲੀ ਦਲ ਆਖਰੀ ਦਮ ਤੱਕ ਲੜੇਗਾ : ਮਿੱਡੂਖੇੜਾ, ਬਿੱਟੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਚਾਵਲਾ, ਪਰਮਜੀਤ ਸਿੰਘ)**-ਦੇਸ਼ ਦੀ ਪਾਰਲੀਮੈਂਟ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਪੰਜਾਬ ਤੇ ਪੰਜਾਬੀਅਤ ਦੀ ਤਰਜਮਾਨੀ ਕਰਦੇ ਹੋਏ ਰਾਜਾਂ ਦੇ ਵਧੇਰੇ ਹੱਕਾਂ ਦੀ ਗੱਲ ਕੀਤੀ ਹੈ ਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਮੂਹਰੇ ਹੋ ਕੇ ਹਰ ਇੱਕ ਲੜਾਈ ਲੜੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੀਨੀਅਰ ਅਕਾਲੀ ਆਗੂ ਤੇਜਿੰਦਰ ਸਿੰਘ ਮਿੱਡੂਖੇੜਾ ਤੇ ਮਨਜਿੰਦਰ ਸਿੰਘ ਬਿੱਟੂ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪਿੰਡ ਬਾਦਲ ਵਿਖੇ ਨਿੱਜੀ ਮੁਲਾਕਾਤ ਦੌਰਾਨ ਕੀਤਾ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਤੇਜਿੰਦਰ ਸਿੰਘ ਮਿੱਡੂਖੇੜਾ ਨੇ ਕਿਹਾ ਕਿ 'ਆਪ' ਸਰਕਾਰ ਨੇ ਲੋਕਾਂ ਨਾਲ ਕੀਤਾ ਕੋਈ ਵੀ ਵਾਅਦਾ ਸਿਰੇ ਨਹੀਂ ਚਾੜ੍ਹਿਆ, ਜਿਸ ਕਰਕੇ ਪੰਜਾਬ ਦੇ ਲੋਕ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੌਰਾਨ ਸੂਬੇ ਵਿੱਚ ਕਰਵਾਏ ਵਿਕਾਸ ਕਾਰਜਾਂ ਨੂੰ ਯਾਦ ਕਰ ਰਹੇ ਹਨ।ਲੋਕ ਸਭਾ ਚੋਣਾਂ-2024 ਬਾਰੇ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਨੇ ਕਿਹਾ ਕਿ ਪੰਜਾਬੀ ਤੇ ਪੰਥਕ ਵੋਟ ਇਸ ਵਾਰ ਅਕਾਲੀ ਦਲ ਦੇ ਹੱਕ ਵਿੱਚ ਖੜ੍ਹੀ ਹੋਵੇਗੀ, ਕਿਉਂਕਿ ਪੰਜਾਬ ਵਾਸੀਆਂ ਨੂੰ ਵੀ ਇਸ ਗੱਲ ਦੀ ਸਮਝ ਆ ਗਈ ਹੈ ਕਿ ਜਦੋਂ ਵੀ ਗੱਲ ਪੰਜਾਬ ਦੇ ਹੱਕਾਂ ਦੀ, ਪੰਜਾਬ ਦੇ ਵਿਕਾਸ, ਰੋਜ਼ਗਾਰ, ਅਮਨ-ਸ਼ਾਂਤੀ ਦੀ ਮਜ਼ਬੂਤੀ, ਸਰਬੱਤ ਦੇ ਭਲੇ ਜਾਂ ਕਿਰਸਾਨੀ ਮੁੱਦਿਆਂ ਦੇ ਹੱਲ ਦੀ ਹੋਵੇਗੀ ਤਾਂ ਕੇਵਲ ਸ਼੍ਰੋਮਣੀ ਅਕਾਲੀ ਦਲ ਹੀ ਹੈ ਜੋ ਆਖਰੀ ਦਮ ਤੱਕ ਲੜਾਈ ਲੜਦਾ ਰਹੇਗਾ।ਇਸ ਮੌਕੇ ਜਗਵੰਤ ਸਿੰਘ ਲੰਬੀਢਾਬ, ਹਰਪਾਲ ਸਿੰਘ ਕੋਟਲੀ ਸੰਘਰ, ਮੌਂਟੀ ਬਰਾੜ ਝੀਂਡਵਾਲਾ, ਰਜਿੰਦਰ ਸਿੰਘ ਵੱਟੂ, ਗੁਰਵਿੰਦਰ ਸਿੰਘ ਬਾਜਾ ਮਰਾੜ, ਹਰਵਿੰਦਰ ਸਿੰਘ ਵਿਰਕ, ਕਾਕਾ ਕੋਟਲੀ ਸੰਘਰ, ਹੁਕਮਜੀਤ ਸਿੰਘ ਚੱਕ ਮੋਤਲੇਵਾਲਾ, ਗੁਰਪ੍ਰੀਤ ਸਿੰਘ, ਸੁਰਿੰਦਰ ਸਿੰਘ ਛਿੰਦਾ, ਕੁਲਦੀਪ ਸਿੰਘ, ਬੇਅੰਤ ਸਿੰਘ ਬਿੰਨੀ ਮਨੇਸ, ਗੁਰਭੇਜ ਸਿੰਘ, ਜਸਪਾਲ ਸਿੰਘ ਛਾਬੜਾ ਪੀਏ, ਟੀਨੂੰ ਸੋਢੀ ਆਦਿ ਹਾਜ਼ਰ ਸਨ।

page-6-16-Apri.-2024.qxd 4/15/2024 10:45 PM Page 1



# ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ 'ਚ ਵਿਸਾਖੀ ਦਾ ਤਿਉਹਾਰ ਮਨਾਇਆ






ਲੋਹੀਆਂ ਖਾਸ, (ਯੋਗੇਸ਼ਵਰ) : ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ, ਵਾੜਾ ਜੋਧ ਸਿੰਘ, ਜ਼ਿਲ੍ਹਾ ਜਲੰਧਰ ਵਿਖੇ ਈਦ ਉਲ ਫਿਤਰ, ਅੰਬੇਦਕਰ ਜੈਅੰਤੀ ਅਤੇ ਪੰਜਾਬੀਆਂ ਦੀ ਸ਼ਾਨ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ।ਕਰੇਜ ਹਾਊਸ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਇਸ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਭ ਤੋਂ ਪਹਿਲਾਂ 13 ਅਪ੍ਰੈਲ ਜਲ੍ਹਿਆਂਵਾਲਾ ਬਾਗ ਸਾਕੇ 'ਚ ਸ਼ਹੀਦ ਹੋਏ ਭਾਰਤੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ।ਫਿਰ ਸੰਵਿਧਾਨ ਨਿਰਮਾਤਾ ਡਾ. ਭੀਮ ਰਾਵ ਅੰਬੇਦਕਰ ਅਤੇ ਪੀਰ ਮੁਹੰਮਦ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ।ਫਿਰ ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰਕ ਲੋਕ ਗੀਤ, ਭੰਗੜਾ ਗਿੱਦਾ ਦਾ ਪ੍ਰਦਰਸ਼ਨ ਕੀਤਾ। ਨੰਨੇ ਮੁੰਨੇ ਵਿਦਿਆਰਥੀਆਂ ਨੇ ਪੰਜਾਬੀ ਪਹਿਰਾਵੇ 'ਚ ਪੰਜਾਬੀ ਵਿਰਸੇ ਅਤੇ ਕਿਸਾਨ ਵੀਰਾਂ ਦੀ ਮਿਹਨਤ ਦੀ ਮੇਲੇ ਦੇ ਦ੍ਰਿਸ਼ ਰਾਹੀਂ ਝਲਕ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ। ਮੈਨੇਜਮੈਂਟ ਅਤੇ ਪ੍ਰਿੰਸੀਪਲ ਸ਼੍ਰੀਮਤੀ ਨੀਤੀਮਾ ਨੇ ਸਭ ਨੂੰ ਡਾ. ਅੰਬੇਦਕਰ ਦੀ ਸਿੱਖਿਆਵਾਂ ਅਤੇ ਕਿਸਾਨ ਵੀਰਾਂ ਦੀ ਮਿਹਨਤ ਅਤੇ ਲਗਨ ਨੂੰ ਜ਼ਿੰਦਗੀ ਵਿੱਚ ਉਤਾਰਨ ਲਈ ਪ੍ਰੇਰਿਤ ਕੀਤਾ।

# 'ਭਾਜਪਾ ਦਾ ਪਿੰਡਾਂ ਵਿੱਚ ਕੀਤਾ ਜਾਵੇਗਾ ਵਿਰੋਧ'



ਨੂਰਪੁਰਬੇਦੀ (ਪੱਤਰ ਪ੍ਰੇਰਕ) ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਰੂਪਨਗਰ ਦੀ ਇਕ ਮੀਟਿੰਗ ਭੱਦੀ ਰੋਡ ਨੇੜੇ ਜੱਟਪੁਰ ਵਿਖੇ ਕਾਮਰੇਡ ਸੁਰਜੀਤ ਸਿੰਘ ਢੇਰ ਜਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਇਥੇ ਹੋਈ। ਜਿਸ ਵਿੱਚ ਮੁੱਖ ਤੌਰ 'ਤੇ ਮੈਂਬਰਸ਼ਿਪ, ਕਿਸਾਨਾਂ ਮਜ਼ਦੂਰਾਂ ਦੀਆਂ ਕੁਰਕੀਆਂ ਸੰਬੰਧੀ ਅਤੇ ਭਾਜਪਾ ਦਾ ਪਿੰਡਾਂ ਵਿੱਚ ਵਿਰੋਧ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਪ੍ਰੈਸ ਨੂੰ ਜਾਰੀ ਬਿਆਨ ਵਿੱਚ ਜਿਲਾ ਸਕੱਤਰ ਕਰਨੈਲ ਸਿੰਘ ਬਜਰੂੜ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਪਿਛਲੇ ਸਾਲ ਦੀ ਸਾਰੀ ਮੈਂਬਰਸ਼ਿਪ ਇਕੱਠੀ ਕੀਤੀ ਗਈ ਅਤੇ ਪਿੰਡ ਪਿੰਡ ਕਿਸਾਨ ਸਭਾ ਦੀਆਂ ਇਕਾਈਆਂ ਸਥਾਪਿਤ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਇਹ ਵੀ ਫੈਸਲਾ ਹੋਇਆ ਕਿ ਕਿਸੇ ਵੀ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਕਿਸਾਨਾਂ ਮਜ਼ਦੂਰਾਂ ਦੀ ਜ਼ਮੀਨ ਦੀ ਕੁਰਕੀ ਨਹੀਂ ਹੋਣ ਦਿੱਤੀ ਜਾਵੇਗੀ, ਸਗੋਂ ਕਿਸਾਨ ਸਭਾ ਬਾਕੀ ਜਥੇਬੰਦੀਆਂ ਨਾਲ ਮਿਲ ਕੇ ਡੱਟ ਕੇ ਵਿਰੋਧ ਕਰੇਗੀ। ਉਹਨਾਂ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਨੇ ਦੇਸ਼ ਪੱਧਰ 'ਤੇ ਇਹ ਫੈਸਲਾ ਕੀਤਾ ਹੈ ਕਿ ਜਿੱਥੇ ਵੀ ਭਾਜਪਾ ਦੇ ਆਗੂ ਪਿੰਡਾਂ ਵਿੱਚ ਜਾਣ ਤਾਂ ਉਹਨਾਂ ਨੂੰ ਮੁੱਖ ਤੌਰ 'ਤੇ ਕਿਸਾਨ ਸਵਾਲ ਪੁੱਛਣਗੇ ਅਤੇ ਵਿਰੋਧ ਕੀਤਾ ਜਾਵੇਗਾ। ਕਿਉਂਕਿ ਮੋਦੀ ਸਰਕਾਰ ਨੇ ਜੋ ਵਾਇਦੇ ਤਿੰਨ ਵਿਰੋਧੀ ਕਾਲੇ ਕਾਨੂੰਨ ਵਾਪਸ ਲੈਣ ਸਮੇਂ ਸੰਯੁਕਤ ਕਿਸਾਨ ਮੋਰਚੇ ਨਾਲ ਕੀਤੇ ਸਨ।ਅੱਜ ਤੱਕ ਉਹਨਾਂ ਨੂੰ ਪੂਰਾ ਨਹੀਂ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ 2014 ਵਿੱਚ ਜੋ ਵਾਇਦੇ ਕਿਸਾਨਾਂ ਨਾਲ ਕੀਤੇ ਉਹ ਵੀ ਪੂਰੇ ਨਹੀਂ ਕੀਤੇ ਗਏ। ਜਿਸ ਕਾਰਨ ਅੱਜ ਕਿਸਾਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਵਰਕਰ ਭਾਜਪਾ ਦਾ ਪਿੰਡਾਂ ਵਿੱਚ ਵੜਨ ਸਮੇਂ ਡੱਟ ਕੇ ਵਿਰੋਧ ਕਰਨਗੇ। ਅੱਜ ਦੀ ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ ਭੰਗਲ, ਇੰਦਰਜੀਤ ਸਿੰਘ ਫੌਜੀ, ਸੀਨੀਅਰ ਮੀਤ ਪ੍ਰਧਾਨ ਤਰਲੋਚਨ ਸਿੰਘ ਹੁਸੈਨਪੁਰ, ਸੁਪਿੰਦਰ ਸਿੰਘ, ਜੈਮਲ ਸਿੰਘ ਬਸੀ,ਰੋਸ਼ਨ ਸਿੰਘ ਸੈਣੀ, ਕਾਮਰੇਡ ਗੀਤਾ ਰਾਮ ਅਤੇ ਹਰਜਾਪ ਸਿੰਘ ਵਡਿਅਲ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਜ਼ਿਲੇ ਭਰ ਦੇ ਕਿਸਾਨ ਮਜ਼ਦੂਰਾਂ ਨੂੰ ਸੱਦਾ ਦਿੱਤਾ ਗਿਆ ਕਿ ਉਹ ਹਰੇਕ ਪ੍ਰੋਗਰਾਮ ਵਿੱਚ ਵੱਧ ਤੋਂ ਵੱਧ ਸ਼ਾਮਲ ਹੋਣ।

# ਪੜ੍ਹੋ, ਜਥੇਬੰਦ ਹੋਵੋ ਅਤੇ ਸੰਘਰਸ਼ ਕਰੋ: ਪ੍ਰੋ. ਸਿੱਧੂ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਡਾ. ਭੀਮ ਰਾਓ ਅੰਬੇਡਕਰ ਦਾ 133ਵਾਂ ਜਨਮ ਦਿਹਾੜਾ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਆਪਣੇ ਦਫਤਰ ਵਿਖੇ ਸਾਥੀ ਕਿਰਪਾਲ ਸਿੰਘ ਗਿੱਲ ਤੇ ਡਾ. ਰਾਮ ਸ਼ਰਨ ਦੀ ਪ੍ਰਧਾਨਗੀ ਹੇਠ ਸੈਮੀਨਾਰ ਕਰਕੇ ਮਨਾਇਆ ਗਿਆ।ਸੈਮੀਨਾਰ 'ਚ ਇਕੱਠੇ ਹੋਏ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਤੇ ਰਿਟਾਇਰੀ ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆਂ ਪ੍ਰੋਫੈਸਰ ਅਮਰਜੀਤ ਸਿੰਘ ਸਿੱਧੂ ਨੇ ਕਿਹਾ ਕਿ ਭਾਵੇਂ ਡਾ. ਅੰਬੇਡਕਰ ਦਾ ਜਨਮ ਗਰੀਬ ਤੇ ਦਲਿਤ ਪਰਿਵਾਰ ਵਿਚ ਹੋਇਆ ਸੀ ਪਰ ਦਲਿਤਾਂ ਗਰੀਬਾਂ, ਮਜ਼ਲੂਮਾਂ ਨਾਲ ਹੁੰਦੀਆ ਜ਼ਿਆਦਤੀਆਂ ਦੇ ਖਿਲਾਫ ਲੜਨਾ ਉਨ੍ਹਾਂ ਆਪਣੇ ਪਿਤਾ ਸੂਬੇਦਾਰ ਰਾਮ ਕੋਲੋਂ ਸਿੱਖਿਆ ਤੇ ਦਲਿਤਾਂ ਨਾਲ ਹੁੰਦੀਆਂ ਜ਼ਿਆਦਤੀਆਂ ਦੇਖ ਕੇ ਆਪਣੇ ਮਨ ਵਿੱਚ ਸਮਾਜਿਕ ਨਾਬਰਾਬਰੀ ਤੇ ਕਾਣੀ ਵੰਡ ਦੇ ਖਿਲਾਫ ਅਤੇ ਅਮੀਰ-ਗਰੀਬੀ ਦਾ ਪਾੜਾ ਅਤੇ ਅਨਪੜ੍ਹਤਾਂ ਖਤਮ ਕਰਨ ਵਾਸਤੇ ਸੰਘਰਸ਼ ਕਰਨ ਦਾ ਆਪਣਾ ਪੱਕਾ ਮਨ ਬਣਾ ਲਿਆ ਸੀ ਅਤੇ ਦਲਿਤ ਤੇ ਦੱਬੇ ਕੁਚਲੇ ਲੋਕਾਂ ਨੂੰ ਸਿੱਖਿਅਤ ਕਰਨ ਵਾਸਤੇ ਉੱਚ ਵਿੱਦਿਆ ਦੀਆਂ ਕਈ ਡਿਗਰੀਆਂ ਹਾਸਲ ਕਰਨ ਲਈ ਵਿਦੇਸ਼ ਵੀ ਜਾਣਾ ਪਿਆ ।ਪ੍ਰੋ. ਸਿੱਧੂ ਨੇ ਅੱਗੇ ਕਿਹਾ ਕਿ ਅੱਜ ਦੇਸ਼ 'ਚ ਮੋਦੀ ਸਰਕਾਰ ਆਰਐੱਸਐੱਸ ਦੇ ਇਸ਼ਾਰੇ 'ਤੇ ਡਾ. ਅੰਬੇਡਕਰ ਵਲੋਂ ਲਿਖੇ ਗਏ ਸੰਵਿਧਾਨ ਨੂੰ ਤਹਿਸ–ਨਹਿਸ ਕਰਕੇ ਸਕੂਲਾਂ/ਕਾਲਜਾਂ ਦੇ ਸਿਲੇਬਸ ਵਿਚੋਂ ਦੇਸ਼ ਭਗਤ ਲੋਕਾਂ ਦੀ ਕੁਰਬਾਨੀ ਦੇ ਚੈਪਟਰ ਨੂੰ ਕੱਢ ਕੇ ਆਰਐੱਸਐੱਸ ਦੇ ਇਸ਼ਾਰੇ ਤੇ ਮਨੂੰਵਾਦੀ ਤਾਕਤਾਂ ਦਾ ਪ੍ਰਚਾਰ ਕਰਨਾ ਚਾਹੁੰਦੀ ਹੈ ਪ੍ਰੋਫੈਸਰ ਸਿੱਧੂ ਕੇ ਅੰਤ ਵਿੱਚ ਕਿਹਾ ਕਿ ਬੀ ਜੇ ਪੀ ਦੀ ਮੋਦੀ ਸਰਕਾਰ ਵੱਲੋਂ ਫਾਸ਼ੀਵਾਦ ਤਾਕਤਾਂ ਦੇ ਇਸ਼ਾਰਿਆਂ ਤੇ ਦਬਾਇਆ ਜਾ ਰਿਹਾ।

ਇਸ ਸਮੇਂ ਕਾਮਰੇਡ ਰਤਨ ਸਿੰਘ ਰੰਧਾਵਾ, ਕਾਮਰੇਡ ਜਗਤਾਰ ਸਿੰਘ ਕਰਮਪੁਰਾ, ਬਲਵਿੰਦਰ ਸਿੰਘ ਝਬਾਲ ਨੇ ਵੀ ਆਪਣੇ ਵਿਚਾਰ ਰੱਖੇ। ਇਸ ਸਮੇਂ ਪਲਵਿੰਦਰ ਸਿੰਘ ਮੱਟੂ, ਰਾਕੇਸ਼ ਯੂਪੀ, ਕਿਸ਼ੋਰ ਸਿੰਘ, ਰਾਮ ਦਰਸ਼ ਗੌਤਮ, ਗਿਆਨੀ ਦਵਿੰਦਰ ਸਿੰਘ, ਰਾਮ ਕਿਸ਼ਨ, ਗੁਰਦੀਪ ਸਿੰਘ ਤੇ ਲੈਕਚਰਾਰ ਨਿਰਮਲ ਸਿੰਘ ਤੇ ਓਸੀਐਮ ਮਿੱਲ ਕਮੇਟੀ ਦੇ ਆਗੂ ਵੀ ਮੌਜੂਦ ਸਨ।

# ਕੰਗ 'ਚ ਡਾ. ਭੀਮ ਰਾਓ ਅੰਬੇਡਕਰ ਦਾ 133ਵਾਂ ਜਨਮ ਦਿਨ ਮਨਾਇਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸ਼ਹਿਰ ਧਾਰੀਵਾਲ ਦੇ ਨੇੜਲੇ ਪਿੰਡ ਕੰਗ ਵਿੱਚ ਵੱਖ-ਵੱਖ ਆਗੂਆਂ ਵਲੋਂ ਸੰਵਿਧਾਨ ਦੇ ਨਿਰਮਾਤਾ, ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦਾ 133ਵਾਂ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵੱਖ-ਵੱਖ ਆਗੂਆਂ ਵਲੋਂ ਡਾਕਟਰ ਅੰਬੇਡਕਰ ਪਾਰਕ ਕੰਗ ਵਿੱਚ ਸਥਿਤ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੇ ਬੁੱਤ ਤੇ ਪੂਰੀ ਸ਼ਰਧਾ ਭਾਵਨਾ ਨਾਲ ਫੁੱਲ ਮਾਲਾਵਾਂ ਭੇਟ ਕੀਤੀਆਂ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਡਾਕਟਰ ਕਮਲਜੀਤ ਸਿੰਘ ਕੇਜੇ, ਜਥੇਦਾਰ ਸੁੱਚਾ ਸਿੰਘ ਛੋਟੇਪੁਰ ਸਾਬਕਾ ਮੰਤਰੀ ਪੰਜਾਬ, ਸ਼੍ਰੋਮਣੀ ਅਕਾਲੀ ਦਲ ਬਾਦਲ ਹਲਕਾ ਕਾਦੀਆਂ ਦੇ ਇੰਚਾਰਜ ਗੁਰਇਕਬਾਲ ਸਿੰਘ ਮਾਹਲ, ਡਾ. ਅੰਬੇਡਕਰ ਮਿਸ਼ਨ ਧਾਰੀਵਾਲ ਦੇ ਪ੍ਰੈੱਸ ਸਕੱਤਰ ਅਸ਼ਵਨੀ ਫੱਜੂਪੁਰ, ਕਾਂਗਰਸ ਪਾਰਟੀ ਦੇ ਬਲਾਕ ਪ੍ਰਧਾਨ ਗੁਰਨਾਮ ਸਿੰਘ ਜਫਰਵਾਲ, ਕ੍ਰਿਸਚੀਅਨ ਆਗੂ ਬੱਬਾ ਗਿੱਲ, ਰਾਮ ਪਾਲ ਬੱਲ ਆਦਿ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਦੇ ਨਿਰਮਾਤਾ, ਮਹਾਨ ਸਿਆਸਤਦਾਨ ਅਤੇ ਉਘੇ ਸਮਾਜ ਸੁਧਾਰਕ ਬਾਬਾ ਸਾਹਿਬ ਡਾ. ਅੰਬੇਡਕਰ ਨੇ ਸਿਰਫ ਦਲਿਤਾਂ ਵਾਸਤੇ ਹੀ ਨਹੀਂ ਬਲਕਿ ਸਮੁੱਚੇ ਭਾਰਤ ਦੇ ਲੋਕਾਂ ਲਈ ਭਲਾਈ ਦੇ ਕੰਮ ਕੀਤੇ ਹਨ। ਉਨ੍ਹਾਂ ਭਾਰਤੀ ਰਾਜਨੀਤੀ ਵਿੱਚ ਬਰਾਬਰਤਾ ਲਿਆਉਣ ਲਈ ਸਭ ਨੂੰ ਵੋਟ ਦਾ ਅਧਿਕਾਰ ਲੈ ਕੇ ਦਿੱਤਾ। ਪ੍ਰਧਾਨ ਅਸ਼ਵਨੀ ਫੱਜੂਪੁਰ ਨੇ ਸੰਬੋਧਨ ਕਰਦਿਆਂ ਕਿਹਾ ਸਾਨੂੰ ਸਾਰਿਆਂ ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵੱਲੋਂ ਸਮਾਜਿਕ ਕੁਰੀਤੀਆਂ ਅਤੇ ਸਮਾਜਿਕ ਪਰਿਵਰਤਨ ਲਈ ਕੀਤੇ ਸੰਘਰਸ਼ ਤੋਂ ਪ੍ਰੇਰਨਾ ਲੈ ਕੇ ਦੇਸ਼ ਦੇ ਚੰਗੇ ਭਵਿੱਖ ਲਈ ਸਮਾਜਿਕ ਕੁਰੀਤੀਆਂ ਵਿਰੁੱਧ ਸੰਘਰਸ਼ ਕਰਨਾ ਚਾਹੀਦਾ ਹੈ। ਇਸ ਮੌਕੇ ਐਡਵੋਕੇਟ ਸ਼ਿਵਚਰਨ ਸਿੰਘ ਮਾਨ, ਜ਼ਿਲ੍ਹੇਦਾਰ ਗੁਰਬਚਨ ਸਿੰਘ, ਪ੍ਰੇਮਪਾਲ ਪੰਮਾ, ਇੰਜੀ. ਜੇ. ਪੀ. ਸਿੰਘ, ਐੱਸਡੀਓ ਸੁਖਦੇਵ ਸਿੰਘ ਚਾਹਲ, ਇਮੈਨੂਅਲ ਕੰਗ, ਬਲਵਿੰਦਰਪਾਲ ਟਾਕ ਫੱਜੂਪੁਰ, ਹਰਪਾਲ ਸਿੰਘ ਕੰਗ, ਬਲਵਿੰਦਰ ਸਿੰਘ ਮੱਲ੍ਹੀ, ਗੁਰਮੇਜ ਸਿੰਘ, ਜੋਗਿੰਦਰ ਸਿੰਘ ਕੰਗ, ਗੁਰਸ਼ਰਨ ਸਿੰਘ ਜਫਰਵਾਲ, ਕੈਪਟਨ ਰਣਧੀਰ ਸਿੰਘ, ਜਾਨੂ ਜਸਜੀਤ ਸਿੰਘ ਆਦਿ ਸਮੇਤ ਹੋਰ ਵੀ ਸ਼ਖ਼ਸੀਅਤਾਂ ਹਾਜ਼ਰ ਸਨ।


## ਉੱਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

**ਨੀਲਾਮੀ ਸੂਚਨਾ ਨੰ.** EAFZR-SLR24-13A

**ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ** 03.05.2024 ਨੂੰ 11:00 ਵਜੇ

**ਕੰਮ ਦਾ ਨਾਮ**ਨਾਮ: ਗੱਡੀਆਂ ਦੇ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 12426-F1,12498-F1,22432-F1,11450-F1,22430-F1,14610-F1,14612-F1,20986-F1,22402-F1,19416-F1,22942-F1,22462-F1,14682-F1,16788-F1,19804-F1,14034-F1,12446-F1,19028-F1,12414-F1,19108-F1

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 1129/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਦਫ਼ਤਰ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਕਪੂਰਥਲਾ (ਪਬਲਿਕ ਨੋਟਿਸ)

ਇਸ ਪਬਲਿਕ ਨੋਟਿਸ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀਮਤੀ ਸੰਗੀਤਾ ਗੁਪਤਾ ਪਤਨੀ ਸ਼੍ਰੀ ਰਜਿੰਦਰ ਕੁਮਾਰ ਗੁਪਤਾ ਵਾਸੀ 157 ਨਿਊ ਪਟੇਲ ਨਗਰ ਫਗਵਾੜਾ ਵੱਲੋਂ ਪ੍ਰਤੀ ਬੇਨਤੀ ਪੱਤਰ ਪ੍ਰਾਪਤ ਹੋਇਆ ਹੈ, ਜਿਸ ਵਿਚ ਪਲਾਟ ਨੰ: 41 ਉਦਯੋਗਿਕ ਖੇਤਰ ਫਗਵਾੜਾ ਵਿੱਚੋਂ 10.18 ਮਰਲੇ/307.66 ਵਰਗ ਗਜ਼ ਦੀ ਤਬਦੀਲੀ ਆਪਣੇ ਨਾਂਅ ਅਤੇ ਆਪਣੇ ਪਤੀ ਦੇ ਨਾਂਅ ਬਰਾਬਰ-ਬਰਾਬਰ ਹਿੱਸੇ ਵਿਚ ਕਰਨਾ ਚਾਹੁੰਦੇ ਹਨ। ਇਸ ਤਬਦੀਲੀ ਸੰਬੰਧੀ ਕਿਸੇ ਵੀ ਵਿਅਕਤੀ/ਫਰਮ/ਅਦਾਰਾ ਜਾਂ ਸੰਸਥਾ ਨੂੰ ਕੋਈ ਇਤਰਾਜ਼ ਹੈ ਤਾਂ ਇਹ ਪਬਲਿਕ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿਚ ਆਪਣਾ ਇਤਰਾਜ਼ ਨਿਮਨਹਸਤਾਖਰ ਦੇ ਦਫ਼ਤਰ ਵਿਖੇ ਆ ਕੇ ਦੇ ਸਕਦਾ ਹੈ। ਮਿੱਥੇ ਸਮੇਂ ਅੰਦਰ ਜੇਕਰ ਕੋਈ ਇਤਰਾਜ਼ ਪ੍ਰਾਪਤ ਨਹੀਂ ਹੁੰਦਾ ਤਾਂ ਪਲਾਟ ਨੰ: 41 (10.18 ਮਰਲੇ/307.66 ਵਰਗ ਗਜ਼) ਉਦਯੋਗਿਕ ਖੇਤਰ ਫਗਵਾੜਾ ਜ਼ਿਲ੍ਹਾ ਕਪੂਰਥਲਾ ਵਿਚੋਂ ਦੀ ਤਬਦੀਲੀ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਕਪੂਰਥਲਾ।

## ਦਫ਼ਤਰ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਕਪੂਰਥਲਾ (ਪਬਲਿਕ ਨੋਟਿਸ)

ਇਸ ਪਬਲਿਕ ਨੋਟਿਸ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀਮਤੀ ਸੰਗੀਤਾ ਗੁਪਤਾ ਪਤਨੀ ਸ਼੍ਰੀ ਰਜਿੰਦਰ ਕੁਮਾਰ ਗੁਪਤਾ ਵਾਸੀ 157 ਨਿਊ ਪਟੇਲ ਨਗਰ ਫਗਵਾੜਾ ਵੱਲੋਂ ਪ੍ਰਤੀ ਬੇਨਤੀ ਪੱਤਰ ਪ੍ਰਾਪਤ ਹੋਇਆ ਹੈ, ਜਿਸ ਵਿਚ ਪਲਾਟ ਨੰ: 30 ਉਦਯੋਗਿਕ ਖੇਤਰ ਫਗਵਾੜਾ ਵਿਚੋਂ 11.65 ਮਰਲੇ/352.17 ਵਰਗ ਗਜ਼ ਦੀ ਤਬਦੀਲੀ ਆਪਣੇ ਨਾਂਅ ਅਤੇ ਆਪਣੇ ਪਤੀ ਦੇ ਨਾਂਅ ਬਰਾਬਰ-ਬਰਾਬਰ ਹਿੱਸੇ ਵਿਚ ਕਰਨਾ ਚਾਹੁੰਦੇ ਹਨ। ਇਸ ਤਬਦੀਲੀ ਸੰਬੰਧੀ ਕਿਸੇ ਵੀ ਵਿਅਕਤੀ/ਫਰਮ/ਅਦਾਰਾ ਜਾਂ ਸੰਸਥਾ ਨੂੰ ਕੋਈ ਇਤਰਾਜ਼ ਹੈ ਤਾਂ ਇਹ ਪਬਲਿਕ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿਚ ਆਪਣਾ ਇਤਰਾਜ਼ ਨਿਮਨਹਸਤਾਖਰ ਦੇ ਦਫ਼ਤਰ ਵਿਖੇ ਆ ਕੇ ਦੇ ਸਕਦਾ ਹੈ। ਮਿਥੇ ਸਮੇਂ ਅੰਦਰ ਜੇਕਰ ਕੋਈ ਇਤਰਾਜ਼ ਪ੍ਰਾਪਤ ਨਹੀਂ ਹੁੰਦਾ ਤਾਂ ਪਲਾਟ ਨੰ: 30 (11.65 ਮਰਲੇ/352.17 ਵਰਗ ਗਜ਼) ਉਦਯੋਗਿਕ ਖੇਤਰ ਫਗਵਾੜਾ ਜ਼ਿਲ੍ਹਾ ਕਪੂਰਥਲਾ ਵਿਚੋਂ ਦੀ ਤਬਦੀਲੀ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਕਪੂਰਥਲਾ।

# ਕਲਾਸੀਫਾਈਡ ਇਸ਼ਤਿਹਾਰ



## Change of Name

I, Inderjit Kaur W/o Balvir Singh resident of Village Chhauni Bodal, Tehsil Dasuya, Distt. Hoshiarpur, Punjab declare that I have changed my name from inderjit to Inderjit Kaur may please be treated in all documents.

I, Rachna Narula W/o Atul Kumar Kanotra R/o 15/19, Sectry Mohalla, PO. Gurdaspur Punjab declare that I have changed my name from Rachna Narula to Rachna Kanotra. Please note.

I, Balbir Kaur W/o Balvir Singh R/o Bisrampur, Jalandhar have changed my name from Balbir Kaur to Balvir Kaur.

I, Ashok Kumar S/o Sh. Som Nath R/o H.No 168 Back Side ITI, Maharaja Ranjit Singh Nagar Tehsil & Distt. Hoshiarpur Punjab declere that Ashok Kumar and Ashok Kumar Sharma is one and the same person. Concerned note.

I, Monia D/o Malkit Ram R/o VPO Salempur Distt. Hoshiarpur Punjab have changed my name from Monika to Monia Bhatti. Concerned note.

I, Barket Masih S/O Sardar Masih R/O Village Mudh Kokhar (Mudh Bhillowal) Po Preet Nagar Tehsil Ajnala District Amritsar Have Changed My Name From Barket Masih To Barkat Masih

I, Barkat Singh S/O Sardar Masih R/O Village Mudh Kokhar (Mudh Bhillowal) Po Preet Nagar Tehsil Ajnala District Amritsar Have Changed My Name From Barkat Singh To Barkat Masih

I, Naveen Kumar Bassi S/O Nirmaljit R/O H.no.234-a, Sher Shah Suri Road,Hargobind Avenue, Chheharta, Amritsar-143105 Punjab,Has Changed My Name From Naveen Kumar Bassi To Naveen Kumar

I, Harjeet Kaur W/O Jaimal Singh R/O Village Nathupura P.o. Bhakna Kalan Distt Amritsar Rural Have Changed My Name From Harjeet Kaur To Harjit Kaur

I, Gurjit Singh Aulakh S/O Jiwan Singh R/O H.no.I-10/689 Gali No.3 Outside Chatiwind Gate New Anteryami Colony Amritsar Have Changed My Name To Gurjit Singh

I, Michael S/O Jagtar Masih R/O Ward No.6, Green Avenue, Ajnala Po Ajnala Tehsil Ajnala District Amritsar Have Changed My Name From Michael To Michael Masih

I, Rita W/O Munish Mahajan R/O H.no.84, Kabir Park, Amritsar Have Changed My Name From Rita To Rita Mahajan.

I, Satnam Singh S/o Salinder Singh R/o Village Nangal Kanugo PO Hariana, Distt. Hoshiarpur have changed my Minor Son's name from Jasjot Singh to Singh Jasjot. Concerned Note.

I, Hardeep Kaur W/o Satnam Singh R/o Village Nangal Kanugo PO Hariana, Distt. Hoshiarpur have changed my name to Kaur Hardeep. Concerned Note

I, Satnam Singh S/o Salinder Singh R/o Village Nangal Kanugo PO Hariana, Distt. Hoshiarpur have changed my Minor Son's name from Manjot Singh to Singh Manjot. Concerned Note.

I, Raman Kumar S/o Sansar Chand R/o VPO Adamwal Tehsil & Distt. Hoshiarpur Punjab have changed the name of my minor son name from Harman Kumar Mahi to Harman Singh. Concerned note.

I, Raman Kumar S/o Sansar Chand R/o VPO Adamwal Tehsil & Distt. Hoshiarpur Punjab have changed the name of my minor son name from Harnoor to Harnoor Singh. Concerned note.

I, Karandeep Singh S/o Bhagwant Singh, Miadi Kalan, Amritsar, Punjab-143102 have changed my name from Karandeep Singh to Singh is my surname and Karandeep is my given name.

I, Lata Alias Raminderjeet Kaur W/o Barjeshwar Singh R/o H.No. 2/18, Deol Nagar, Model Town Jalandhar, Distt. Jalandhar, (Pb.) India-144003 have Changed my name Lata Alias Raminderjeet Kaur to Raminderjeet Kaur. All Concerned Please Note.

I,Jaspreet Singh S/O Nirmail Singh R/O H.No.697, Ward No.5, Sector 11, Ranjit Nagar, Kharar,Sas nagar, Punjab have changed my daughter's name from Guntaas Kaur to Guntaas as her given name and Kaur as her Surname. Concerned note.

I, Sukhwinder Singh S/O Thakur Singh R/O VPO Arjan Manga Tehsil Baba Bakala Distt. Amritsar, Punjab have changed my name from Sukhwinder Singh to Sawinder Singh. Concerned note.

I, Sanil Jain S/o Kulbhushan Jain R/o 61, Deen Dayal Upadhaya Nagar, Jalandhar, Punjab, India have changed my minor daughter's name from Einaaz to Einaaz Jain. All concerned please note.

I Am Neelam Bisht W/O Lakhmir Singh Residence of Gali No.2 Budha Theh, Beas, Tehsil Baba Bakala, Distt. Amritsar, Punjab 143201. Have Changed My Name From Neelam Bisht To Neelam Rani. Please Concern note.

I Richa Khullar W/O Jatinder Kumar Khanna R/o H.No. 24 Vasant Vihar, Jalandhar-144003, have changed my name from Richa Khullar to Richa Khanna,after marriage. (Surname as Khanna).

I Madhansetty Chandraiah S/O Madhansetty Chaniah R/O Qtr No 35/15 New Sa Line Jalandhar Cantt,Jalandhar 144005 Punjab, India. Have Changed My Name From Madhansetty Chandraiah To Madamchetty Chandraiah.

I Gulvinder Kaur W/O Sudagar Singh, R/o VPO Sandhu Chatha, Kapurthala declare that I have changed my name from Gulvinder Kaur to Gulwinder Kaur.

I, Pooja alias Kanwaljeet Sharma alias Pooja Rani D/o Faqir Chand W/o Krishan Gopal Sharma R/o H.No.B-2/70, Sheran Wala Gate, Kapurthala, Punjab changed my name to Pooja Sharma.

I Ranjit Kaur W/O Jaswant Singh R/O Sarhali Road Baba Basta Singh Colony Near Takar Sahib Gurdwara Tarn Taran Have Changed My Name To Ranjeet Kaur.

## COURT NOTICE

(U/o 5 Rule 20 CPC)
In the Court of
Ms. Rajwinder Kaur- II
Civil Judge (Junior Division)-
Ludhiana
CNR No. PBLD02-007637-2022
Next Date :- 15-05-2024
Punjab State Power Corporation Limited
Vs.
Surinder Pal

Publication Issued To:
Surinder Pal C/o Aroor Chan Ram Udagar Rai, R/o Moga Colony MKH, Bhamian Kalan, Ludhiana.

In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 15.05.2024 at 10:00 A.M.

For details logon to https://highcourtchd.gov.in/?trs=district_notice&district= Ludhiana

Civil Judge (Junior Division)-Ludhiana
Dated this day of 06-04-2024

## COURT NOTICE

(U/o 5 Rule 20 CPC)
In the Court of
Sukhmandeep Singh
Civil Judge (Junior Division), Phillaur
CNR No. PBJLB0-000129-2023
Next Date :- 13-05-2024
Ranjit Singh
Vs.
Gurmukh Singh

Publication Issued To:
Gurmukh Singh
:- Sadhu Singh R/o Kotli Khakian Tehsil Phillaur, Jalandhar, at Present R/o VPO Virk, Patti Mallo Virk, Known as Kotliwale, Tehsil Phillaur

In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 13.05.2024 at 10:00 A.M.

For details logon to https://highcourtchd.gov.in/?trs=district_notice&district=Jalandhar

Civil Judge (Junior Division), Phillaur
Dated this day of 04-04-2024

## COURT NOTICE

(U/o 5 Rule 20 CPC)
In the Court of
Sh. Amrinder Pal Singh
Additional District and Sessions Judge, Ludhiana
CNR No. PBLD01-010015-2023
Next Date :- 09-05-2024
Daulat Singh
Vs.
Jinder Singh

Publication Issued To:
4. Harjit Kaur W/o Parkash Singh and daughter of Kaki R/o Village Ghaloti, Tehsil Payal, District Ludhiana.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 09.05.2024 at 10:00 A.M.

For details logon to https://highcourtchd.gov.in/?trs=district_notice&district= Ludhiana

Additional District and Sessions Judge, Ludhiana
Dated this day of 10-04-2024

## Change of Name

I, Ankit S/O Ashwani Kumar R/O 2361, Mori Gate, Jandiala Guru, Amritsar Have Changed My Name From Ankit To Ankit Kumar.

I, Harpreet Singh Son Of Kuldeep Singh Resident Of Vpo Chogawan, Tehsil Lopoke, District Amritsar, Have Changed My Name To Harpreet As My Given Name And Singh As My Surname.

I, Nisha W/O Sudesh Kumar R/O H.no.8 Shankar Avenue Kishan Kot Niwi Abadi Islamabad Distt Amritsar Have Changed My Name From Nisha To Nisha Sharma.

I, Janak Raj Madan Son Of Munshi Ram Resident Of House No. 58, Tilak Nagar, Amritsar, Punjab Have Changed My Name From Janak Raj Madan To Janak Raj Madaan.

I, Pawanbrij Kaur Sarkaria D/O Late Major Mohinder Singh Sarkaria W/O Late Rajinder Singh R/O 5163, Roop Mahal, Ajaib Ghar, Near Punjab National Bank, Dr. Surat Singh Road, Amritsar, Have Changed My Name From Pawanbrij Kaur To Pawanbrij Kaur Sarkaria.

I, Sucha Singh S/O Shri Jassa Singh R/O Ravan Colony Islamabad Amritsar , Punjab Do Hereby Declare That My Son Partap Singh Date Of Birth 29/09/2008 Has Been Adopted By Shri Pal Singh S/O Shri Jassa Singh R/O D7/6605, Gali No 6, Ward No 61, Islamabad, Ram Nagar Colony Amritsar Punjab Vide Registrar Amritsar Registration No. Ao/51848518 Dated 05/09/2023.

I, Pal Singh S/O Jassa Singh R/O D7/6605, Gali No 6, Ward No 61, Islamabad, Ram Nagar Colony Amritsar Punjab Do Hereby Declare That I Have Adopted Partap Singh Date Of Birth 29/09/2008 S/O Sucha Singh R/O Ravan Colony Islamabad Amritsar ,Punjab With Effect From 05/09/2023.

I Rajeev Seth S/O Hira Lal Seth R/O House Number 35, Lane Number 16, Right Hand Side Royal City, Varindavan Garden Fatehgarh Churian Road, Amritsar Have Changed My Name From Rajeev Seth To Rajiv Seth.

I, Sukhvinder Kaur W/O Harjit Singh Mann R/O H.no.2/1774 Mohalla Sunder Nagar, Nakodar, Distt Jalandhar, Punjab (144040) India. I Have Changed My Name From Sukhvinder Kaur To Sukhwinder Kaur.

I, Harjit Singh S/O Narinder Singh Mann R/O H.no.1774 Mohalla Sunder Nagar, Nakodar, Distt Jalandhar, Punjab (144040) India. I Have Changed My Name From Harjit Singh To Harjit Singh Mann.

I Kamala Devi W/O Kashmiri Lal Resident Of Vill Malko, Po Trar, Distt. Jalandhar, Punjab-144026 India Have Changed My Name Kamala Devi To Kamla Devi All Please Note.

I, Buta Singh S/O Tara Singh Residing At Patti Barri, Vill. Jandiala, Teh. Phillaur, Distt Jalandhar, Punjab - 144033 Have Changed The Name Of My Minor Daughter Amrit Aged 15 Years And She Shall Hereafter Be Known As Amrit Kaur. All Note.

I, Khushvinder Kumar Sood s/o Pyara Lal Sood H.No. 601, Guru Nanak Pura West, Jalandhar City, have changed my name to Khushwinder Kumar Sood. All Please Note.

I, Balwinder Singh s/o Sarup Singh r/o Village Gopal Pur, Po. Beas Pind, Jalandhar, Punjab have changed my name Balwinder as Given Name & Singh as Surname. All Please Note.

I, Jaspal Kaur d/o Ajit Singh w/o Balwinder Singh r/o Vill. Gopal Pur, Po.Beas Pind, Jalandhar, Punjab changed my name Jaspal as Given Name and Kaur as Surname. All Please Note.

I, Manbir Singh s/o Jasbir Singh r/o 1767, Huda Sector 20, Part-3, Sirsa. 125055, Haryana have added my surname to Singh Manbir (Singh as Surname) All Please Note.

I, Simarjit Singh s/o Harbans Singh r/o Vill. Bhullar Bet, Po. Nurpur Lubana, Distt. Kapurthala-144804 have added my surname Singh Simarjit (Singh as Surname) All Please Note.

I, Satnam Singh Gill s/o Sucha Singh Gill r/o VPO. Talwan, Teh.Phillaur, Distt. Jalandhar have changed my name to Satnam Singh. All Please Note.

I, Satinder Kaur alias Neetu Rani w/o Amarjit Singh r/o H.No. 47, New Colony, Mota Singh Nagar, Jalandhar, Punjab have changed my name to Satinder Kaur. All Please Note.

I, Kuljit Kaur w/o Sukhminder Singh r/o St No. 5, New Mansa Devi Nagar Phagwara, Distt. Kapurthala, Punjab, 144401 have changed name to Kuljit Pal Kaur. All Please Note.

I, Sarbajit Kaur w/o Hari Ram r/o VPO.Talhan,Distt.Jalandhar,Punjab have a changed my name Sarbajit Kaur to Sarbjit Kaur in futre named. All Please Note.

I, Charanjit Lal s/o Hans Raj r/o 14, Shiv Vihar, Lane No. 1, Back Side Petrol Pump, Jalandhar have changed my name to Charan Jit Babbar. All Please Note.

I, Gurminder Singh alias Gurwinder Singh s/o Mohinder Singh r/o VPO. Chak Vendal, Teh. Nakodar, Jalandhar have changed my name to Gurminder Singh. All Please Note.

I, Kuldeep Kaur W/o Amarjit Singh R/o Village Khusropur, Po. Pattar Kalan, District Jalandhar, Punjab, Have Changed My Name From Kuldeep Kaur To Kuldip Kaur. All Please Note.

I, Diksha W/o Sukarn Tiwari R/o C-501, Hamilton Mayfair Residency, 66 Feet Road, Kadianwali, Po. Jamsher, District Jalandhar, Punjab Have Changed My Name To Diksha Tiwari. All Please Note.

## Change of Name

I, Sakhvinder Kaur W/o Malkit Singh R/o Village Lamme, Kapurthala, Punjab have changed my name from Sakhvinder Kaur to Sukhwinder Kaur. All Please Note.

I, Kamaljit s/o Kundan Lal r/o Gulab Devi Road, Near Gum Factory, New Rattan Nagar, Jalandhar have changed my name to Kamaljeet. All Please Note.

I, Ashu W/o Davinder Kumar R/o Kala Sangha Road, Village Kot Sadiq, Jalandhar, Punjab have changed my name from Ashu to Ashu Bangar. (Bangar as surname) All Please Note.

I, Pardeep Kaur Rehal D/o Jarnail Singh W/o Kirpal Singh R/o Vill. Nangal Fida, Po. Salala, Distt. Jalandhar, Punjab have changed my name from Pardeep Kaur Rehal to Pardeep Kaur. All Please Note.

I, Boota Ram S/o Hari Ram R/o VPO. Kotli Gajran, Tehsil Shahkot, Distt. Jalandhar, Punjab have changed my name from Boota Ram to Boota Singh. All Please Note.

## ਨਾਂਅ ਦੀ ਬਦਲੀ

ਮੈਂ, ਨਵਜੀਤ ਸਿੰਘ ਹਰੀ ਪੁੱਤਰ ਬਲਵਿੰਦਰ ਸਿੰਘ, ਵਾਸੀ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਨਵਜੀਤ ਸਿੰਘ ਰੱਖ ਲਿਆ ਹੈ।

ਮੈਂ, ਅਸ਼ਵਨੀ ਕੁਮਾਰ ਰਾਣਾ ਪੁੱਤਰ ਸ਼ੰਕਰ ਸਿੰਘ, ਵਾਸੀ ਨੇੜੇ ਮੰਗਲਾ ਆਸ਼ਰਮ, ਐਮ.ਕੇ. ਰੋਡ, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਅਸ਼ਵਨੀ ਕੁਮਾਰ ਰੱਖ ਲਿਆ ਹੈ।

ਮੈਂ, ਪ੍ਰਭਜੋਤ ਸਿੰਘ ਪੁੱਤਰ ਸਰਬਜੀਤ ਸਿੰਘ ਵਾਸੀ ਗੰਗੋਹਰ (ਬਰਨਾਲਾ) ਨੇ ਆਪਣਾ ਨਾਂਅ ਬਦਲ ਕੇ ਪ੍ਰਭਜੋਤ ਸਿੰਘ ਦਿਉਲ ਰੱਖ ਲਿਆ ਹੈ।

ਮੈਂ, ਅਮਰੀਕ ਲਾਲ ਪੁੱਤਰ ਸਵਰਨ ਲਾਲ ਵਾਸੀ ਪਿੰਡ ਤੇ ਡਾਕ: ਘੁੜਕਾ, ਤਹਿ: ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਅਮਰੀਕ ਲਾਲ ਤੋਂ ਬਦਲ ਕੇ ਅਮਰੀਕ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

## ਆਮ ਸੂਚਨਾ

ਮੈਂ, ਨਿਤੀਸ਼ ਦੁੱਗਲ ਪੁੱਤਰ ਸ਼ਾਮ ਦੁੱਗਲ ਵਾਸੀ 18-ਬੀ, ਨਿਊ ਗਾਰਡਨ ਕਾਲੋਨੀ, ਲਾਰੈਂਸ ਰੋਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੇ ਪਿਤਾ ਸ਼ਾਮ ਸੁੰਦਰ ਦੇ ਨਾਂਅ 'ਤੇ ਇਕ ਦੁਕਾਨ ਨੰਬਰ 1516/1634 ਸਾਬਕਾ ਨੰਬਰ 656/1-7 ਖਾਤਾ ਸਮਾਰੀ ਜਾਇਦਾਦ ਤਰਫ ਬਜਾਰ 1780/1 ਤੇ ਸਾਬਕਾ ਨੰ: 669/1-7, ਬਾਜਾਰ ਕਰਮੋ, ਡਿਓੜੀ, ਅੰਮ੍ਰਿਤਸਰ ਹੈ। ਉਕਤ ਰਜਿਸਟਰੀ ਦਾ ਪੁਰਾਣਾ ਅਸਲ ਬੈਨਾਮਾ ਸਤਪਾਲ ਪੁੱਤਰ ਗਨਪਤ ਰਾਮ ਦੇ ਨਾਂਅ 'ਤੇ ਦਰਜ ਹੈ, ਜਿਸ ਦਾ ਵਸੀਕਾ ਨੰਬਰ 1035, ਬਹੀ ਨੰ: 3234, ਸਫਾ ਨੰ: 181 ਤਸਦੀਕ ਮਿਤੀ 22.7.1967 ਮਿਤੀ 3.3.2024 ਨੂੰ ਗੁੰਮ ਹੋ ਗਈ ਹੈ।

ਮੈਂ, ਜਸਵਿੰਦਰ ਕੌਰ ਪਤਨੀ ਅਵਤਾਰ ਸਿੰਘ ਵਾਸੀ ਚੱਕਰ, ਤਹਿ: ਜਗਰਾਉਂ, ਜ਼ਿਲ੍ਹਾ ਲੁਧਿਆਣਾ ਬਿਆਨ ਕਰਦੀ ਹਾਂ ਕਿ ਮੇਰਾ ਪਹਿਲਾ ਨਾਂਅ (ਪੇਕੇ ਘਰ) ਰਾਣੀ ਸੀ ਅਤੇ ਹੁਣ ਮੇਰੇ ਆਧਾਰ ਕਾਰਡ ਅਨੁਸਾਰ ਮੇਰਾ ਨਾਂਅ ਜਸਵਿੰਦਰ ਕੌਰ ਦਰਜ ਹੈ। ਜਸਵਿੰਦਰ ਕੌਰ ਉਰਫ ਰਾਣੀ ਦੋਵੇਂ ਨਾਂਅ ਇਕ ਹੀ ਔਰਤ ਦੇ ਹਨ।

ਮੈਂ, ਅਸ਼ਵਨੀ ਕੁਮਾਰ ਭਾਰਦਵਾਜ ਪੁੱਤਰ ਕਰਮ ਸਿੰਘ ਵਾਸੀ ਪੱਤੀ ਸ਼ਾਹਲਾ ਨਗਰ, ਮਲਸ਼ੀਆਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਇੱਕ ਮੋਟਰ ਕੁਨੈਕਸ਼ਨ ਸਾਢੇ ਬਾਰਾਂ ਹਾਰਸ ਪਾਵਰ ਖਾਤਾ ਨੰਬਰ: ਕੇ. ਜੀ. 4/108 ਜ਼ਮੀਨ ਵਾਕਿਆ ਰਕਬਾ ਸ਼ਾਹਲਾ ਨਗਰ, ਮਲਸ਼ੀਆਂ, ਤਹਿਸੀਲ ਸ਼ਾਹਕੋਟ ਵਿਖੇ ਜੀਤ ਸਿੰਘ ਪੁੱਤਰ ਚੰਨਣ ਸਿੰਘ ਦੇ ਨਾਮ ਤੇ ਚੱਲਦਾ ਹੈ। ਮੈਂ ਇਹ ਮੋਟਰ ਕੁਨੈਕਸ਼ਨ ਆਪਣੇ ਨਾਮ ਤੇ ਤਬਦੀਲ ਕਰਵਾ ਰਿਹਾ ਹਾਂ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 10 ਦਿਨਾਂ ਦੇ ਅੰਦਰ-ਅੰਦਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ ਦੇ ਦਫਤਰ ਵਿਖੇ ਸੰਪਰਕ ਕਰ ਸਕਦਾ ਹੈ।

## PUBLIC NOTICE

I Bharti w/o Krishan Seth r/o H.No.N B 374,Preet Nagar,Sodal Road, Jalandhar,I have two names, Bharti and Bharti Seth therefore, Bharti and Bharti Seth is one and the same person. All concerned please note.

I, Reyaj Husen S/o Nagir Husen R/o H. No. 201,Gali No. 13 Basti Sheikh Azad Nagar, Jalandhar declare that my Driving Licence bearing No. PB-0820140267981 issued on 10/10/2014 for the description MCWG/LMV my name written as Riaz Ahmad and my Father's name written as Nazir Ahmad on my driving Licence. But my Correct name as Reyaj Husen and my father's name Nagir Husen. All concerned please note.

It is for general information that I, Avtar Singh S/o Amarjit Singh R/o 421/6, Gokal Nagar, Near Shiv Shakti Mandir, Hoshiarpur, Hoshiarpur, Punjab-146001, declare that name of my Mother has been wrongly written as Mati Sewa Kour in my passport No M5306830. The actual name of my mother is Sewa Kaur, Which May amended accordingly. All Please Note.

I, Ram Pal S/o Duni Chand R/o H.No. B-9/181, Mohalla Krishan Nagar, Nurmahal, Jalandhar, Punjab declare that my son Arun Kumar and his wife Muskan are out of my control. I disinherit them from my all moveable and immovable properties. I and my family shall not be held responsible for any of their acts, deeds and things. All Please Note.

## Lost and Found

ਮੈ ਰਵੀ ਗਿੱਲ ਪੁਤੱਰ ਲੇਟ ਬਲਵੀਰ ਮਸੀਹ ਪਿੰਡ ਹਰਦੋ ਬਥਵਾਲਾ ਤਹਿਸੀਲ ਤੇ ਜਿਲਾ ਗੁਰਦਾਸਪੁਰ ਬਿਆਨ ਕਰਦਾ ਹਾ ਕਿ ਮੇਰੀ ਮਾਤਾ ਕਮਲੇਸ਼, ਭੈਣ ਮਮਤਾ ਅਤੇ ਦਾਦੀ ਸੀਮਾ ਨਾਲ ਸੰਬੰਧਤ ਰਜਿਸਟਰੀ ਵਸੀਕਾ ਨੰਬਰ 241 ਮਿਤੀ 23-08-2022 ਮੇਰੇ ਕੋਲੋਂ ਗੁੰਮ ਹੋ ਗਈ ਹੈ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ ਸੁਰਿੰਦਰ ਸਿੰਘ ਪੁੱਤਰ ਸ. ਅਵਤਾਰ ਸਿੰਘ ਵਾਸੀ ਪਿੰਡ ਮਰਗਿੰਦਪੁਰਾ ਜ਼ਿਲਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਹਰਸ਼ਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜ਼ੁਮੇਵਾਰ ਹੋਵੇਗਾ।

ਮੈਂ, ਇੰਦਰਜੀਤ ਕੌਰ ਪਤਨੀ ਜਸਵਿੰਦਰ ਸਿੰਘ, ਪਿੰਡ ਕੱਕੜਵਾਲ (ਸੰਗਰੂਰ) ਆਪਣੇ ਲੜਕੇ ਵਰਿੰਦਰ ਸਿੰਘ, ਨੂੰਹ ਜਸਪ੍ਰੀਤ ਕੌਰ, ਪੋਤਰਾ ਹਰਗੁਣ ਸਿੰਘ, ਪੋਤਰੀ ਹਯਾਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਮੈਂ, ਬਚਨ ਸਿੰਘ ਪੁੱਤਰ ਸ: ਬਲਵੀਰ ਸਿੰਘ ਵਾਸੀ ਮਕਾਨ ਨੰ: 71, ਨਿਊ ਹਮੀਦਪੁਰਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਬਲਦੇਵ ਸਿੰਘ ਪੁੱਤਰ ਸ: ਸ਼ਿੰਗਾਰਾ ਸਿੰਘ ਅਤੇ ਸਰਬਜੀਤ ਕੌਰ ਪਤਨੀ ਸ: ਬਲਦੇਵ ਸਿੰਘ ਵਾਸੀ ਪੱਤੀ ਮਾਂਗਟ ਪਿੰਡ ਤਰਸਿੱਕਾ ਤਹਿਸੀਲ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੇ ਲੜਕੇ ਸਵ: ਹਰਪ੍ਰੀਤ ਸਿੰਘ ਦੀ ਪਤਨੀ ਪ੍ਰਭਜੋਤ ਕੌਰ ਜੋ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ ਹਰਦੇਵ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਈ -1/3068, ਸੰਨ ਸਾਹਿਬ ਰੋਡ, ਮੋਹੱਲਾ ਹਰਗੋਬਿੰਦ ਪੂਰਾ ਅੰਮ੍ਰਿਤਸਰ ਆਪਣੇ ਲੜਕੇ ਗੁਰਪ੍ਰੀਤ ਸਿੰਘ ਅਤੇ ਉਸਦੀ ਪਤਨੀ ਰਣਜੀਤ ਕੌਰ, ਜੋ ਮੇਰੇ ਕਹਿਣੇ ਵਿੱਚ ਨਹੀ ਹਨ, ਮੇਰੀ ਕੋਈ ਗੱਲ ਨਹੀਂ ਮੰਨਦੇ, ਆਪਣੀ ਮਰਜੀ ਕਰਦੇ ਹਨ ਨੂੰ ਆਪਣੀ ਚੱਲ ਅਚੱਲ, ਝੁੱਕਵੀ ਅਣਝੁਕਵੀ ਜਾਇਦਾਦ ਤੋ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਮਾੜੇ ਚੰਗੇ ਕੰਮ ਨਫ਼ੇ ਨੁਕਸਾਨ, ਲੈਣ ਦੇਣ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰਾ ਪਰਿਵਾਰ ਦਾ ਕੋਈ ਮੈਂਬਰ ਜ਼ਿੰਮੇਵਾਰ ਨਹੀ ਹੋਵੇਗਾ। ਮੇਰਾ ਗੁਰਪ੍ਰੀਤ ਸਿੰਘ ਅਤੇ ਉਸਦੇ ਪਰਿਵਾਰ ਨਾਲ ਕੋਈ ਸਬੰਧ ਨਹੀ ਹੈ।

ਅਸੀਂ, ਅਸ਼ੋਕ ਸਿੰਘ ਪੁੱਤਰ ਫਕੀਰ ਸਿੰਘ ਅਤੇ ਨਿਰਮਲ ਕੌਰ ਪਤਨੀ ਅਸ਼ੋਕ ਸਿੰਘ ਵਾਸੀ ਪਿੰਡ ਅਬੋਵਾਲ, ਡਾਕ: ਭੁੰਗਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਕੁਲਜੀਤ ਸਿੰਘ ਅਤੇ ਉਸ ਦੀ ਪਤਨੀ ਪਵਨਦੀਪ ਕੌਰ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਕਰਨ। (ਹਿਤੇਸ਼)

ਅਸੀਂ, ਸੰਜੀਵ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਅਤੇ ਰੇਨੂੰ ਬਾਲਾ ਪਤਨੀ ਸੰਜੀਵ ਕੁਮਾਰ ਵਾਸੀ ਮਕਾਨ ਨੰ: ਐੱਨ. ਸੀ. 154, ਕੋਟ ਕਿਸ਼ਨ ਚੰਦ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੌਰਵ ਕਪਿਲਾ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਕਰਨ।

ਮੈਂ, ਵਿਜੈ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਪਿੰਡ ਕੱਤੋਵਾਲ ਡਾਕਖਾਨਾ ਢੱਡਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਕੋਮਲ ਮਿਨਹਾਸ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀਆਂ ਮਨ ਮਰਜ਼ੀਆਂ ਕਰਦੀ ਹੈ। ਮੇਰਾ ਉਸ ਦੇ ਨਾਲ ਕਿਸੇ ਕਿਸਮ ਦਾ ਕੋਈ ਸੰਬੰਧ ਨਹੀਂ ਰਿਹਾ ਅਤੇ ਮੈਂ ਉਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਅਤੇ ਜੋ ਕੋਈ ਵੀ ਕਿਸੇ ਕਿਸਮ ਦਾ ਉਸ ਦੇ ਨਾਲ ਲੈਣ ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਿਤੂ ਪਤਨੀ ਸਾਹਿਲ ਸ਼ਰਮਾ ਵਾਸੀ ਬੋਹੜੀ ਸਾਹਿਬ ਰੋਡ ਪ੍ਰੇਮ ਨਗਰ, ਤਹਿਸੀਲ 'ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਭਿਸ਼ੇਕ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਗੁਰਮੰਗਲ ਸਿੰਘ ਪੁੱਤਰ ਜੱਗਾ ਸਿੰਘ ਅਤੇ ਸਤਵੰਤ ਕੌਰ ਪਤਨੀ ਗੁਰਮੰਗਲ ਸਿੰਘ ਵਾਸੀਆਨ ਪਿੰਡ ਖਾਪੜ ਖੇੜੀ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗਗਨਦੀਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਦੀਪ ਸਿੰਘ ਪੁੱਤਰ ਕੁੰਦਨ ਸਿੰਘ, ਵਾਸੀ ਪਿੰਡ ਕਲੋਆ, ਡਾਕ: ਬਾਹਿਰ ਬਾਜਾ, ਤਹਿ. ਦਸੂਹਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਚਰਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਡਾਕਟਰ ਬਿਮਲ ਸ਼ਰਮਾ ਪੁੱਤਰ ਸ਼੍ਰੀ ਕ੍ਰਿਸ਼ਨ ਚੰਦਰ ਸ਼ਰਮਾ ਵਾਸੀ H.No- 980, ਸੈਕਟਰ 121, ਪੰਚਕੂਲਾ (ਹਰਿਆਣਾ) ਘੋਸ਼ਣਾ ਕਰਦਾ ਹਾਂ ਕਿ ਮੇਰੀ ਪਤਨੀ ਸ਼੍ਰੀਮਤੀ ਅਨੀਤਾ ਅਤੇ ਮੇਰਾ ਪੁੱਤਰ ਅੰਕੁਸ਼ ਕੁਮਾਰ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ। ਇਸ ਲਈ ਮੈਂ ਆਪਣੀ ਪਤਨੀ ਤੇ ਪੁੱਤਰ ਨੂੰ ਆਪਣੀ ਸਾਰੀ ਚਲ ਅਚਲ ਸੰਪਤੀ ਤੋਂ ਬੇਦਖਲ ਕਰਦਾ ਹਾਂ। ਭਵਿੱਖ ਵਿਚ ਜੋ ਵੀ ਓਹਨਾ ਨਾਲ ਲੈਣ ਦੇਣ ਕਰੇਗਾ ਉਹ ਖੁਦ ਆਪ ਜ਼ਿੰਮੇਵਾਰ ਹੋਵੇਗਾ।

ਮੈਂ, ਦਵਿੰਦਰ ਕੌਰ ਪਤਨੀ ਸ਼੍ਰੀ ਰਾਮੇਸ਼ ਲਾਲ ਵਾਸੀ ਪਿੰਡ ਤੇ ਡਾਕ: ਗੋਹਾਵਰ, ਤਹਿ: ਫਿਲੌਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਇੰਦਰਜੀਤ ਕੁਮਾਰ ਅਤੇ ਉਸਦੀ ਪਤਨੀ ਪੂਨਮ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਕਮਲਜੀਤ ਕੌਰ ਪਤਨੀ ਬਲਵੀਰ ਸਿੰਘ ਵਾਸੀ ਇਸ਼ਰਵਾਲ, ਜ਼ਿਲ੍ਹਾ ਜਲੰਧਰ, ਪੰਜਾਬ-144102 ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪਿੰਧਾ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਪਾਰਸ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਭਰਾੜੀਵਾਲ, ਬੈਕਸਾਈਡ ਵੇਅਰ ਹਾਊਸ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਭੁਪਿੰਦਰ ਸਿੰਘ ਉਰਫ ਬੱਬੂ ਅਤੇ ਉਸ ਦੀ ਪਤਨੀ ਸੋਨੀਆ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਅਤੇ ਮੇਰਾ ਪਰਵਾਰ ਇਨ੍ਹਾਂ ਦੇ ਕਿਸੇ ਲੈਣ-ਦੇਣ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ।

ਅਸੀ,ਹਰਜਿੰਦਰ ਸਿੰਘ ਪੁੱਤਰ ਲੇਟ ਸ੍ਰ. ਹਰਭਜਨ ਸਿੰਘ ਅਤੇ ਮਨਦੀਪ ਕੌਰ ਪਤਨੀ ਹਰਜਿੰਦਰ ਸਿੰਘ ਵਾਸੀ ਮਕਾਨ ਨੰ.ਐਲ-12/447 ਵਾ 10500, ਗਲੀ ਨੰ.8,ਕੋਟ ਹਰਨਾਮ ਦਾਸ,ਸੁਲਤਾਨਵਿੰਡ ਰੋਡ,ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕੀ ਰਵਿੰਦਰ ਕੌਰ ਉਰਫ ਕਾਮਨੀ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ ਤੇ ਉਸਨੇ ਘਰੋਂ ਭੱਜ ਕੇ ਆਪਣੀ ਮਰਜੀ ਨਾਲ ਸਰਬਜੀਤ ਸਿੰਘ ਉਰਫ ਵਿਲਸਨ ਪੁੱਤਰ ਜਸਬੀਰ ਸਿੰਘ ਨਾਲ ਵਿਆਹ ਕਰਵਾ ਲਿਆ ਹੈ। ਅਸੀ ਉਨ੍ਹਾਂ ਦੋਵਾਂ ਨੂੰ ਅਤੇ ਉਨ੍ਹਾਂ ਦੀ ਹੋਣ ਵਾਲੀ ਔਲਾਦ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਅਸੀ ਤੇ ਸਾਡਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਣਗੇ। ਸਾਡਾ ਅਤੇ ਸਾਡੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਅਸੀ,ਗੁਰਮੁੱਖ ਸਿੰਘ ਪੁੱਤਰ ਸ੍ਰ. ਦਲੀਪ ਸਿੰਘ ਅਤੇ ਬੀਰੋ ਪਤਨੀ ਗੁਰਮੁੱਖ ਸਿੰਘ ਵਾਸੀ ਮਕਾਨ ਨੰ.600,ਗਲੀ ਨੰ.3,ਰਤਨ ਸਿੰਘ ਚੌਕ, ਨਵੀ ਅਬਾਦੀ ਫੈਜਪੁਰਾ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੁਰਿੰਦਰ ਸਿੰਘ ਅਤੇ ਉਸਦੀ ਪਤਨੀ ਪੰਮੀ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਮਾੜੀ ਸੰਗਤ ਵਿਚ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਅਸੀ ਉਨ੍ਹਾਂ ਦੋਵਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਅਸੀ ਤੇ ਸਾਡਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਣਗੇ। ਸਾਡਾ ਅਤੇ ਸਾਡੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਰਾਜਵਿੰਦਰ ਸਿੰਘ ਪੁੱਤਰ ਬੇਅੰਤ ਸਿੰਘ ਵਾਸੀ ਵਾਰਡ ਨੰਬਰ 9, ਨਵੇਂ ਸਰਾਏ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਮਨਦੀਪ ਸਿੰਘ ਅਤੇ ਮੇਰੀ ਨੂੰਹ ਰਬੀਨਾ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸਤਵੰਤ ਕੌਰ ਪਤਨੀ ਲੇਟ ਸਵਿੰਦਰ ਸਿੰਘ ਵਾਸੀ ਮਕਾਨ ਨੰਬਰ 786, ਗਾਰਡਨ ਇਨਕਲੇਵ, ਨੇੜੇ ਰਿਆਨ ਇੰਟਰਨੈਸ਼ਨਲ ਸਕੂਲ, ਨੇੜੇ ਗੋਲਡਨ ਗੇਟ, ਬਾਈਪਾਸ ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਚਰਨ ਸਿੰਘ ਅਤੇ ਉਸ ਦੀ ਪਤਨੀ ਹਰਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਮੇਰਾ ਅਤੇ ਮੇਰੀ ਲੜਕੀ ਹਰਮੀਤ ਕੌਰ ਅਤੇ ਉਸ ਦੇ ਸਹੁਰੇ ਪਰਵਾਰ ਨਾਲ ਕੋਈ-ਤਾਲੁਕ ਵਾਸਤਾ ਨਹੀਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜਸਬੀਰ ਕੌਰ ਪਤਨੀ ਪ੍ਰਸ਼ੋਤਮ ਲਾਲ ਵਾਸੀ ਗਲੀ ਨੰ. 1, ਮਕਾਨ ਨੰ. 260, ਅਬਾਦਪੁਰਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰੋਹਿਤ ਕੁਮਾਰ ਅਤੇ ਉਸਦੀ ਪਤਨੀ ਜ਼ੀਨਤ ਪਰਵੀਨ ਅਤੇ ਉਹਨਾਂ ਦਾ ਲੜਕਾ ਤਰਨਵੀਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਅੱਜ ਤੋਂ ਸਵੇਰੇ 8 ਵਜੇ ਖੁੱਲ੍ਹਣਗੇ ਹਸਪਤਾਲ

ਮੋਹਾਲੀ, (ਗੁਰਜੀਤ ਬਿੱਲਾ) ਜ਼ਿਲ੍ਹੇ ਦੀਆਂ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਦੇ ਖੁੱਲ੍ਹਣ ਅਤੇ ਬੰਦ ਹੋਣ ਦੇ ਸਮੇਂ ਵਿਚ 16 ਅਪ੍ਰੈਲ ਤੋਂ ਤਬਦੀਲੀ ਹੋ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਦਵਿੰਦਰ ਕੁਮਾਰ ਨੇ ਦਸਿਆ ਕਿ ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਹੁਣ ਸਵੇਰੇ 8 ਵਜੇ ਖੁੱਲ੍ਹਣਗੀਆਂ ਅਤੇ ਦੁਪਹਿਰ 2 ਵਜੇ ਬੰਦ ਹੋਣਗੀਆਂ।ਇਨ੍ਹਾਂ ਸੰਸਥਾਵਾਂ ਵਿਚ ਜ਼ਿਲ੍ਹਾ ਹਸਪਤਾਲ ਮੋਹਾਲੀ, ਸਬ-ਡਵੀਜ਼ਨਲ ਹਸਪਤਾਲ ਖਰੜ ਤੇ ਡੇਰਾਬੱਸੀ ਅਤੇ ਜ਼ਿਲ੍ਹੇ ਦੇ ਸਾਰੇ ਪ੍ਰਾਇਮਰੀ ਹੈਲਥ ਸੈਂਟਰ, ਕਮਿਊਨਿਟੀ ਹੈਲਥ ਸੈਂਟਰ, ਸਬ-ਸੈਂਟਰ, ਆਮ ਆਦਮੀ ਕਲੀਨਿਕ, ਈ.ਐਸ ਆਈ ਹਸਪਤਾਲ ਆਦਿ ਸ਼ਾਮਲ ਹਨ । ਉਨ੍ਹਾਂ ਦਸਿਆ ਕਿ ਸਰਕਾਰੀ ਹਸਪਤਾਲਾਂ ਵਿਚ ਐਮਰਜੈਂਸੀ ਸੇਵਾਵਾਂ ਪਹਿਲਾਂ ਵਾਂਗ ਹੀ 24 ਘੰਟੇ ਜਾਰੀ ਰਹਿਣਗੀਆਂ।ਸਿਵਲ ਸਰਜਨ ਨੇ ਸਪੱਸ਼ਟ ਕੀਤਾ ਕਿ ਸਿਵਲ ਸਰਜਨ ਦਫ਼ਤਰ ਮੋਹਾਲੀ ਅਤੇ ਹਸਪਤਾਲਾਂ ਅੰਦਰਲੇ ਦਫ਼ਤਰਾਂ ਦਾ ਸਮਾਂ ਪਹਿਲਾਂ ਵਾਂਗ ਹੀ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਰਹੇਗਾ, ਜਿਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ।ਜ਼ਿਕਰਯੋਗ ਹੈ ਕਿ ਸਰਕਾਰੀ ਹਸਪਤਾਲਾਂ ਦਾ ਗਰਮੀਆਂ ਦਾ ਸਮਾਂ (15 ਅਪ੍ਰੈਲ ਤੋਂ 15 ਅਕਤੂਬਰ) ਸਵੇਰੇ 8 ਤੋਂ ਦੁਪਹਿਰ 2 ਵਜੇ ਤਕ ਹੁੰਦਾ ਹੈ ਜਦਕਿ ਸਰਦੀਆਂ ਦਾ ਸਮਾਂ (15 ਅਕਤੂਬਰ ਤੋਂ 15 ਅਪ੍ਰੈਲ) ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤਕ ਹੁੰਦਾ ਹੈ।

# ਮਹਿਲਾ ਵੋਟਰਾਂ ਲਈ ਮੈਰਾਥਨ ਭਲਕੇ

**ਮੋਹਾਲੀ, (ਗੁਰਜੀਤ ਬਿੱਲਾ)** ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਵਿੱਚ 80 ਫੀਸਦੀ ਮਤਦਾਨ ਦੇ ਟੀਚੇ ਦੀ ਪ੍ਰਾਪਤੀ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 17 ਅਪ੍ਰੈਲ ਨੂੰ ਸਪੋਰਟਸ ਕੰਪਲੈਕਸ-78 ਮੁਹਾਲੀ ਤੋਂ ਮਹਿਲਾ ਵੋਟਰਾਂ ਲਈ ਮੈਰਾਥਨ ਦਾ ਆਯੋਜਨ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹਾ ਸਵੀਪ ਟੀਮ ਵੱਲੋਂ ਜ਼ਿਲ੍ਹੇ ਵਿੱਚ ਵੋਟ ਪ੍ਰਤੀਸ਼ਤਤਾ ਨੂੰ ਵਧਾਉਣ ਲਈ ਕਈ ਗਤੀਵਿਧੀਆਂ ਉਲੀਕੀਆਂ ਗਈਆਂ ਹਨ। ਇਸ ਦੀ ਨਿਰੰਤਰਤਾ ਵਿੱਚ, ਇੱਕ ਮੈਰਾਥਨ ਦੌੜ ਦੀ ਯੋਜਨਾ ਬਣਾਈ ਗਈ ਹੈ ਜੋ ਸਵੇਰ ਦੇ ਸਮੇਂ ਵਿੱਚ 1.6 ਕਿਲੋਮੀਟਰ ਦੀ ਦੂਰੀ ਨੂੰ ਤੈਅ ਕਰੇਗੀ।ਉਨ੍ਹਾਂ ਨੇ ਮਹਿਲਾ ਵੋਟਰਾਂ, ਖਾਸ ਕਰਕੇ ਨੌਜਵਾਨ ਅਤੇ ਪਹਿਲੀ ਵਾਰ ਬਣੇ ਵੋਟਰਾਂ ਨੂੰ ਅੱਗੇ ਆਉਣ ਅਤੇ ਇਸ ਜਾਗਰੂਕਤਾ ਗਤੀਵਿਧੀ ਦਾ ਹਿੱਸਾ ਬਣਨ ਲਈ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਮੈਰਾਥਨ ਲਈ ਇਕੱਠੇ ਹੋਣ ਦਾ ਸਮਾਂ ਸਵੇਰੇ 6:00 ਵਜੇ ਹੈ ਜਦਕਿ ਸਪੋਰਟਸ ਕੰਪਲੈਕਸ, ਸੈਕਟਰ-78, ਮੋਹਾਲੀ ਤੋਂ ਮੈਰਾਥਨ ਸ਼ੁਰੂ ਹੋਣ ਦਾ ਸਮਾਂ ਸਵੇਰੇ 6:30 ਵਜੇ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਐਸ.ਏ.ਐਸ.ਨਗਰ ਜ਼ਿਲ੍ਹੇ ਦੀ ਸਿਸਟਮੈਟਿਕ ਵੋਟਰਜ਼ ਐਜੂਕੇਸ਼ਨ ਐਂਡ ਇਲੈਕਟਰ ਪਾਰਟੀਸੀਪੇਸ਼ਨ ਟੀਮ ਵੱਲੋਂ ਵੋਟਰਾਂ ਨੂੰ ਉਨ੍ਹਾਂ ਦੇ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨ ਲਈ ਵੱਖ-ਵੱਖ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।

# ਖ਼ੂਨਦਾਨ ਕੈਂਪ ਲਾਇਆ

ਨਵਾਂਸ਼ਹਿਰ, (ਮਨੋਜ ਲਾਡੀ)- ਸਥਾਨਕ ਜੈਨ ਉਪਾਸਰਾ ਵਿਖੇ ਭਗਵਾਨ ਮਹਾਵੀਰ ਦੇ ਜਨਮਦਿਨ ਨੂੰ ਸਮਰਪਿਤ ਵਰਧਮਾਨ ਜੈਨ ਸੇਵਾ ਸੰਘ ਨਵਾਂਸ਼ਹਿਰ ਵੱਲੋਂ ਅਰਾਧਿਕਾ ਸ਼ਾਨੇ ਪੰਜਾਬ ਸ਼੍ਰੀ ਸ੍ਰੇਸ਼ਠਾ ਜੀ ਮਹਾਰਾਜ ਅਤੇ ਚੰਦਨਾ ਮਹਾਰਾਜ ਦੀ ਰਹਿਨੁਮਾਈ ਹੇਠ ਖ਼ੂਨਦਾਨ ਕੈਂਪ ਲਾਇਆ ਗਿਆ। ਇਸਦਾ ਉਦਘਾਟਨ ਮੰਜੂ ਭੁੱਚਰ ਪਤਨੀ ਸ਼੍ਰੀ ਸ਼ਾਮ ਸੁੰਦਰ ਭੁੱਚਰ ਵਲੋਂ ਫੀਤਾ ਕੱਟਕੇ ਕੀਤਾ ਗਿਆ।ਬਲੱਡ ਸੈਂਟਰ ਨਵਾਂਸ਼ਹਿਰ ਦੀ ਟੀਮ ਵੱਲੋਂ ਡਾਕਟਰ ਦਿਆਲ ਸਰੂਪ ਦੀ ਅਗਵਾਈ ਵਿਚ ਲਗਾਏ ਇਸ ਖ਼ੂਨਦਾਨ ਕੈਂਪ ਕੈਂਪ 'ਚ ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ।ਇਸ ਮੌਕੇ ਮਹਾਰਾਜ ਨੇ ਕਿਹਾ ਕਿ ਖ਼ੂਨਦਾਨ ਮਹਾਨ ਦਾਨ ਹੈ ਜਿਸ ਨਾਲ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਇਨਸਾਨ ਨੂੰ ਨਵਾਂ ਜੀਵਨ ਮਿਲਦਾ ਹੈ। ਉਨ੍ਹਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਜਿੱਥੇ ਅਸੀਂ ਕਿਸੇ ਦੀ ਜਾਨ ਬਚਾਉਣ ਦਾ ਉੱਦਮ ਕਰਦੇ ਹਾਂ ਉੱਥੇ ਅਸੀਂ ਆਪਣੀ ਸਿਹਤ ਪ੍ਰਤੀ ਵੀ ਚੇਤੰਨ ਹੋ ਜਾਂਦੇ ਹਾਂ।ਇਸ ਮੌਕੇ ਬ੍ਰਹਮਾ ਕੁਮਾਰੀ ਆਸ਼ਰਮ ਤੋਂ ਮਨਜੀਤ ਦੀਦੀ ਨੇ ਵੀ ਖ਼ੂਨਦਾਨ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਜਤਿੰਦਰ ਸਰੀਨ ਅਤੇ ਡਾਕਟਰ ਕ੍ਰਾਂਤੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਵਰਧਮਾਨ ਜੈਨ ਸੇਵਾ ਸੰਘ ਦੇ ਜਨਰਲ ਸਕੱਤਰ ਰਤਨ ਜੈਨ ਨੇ ਆਏ ਮਹਿਮਾਨਾਂ, ਪਤਵੰਤਿਆਂ ਅਤੇ ਖ਼ੂਨਦਾਨੀਆਂ ਦਾ ਧੰਨਵਾਦ ਕੀਤਾ । ਇਸ ਮੌਕੇ ਸੁਰਿੰਦਰ ਜੈਨ ਪ੍ਰਧਾਨ ਜੈਨ ਸਭਾ, ਮੁਨੀਸ਼ ਜੈਨ, ਰਾਕੇਸ਼ ਜੈਨ ਬੱਬੀ, ਅਚਲ ਜੈਨ, ਅਨਿਲ ਜੈਨ, ਚਰਚਿਤ ਜੈਨ, ਪੁਨੀਤ ਜੈਨ, ਦੀਪਕ ਜੈਨ, ਚੰਦਨ ਜੈਨ, ਲਲਿਤ ਜੈਨ, ਮਨੋਜ ਜੈਨ, ਰਜੇਸ਼ ਜੈਨ, ਘਨਸ਼ਿਆਮ ਜੈਨ, ਚੰਦਰਮੋਹਨ ਜੈਨ, ਪਦਮ ਜੈਨ, ਅਲਕਾ ਜੈਨ, ਕੇ. ਕੇ. ਜੈਨ, ਸਵਿਤਾ ਜੈਨ, ਅੰਜਲੀ ਜੈਨ, ਰੁਚੀ ਜੈਨ, ਨ, ਲਤਾ ਜੈਨ, ਮੀਨਾ ਜੈਨ, ਕੰਚਨ ਰੀਤੂ ਅਤੇ ਰੂਬੀ ਜੈਨ ਆਦਿ ਹਾਜ਼ਰ ਸਨ।

# ਪੈਨਾਸੋਨਿਕ ਵੱਲੋਂ ਪੰਜਾਬ 'ਚ ਨਵੀਂ ਏਸੀ ਰੇਂਜ ਲਾਂਚ

ਅੰਮ੍ਰਿਤਸਰ: ਪੈਨਾਸੋਨਿਕ ਲਾਈਫ ਸਲਿਊਸ਼ਨਜ਼ ਇੰਡੀਆ (ਪੀਐੱਲਐੱਸ ਇੰਡੀਆ)-ਇੱਕ ਪ੍ਰਮੁੱਖ ਵਿਭਿੰਨ ਤਕਨਾਲੋਜੀ ਕੰਪਨੀ ਨੇ ਪੰਜਾਬ ਦੇ ਬਾਜ਼ਾਰ ਵਿੱਚ ਨਵੇਂ ਏਅਰ ਕੰਡੀਸ਼ਨਰਾਂ ਦੀ 2024 ਲਾਈਨ-ਅੱਪ ਦੀ ਘੋਸ਼ਣਾ ਕੀਤੀ।1.0, 1.5 ਅਤੇ 2.0-ਟਨ ਮਾਡਲਾਂ ਦੀ ਵਿਸ਼ਾਲ ਸ਼੍ਰੇਣੀ ਦੇ 60 ਮਾਡਲਾਂ ਦੀ ਵਿਸ਼ੇਸ਼ਤਾ, ਏਅਰ ਕੰਡੀਸ਼ਨਰ ਦੀ ਨਵੀਨਤਮ ਰੇਂਜ ਹੁਣ ਸਾਰੇ ਪ੍ਰਮੁੱਖ ਰਿਟੇਲ ਆਊਟਲੈੱਟਾਂ, ਈ-ਕਾਮਰਸ ਪਲੇਟਫਾਰਮਾਂ ਅਤੇ ਪੈਨਾਸੋਨਿਕ ਬ੍ਰਾਂਡ ਸਟੋਰ 'ਤੇ ਉਪਲਬਧ ਹਨ ।ਅਭਿਸ਼ੇਕ ਵਰਮਾ ਬਿਜ਼ਨਸ ਹੈੱਡ ਏਅਰ ਕੰਡੀਸ਼ਨਰ ਗਰੁੱਪ, ਪੀਐੱਮਆਈਐੱਨ, ਪੀਐੱਲਐੱਸ ਇੰਡੀਆ ਨੇ ਕਿਹਾ ਕਿ ਸਾਡੇ ਹਾਲ ਹੀ ਵਿੱਚ ਕੀਤੇ ਗਏ ਅਧਿਐਨ ਨੇ ਪੰਜਾਬ ਵਿੱਚ ਖਪਤਕਾਰਾਂ ਵਿੱਚ ਮੁੱਖ ਚਿੰਤਾਵਾਂ ਦਾ ਖੁਲਾਸਾ ਕੀਤਾ, ਖਾਸ ਤੌਰ 'ਤੇ ਰਾਤ ਦੇ ਸਮੇਂ ਅਕਸਰ ਏਸੀ ਤਾਪਮਾਨ ਨੂੰ ਅਨੁਕੂਲ ਕਰਨ ਦੀ ਪਰੇਸ਼ਾਨੀ, ਕੂਲਿੰਗ ਪ੍ਰਦਰਸ਼ਨ, ਬਾਹਰੀ ਯੂਨਿਟ ਨੂੰ ਜੰਗਾਲ ਲੱਗਣ 'ਤੇ ਕੇਂਦਰਿਤ ਹੈ।ਇਸ ਲਈ ਪੈਨਾਸੋਨਿਕ ਏਸੀ ਦੀ ਨਵੀਂ ਰੇਂਜ ਨੂੰ ਖਪਤਕਾਰਾਂ ਦੀਆਂ ਇਨ੍ਹਾਂ ਉਭਰਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਕਸਤ ਕੀਤਾ ਗਿਆ ਹੈ।

# ਸੜਕ ਹਾਦਸੇ ਵਿਚ ਤਿੰਨ ਲੋਕ ਜ਼ਖ਼ਮੀ

**ਅੱਡਾ ਸਰਾਂ, (ਕਾਜਲ )**- ਨੈਨੋਵਾਲ ਵੈਦ ਨੇੜੇ ਵਾਪਰੇ ਸੜਕ ਹਾਦਸੇ ਵਿਚ ਤਿੰਨ ਲੋਕ ਜਖ਼ਮੀ ਹੋ ਗਏ । ਉਸ ਵੇਲੇ ਉਸ ਸਮੇਂ ਵਾਪਰਿਆ ਜਦੋਂ ਲੇਬਰ ਕਰਨ ਵਾਲੇ ਸਕੂਟਰੀ ਸਵਾਰ 2 ਪ੍ਰਵਾਸੀ ਮਜ਼ਦੂਰ ਕਾਰ ਦੀ ਲਪੇਟ ਵਿਚ ਆ ਗਏ । ਇਸ ਹਾਦਸੇ ਵਿਚ ਕਾਰ ਚਾਲਕ ਰੋਤਾਸ਼ ਪੁੱਤਰ ਨਾਮੂ ਰਾਮ ਵਾਸੀ ਫਤਿਹਾਬਾਦ ਹਰਿਆਣਾ , ਪ੍ਰਵਾਸੀ ਮਜ਼ਦੂਰ ਸਤੀਸ਼ ਪੁੱਤਰ ਭੀਮ ਸੈਨ ਅਤੇ ਪ੍ਰੇਮ ਪੁੱਤਰ ਰਾਮ ਕੁਮਾਰ ਦੋਨੋਂ ਹੀ ਨਿਵਾਸੀ ਪਿੰਡ ਬਡਾਲਾ ਪੱਕਾ ਗੰਭੀਰ ਜਖ਼ਮੀ ਹੋ ਗਏ । ਹਾਦਸਾ ਕਿਸ ਤਰਾਂ ਵਾਪਰਿਆ ਪੁਲਸ ਇਸ ਦੀ ਜਾਂਚ ਕਰ ਰਹੀ ਹੈ । ਜਖ਼ਮੀਆਂ ਨੂੰ ਐੱਸ. ਐੱਸ. ਐੱਫ. ਦੀ ਟੀਮ ਨੇ ਲੋਕਾਂ ਦੀ ਮਦਦ ਨਾਲ ਹਸਪਤਾਲ ਪਹੁੰਚਾਇਆ ਹੈ ।

16-APRIL-PAGE-7.qxd 4/15/2024 10:40 PM Page 1



# ਰਾਮਗੜ੍ਹੀਆ ਭਾਈਚਾਰੇ ਨੇ ਰੋਸ ਮਾਰਚ ਕਰਕੇ ਕੈਬਨਿਟ ਮੰਤਰੀ ਭੁੱਲਰ ਦੀ ਫੂਕੀ ਅਰਥੀ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ, ਜਿਸ ਵਿੱਚ ਉਹ ਰਾਮਗੜ੍ਹੀਆ ਤੇ ਸੁਨਿਆਰ ਭਾਈਚਾਰੇ ਵਿਰੁੱਧ ਅਪਮਾਨਜਨਕ ਟਿੱਪਣੀਆਂ ਕਰਦੇ ਸੁਣੇ ਅਤੇ ਦੇਖੇ ਜਾ ਰਹੇ ਹਨ, ਵਿਰੁੱਧ ਮਾਨਸਾ ਤਕੋਣੀ 'ਤੇ ਇਕੱਤਰ ਹੋ ਕੇ ਰਾਮਗੜ੍ਹੀਆ ਭਾਈਚਾਰੇ ਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਆਗੂਆਂ ਵੱਲੋਂ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸੰਕੇਤਕ ਰੋਸ ਪ੍ਰਗਟ ਕਰਦਿਆਂ ਆਮ ਆਦਮੀ ਪਾਰਟੀ ਤੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਪਾਰਟੀ ਦੇ ਉਮੀਦਵਾਰ ਭੁੱਲਰ ਵਿਰੁੱਧ ਜ਼ਬਰਦਸਤ ਨਾਅਰੇਬਾਜ਼ੀ ਕੀਤੀ ਗਈ। ਇਸ ਤੋਂ ਇਲਾਵਾ ਤਿਕੋਣੀ ਤੋਂ ਬੱਸ ਸਟੈਂਡ ਮਾਨਸਾ ਠੀਕਰੀਵਾਲਾ ਚੌਕ ਤੱਕ ਰੋਸ ਮਾਰਚ ਵੀ ਕੀਤਾ ਗਿਆ।ਇਸ ਸਮੇਂ ਬੋਲਦਿਆਂ ਰਘਵੀਰ ਸਿੰਘ ਰਾਮਗੜ੍ਹੀਆ, ਐਡਵੋਕੇਟ ਕੇ ਐੱਸ ਮਠਾੜੂ, ਨਗਰ ਕੌਂਸਲ ਮਾਨਸਾ ਦੇ ਸਾਬਕਾ ਪ੍ਰਧਾਨ ਗੁਰਮੇਲ ਸਿੰਘ ਠੇਕੇਦਾਰ, ਓ ਬੀ ਸੀ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ ਮਾਨਸਾ ਆਦਿ ਬੁਲਾਰਿਆਂ ਨੇ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਸਾਂਝੇ ਤੌਰ 'ਤੇ ਮੰਗ ਕੀਤੀ ਕਿ ਮੰਤਰੀ ਭੁੱਲਰ ਦੀ ਖਡੂਰ ਸਾਹਿਬ ਤੋਂ ਉਮੀਦਵਾਰੀ ਵਾਪਸ ਲੈ ਕੇ ਉਸ 'ਤੇ ਤੁਰੰਤ ਐੱਫ ਆਈ ਆਰ ਦਰਜ ਕਰਕੇ ਗ੍ਰਿਫ਼ਤਾਰ ਕੀਤਾ ਜਾਵੇ।ਉਨ੍ਹਾ ਹੈਰਾਨੀ ਪ੍ਰਗਟ ਕੀਤੀ ਕਿ ਤਿੰਨ ਦਿਨ ਬੀਤਣ ਦੇ ਬਾਵਜੂਦ ਪਾਰਟੀ ਤੇ ਸਰਕਾਰ ਵੱਲੋਂ ਇਸ ਸਬੰਧੀ ਜਨਤਕ ਤੌਰ 'ਤੇ ਕੋਈ ਪ੍ਰਤੀਕਰਮ ਸਾਹਮਣੇ ਨਹੀਂ ਆਇਆ, ਜਿਸ ਤੋਂ ਸਰਕਾਰ ਤੇ ਪਾਰਟੀ ਦੀ ਮਿਲੀਭੁਗਤ ਦੀਆਂ ਸ਼ੰਕਾਵਾਂ ਦਾ ਖਦਸ਼ਾ ਪ੍ਰਗਟ ਹੋਣਾ ਸੁਭਾਵਿਕ ਹੀ ਜਾਪਦਾ ਹੈ।ਉਨ੍ਹਾਂ ਚਤਾਵਨੀ ਭਰੇ ਲਹਿਜੇ 'ਚ ਕਿਹਾ ਕਿ ਜੇਕਰ ਜਲਦ ਇਸ ਸਬੰਧੀ ਕੋਈ ਫੈਸਲਾ ਨਹੀਂ ਲਿਆ ਜਾਂਦਾ ਤਾਂ ਸਮੁੱਚੇ ਪੰਜਾਬ ਵਿੱਚ ਰਾਮਗੜ੍ਹੀਆ ਭਾਈਚਾਰੇ ਵੱਲੋਂ ਹੋਰ ਪੱਛੜੇ ਵਰਗਾਂ ਨੂੰ ਨਾਲ ਲੈ ਕੇ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਇਲਾਵਾ ਬਾਕੀ ਹਲਕਿਆਂ ਵਿੱਚ ਵੀ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਵਿਰੁੱਧ ਵਿਸ਼ੇਸ਼ ਪ੍ਰਚਾਰ ਮੁਹਿੰਮ ਵਿੱਢੀ ਜਾਵੇਗੀ।ਜਦੋਂ ਉਨ੍ਹਾਂ ਤੋਂ ਇਸ ਸਬੰਧੀ ਕੋਡ ਆਫ ਕੰਡਕਟ ਦੀ ਉਲੰਘਣਾ ਕਰਨ ਲਈ ਚੋਣ ਕਮਿਸ਼ਨ ਕੋਲ ਸ਼ਿਕਾਇਤ ਕਰਨ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਸਮੁੱਚਾ ਰਿਕਾਰਡ ਇਕੱਤਰ ਕਰਕੇ ਜਲਦ ਹੀ ਚੋਣ ਕਮਿਸ਼ਨ ਨੂੰ ਸਬੂਤਾਂ ਸਹਿਤ ਸ਼ਿਕਾਇਤ ਵੀ ਕੀਤੀ ਜਾਵੇਗੀ।ਇਸ ਸਮੇਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਅਰਥੀ ਵੀ ਸਾੜੀ ਗਈ।ਇਸ ਰੋਸ ਮਾਰਚ ਵਿੱਚ ਇੰਦਰਜੀਤ ਮੁਨਸ਼ੀ, ਬਲਵਿੰਦਰ ਸਿੰਘ ਭੁਪਾਲ, ਲਾਲ ਸਿੰਘ ਠੂਠਿਆਂਵਾਲੀ, ਸੁਖਦੇਵ ਸਿੰਘ ਰੁਪਾਲ, ਜਸਵਿੰਦਰ ਸਿੰਘ ਕਾਕੂ ਤੇ ਗੁਰਪ੍ਰੀਤ ਸਿੰਘ ਠੇਕੇਦਾਰ ਆਦਿ ਆਗੂ ਹਾਜ਼ਰ ਸਨ।

# ਲੋੜਵੰਦ ਬਜ਼ੁਰਗਾਂ ਨੂੰ ਵੰਡਿਆ ਰਾਸ਼ਨ



**ਨਾਭਾ (ਵਰਿੰਦਰ ਵਰਮਾ)**-ਮਾਨਵ ਸੇਵਾ ਉੱਤਮ ਸੇਵਾ ਸੰਸਥਾ ਨਾਭਾ ਵੱਲੋਂ ਓਲਡ ਏਜ ਹੋਮ ਪਿੰਡ ਰੋਂਗਲਾ ਵਿਖੇ ਲੋੜਵੰਦ ਬਜ਼ੁਰਗਾਂ ਨੂੰ ਰਾਸ਼ਨ ਦਿੱਤਾ ਗਿਆ। ਸੰਸਥਾ ਦੇ ਮੁੱਖ ਅਹੁਦੇਦਾਰ ਵਿਕਾਸ ਮਿੱਤਲ ਨੇ ਸੰਸਥਾ ਨੇ ਸਾਰੇ ਸਹਯੋਗੀ ਸੱਜਣਾਂ ਦਾ ਧੰਨਵਾਦ ਕੀਤਾ ਤੇ ਉਮੀਦ ਕੀਤੀ ਕਿ ਇਸ ਤਰ੍ਹਾਂ ਹੀ ਇਹ ਸੰਸਥਾ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਦੀ ਰਹੇ ਤੇ ਇੰਨੇ ਘੱਟ ਸਮੇਂ ਵਿੱਚ ਸਮਾਜ ਸੇਵੀ ਲੋਕ ਮਦਦ ਲਈ ਅੱਗੇ ਆਉਂਦੇ ਰਹਿਣ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਲੋੜਵੰਦ ਨੂੰ ਕਿਸੇ ਪ੍ਰਕਾਰ ਦੀ ਕੋਈ ਜ਼ਰੂਰਤ ਹੁੰਦੀ ਹੈ ਤਾਂ ਉਹ ਸਾਡੇ ਨਾਲ ਸੰਪਰਕ ਕਰ ਸਕਦੇ ਹਨ।ਰਾਸ਼ਨ ਲੈਣ ਉਪਰੰਤ ਬਜ਼ੁਰਗਾਂ ਨੇ ਸੇਵਾ ਉੱਤਮ ਸੇਵਾ ਸੰਸਥਾ ਦੇ ਅਹੁਦੇਦਾਰ ਵਿਕਾਸ ਮਿੱਤਲ, ਅੰਕੁਰ ਸਿੰਗਲਾ, ਕਮਲ ਗੋਇਲ, ਰਵਿੰਦਰ ਸਿੰਘ, ਸ਼ਿਵ ਕੁਮਾਰ ਕੌਸ਼ਲ, ਮੁਨੀਸ਼ ਮਿੱਤਲ, ਅਤੁਲ ਬਾਂਸਲ (ਐਡਵੋਕੇਟ), ਸੁਨੀਲ ਗੁਪਤਾ, ਦੀਪਕ ਕੁਮਾਰ, ਵਰੁਣ ਸਿੰਗਲਾ, ਅੱਛਰ ਦਾਸ ਆਦਿ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਕਿ ਸਾਡੀ ਮੰਗ ਨੂੰ ਮੁੱਖ ਰੱਖਦਿਆਂ ਸੰਸਥਾ ਵੱਲੋਂ ਰਾਸ਼ਨ ਲੈ ਕੇ ਦਿੱਤਾ ਗਿਆ ਹੈ।

# ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਮੀਟਿੰਗ

**ਭਾਜਪਾ ਦੇ ਲੀਡਰਾਂ ਦੇ ਵਿਰੋਧ ਤੇ ਦੂਜਿਆਂ ਸਿਆਸੀ ਪਾਰਟੀਆਂ ਨੂੰ ਸਵਾਲ ਕਰਨ ਦਾ ਦਿੱਤਾ ਸੱਦਾ**



**ਜਲਾਲਾਬਾਦ (ਜੀਤ ਕੁਮਾਰ, ਜੰਗੀਰ ਕੌਰ)**-ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਜਥੇਬੰਦੀਆਂ ਦੀ ਮੀਟਿੰਗ ਸਥਾਨਕ ਮਾਰਕੀਟ ਕਮੇਟੀ ਦਫ਼ਤਰ ਵਿਖੇ ਭਾਕਿਯੂ (ਕਾਦੀਆਂ) ਦੇ ਪ੍ਰਧਾਨ ਸ਼ਿੰਗਾਰਾ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੀਟਿੰਗ ਦੇ ਏਜੰਡੇ ਭਾਜਪਾ ਲੀਡਰਾਂ ਦਾ ਘਿਰਾਓ ਕਰਨਾ ਤੇ ਮੰਡੀਆਂ ਵਿੱਚ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਸਬੰਧੀ ਚਰਚਾ ਕਰਨ ਤੋਂ ਬਾਅਦ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਢੰਡੀਆਂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਰੇਸ਼ਮ ਮਿੱਡਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਧਨੇਰ ਦੇ ਜ਼ਿਲ੍ਹਾ ਪ੍ਰਧਾਨ ਹਰਮੀਤ ਸਿੰਘ ਢਾਬਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜਗਿੱਲ ਦੇ ਆਗੂ ਬਿਸ਼ਨ ਚੌਹਾਨਾ ਵੱਲੋਂ ਸੰਯੁਕਤ ਕਿਸਾਨ ਮੋਰਚੇ ਤਹਿਤ ਫੈਸਲਾ ਕੀਤਾ ਗਿਆ ਹੈ ਕਿ ਭਾਜਪਾ ਦੇ ਉਮੀਦਵਾਰਾਂ ਦਾ ਹਰ ਪਿੰਡ-ਸ਼ਹਿਰ ਵਿੱਚ ਕਾਲੀਆਂ ਝੰਡੀਆਂ ਦਿਖਾ ਕੇ ਵਿਰੋਧ ਕੀਤਾ ਜਾਵੇਗਾ ਤੇ 11 ਨੁਕਾਤੀ ਸਵਾਲਨੁਮਾ ਬੈਨਰ ਤੇ ਪੋਸਟਰ ਲਗਾਏ ਜਾਣਗੇ। ਆਗੂਆਂ ਨੇ ਕਿਹਾ ਕਿ ਭਾਜਪਾ ਦੇਸ਼ ਦੇ ਹੱਕ ਮੰਗਦੇ ਮਿਹਨਤਕਸ਼ਾਂ, ਕਿਸਾਨਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਕਿਸਾਨਾਂ ਨੂੰ ਸ਼ਹੀਦ ਕਰਕੇ ਵਿਰੋਧੀ ਦੇਸ਼ ਵਾਲਾ ਰਵੱਈਆ ਅਪਨਾ ਰਹੀ ਹੈ। ਭਾਜਪਾ ਦੇਸ਼ ਦਾ ਜਲ, ਜੰਗਲ, ਜ਼ਮੀਨਾਂ ਕਾਰਪੋਰੇਟ ਘਰਾਣਿਆਂ ਨੂੰ ਲੁੱਟਣ ਲਈ ਰਾਹ ਖੋਲ੍ਹ ਰਹੀ ਹੈ ਤੇ ਇਸੇ ਤਰ੍ਹਾਂ ਹੀ ਦੂਜੀਆਂ ਸਿਆਸੀ ਪਾਰਟੀਆਂ ਨੂੰ ਵੀ ਸਵਾਲ ਲੋਕਾਂ ਦੀ ਕਚਹਿਰੀ ਵਿੱਚ ਕੀਤੇ ਜਾਣਗੇ। ਆਗੂਆਂ ਨੇ ਕਿਹਾ ਕਿ ਜੋ ਪੰਜਾਬ ਸਰਕਾਰ ਵੱਲੋਂ ਕਾਰਪੋਰੇਟਰਾਂ ਦੀ ਮਲਕੀਅਤ ਵਾਲੇ 9 ਸਾਈਲੋਜ਼ ਨੂੰ ਕਣਕ ਦੇ ਖਰੀਦ ਕੇਂਦਰ ਐਲਾਨਣ ਦਾ ਫੈਸਲਾ ਸੀ, ਉਹ ਸੰਯੁਕਤ ਕਿਸਾਨ ਮੋਰਚੇ ਦੇ ਦਬਾਅ ਹੇਠ ਤੇ ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸਰਕਾਰ ਨੇ ਭਾਵੇਂ 15 ਮਾਰਚ 202 ਵਾਲਾ ਨੋਟੀਫਿਕੇਸ਼ਨ ਵਾਪਸ ਲੈ ਲਿਆ ਹੈ, ਪਰ ਖੇਤੀਬਾੜੀ ਸੈਕਟਰ, ਜਨਤਕ ਵੰਡ ਪ੍ਰਣਾਲੀ ਤੇ ਮੰਡੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਤੇ ਰੁਜ਼ਗਾਰ 'ਤੇ ਕਾਰਪੋਰੇਟਰਾਂ ਤੇ ਕੰਪਨੀਆਂ ਦੇ ਹਵਾਲੇ ਕਰਨ ਦੀ ਤਲਵਾਰ ਹਮੇਸ਼ਾ ਮਿਹਨਤਕਸ਼ ਲੋਕਾਂ 'ਤੇ ਲਟਕਦੀ ਰਹੇਗੀ। ਇਸੇ ਕਰਕੇ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਏ ਪੀ ਐੱਮ ਸੀ ਐਕਟ ਵਿੱਚ ਲੋੜੀਂਦੀ ਸੋਧ ਕਰਕੇ ਪ੍ਰਾਈਵੇਟ ਖਰੀਦ ਕੇਂਦਰਾਂ ਦੀ ਸਥਾਪਨਾ ਨੂੰ ਪ੍ਰਮਾਣਿਤ ਕਰਨ ਵਾਲੀ ਵਿਵਸਥਾ ਨੂੰ ਰੱਦ, ਢੁੱਕਵਾਂ ਸਮਾਂ ਆਉਣ 'ਤੇ ਵਿਧਾਨ ਸਭਾ ਦਾ ਸੈਸ਼ਨ ਬੁਲਾ ਕੇ ਰੱਦ ਕੀਤਾ ਜਾਵੇ। ਸਰਕਾਰੀ ਖਰੀਦ ਕੇਂਦਰਾਂ ਦਾ ਹੋਰ ਵਿਸਥਾਰ ਕਰਕੇ ਅਧੁਨਿਕ ਸਹੂਲਤਾਂ ਨਾਲ ਸਰਕਾਰੀ ਮੰਡੀਆਂ ਨੂੰ ਲੈਸ ਕੀਤਾ ਜਾਵੇ।

ਮੰਡੀਆਂ ਵਿੱਚ ਕਿਸਾਨਾਂ ਦੀ ਫਸਲ ਦੀ ਤੁਲਾਈ ਕੰਪਿਊਟਰ ਕੰਡੇ ਨਾਲ ਕੀਤੀ ਜਾਵੇ। ਇਸ ਮੌਕੇ ਜ਼ਿਲ੍ਹਾ ਸਕੱਤਰ ਮਨਦੀਪ ਸਿੰਘ, ਪ੍ਰਧਾਨ ਅਸ਼ੋਕ ਕੁਮਾਰ, ਬਲਾਕ ਪ੍ਰਧਾਨ ਪ੍ਰਵੀਨ ਮੌਲਵੀ ਵਾਲਾ, ਮਹਿੰਦਰ ਸੁਬਾਜ ਕੇ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ, ਮਹਿੰਦਰ ਸਿੰਘ ਆਦਿ ਹਾਜ਼ਰ ਸਨ।

# ਦੇਸ਼ ਬਚਾਉਣ ਲਈ ਭਾਜਪਾ ਨੂੰ ਚੋਣਾਂ 'ਚ ਹਰਾਉਣਾ ਜ਼ਰੂਰੀ : ਕਾਮਰੇਡ ਤੁੰਗਾਂ



**ਸੰਗਰੂਰ (ਪ੍ਰਵੀਨ ਸਿੰਘ)**-ਪਿੰਡ ਤੁੰਗਾਂ ਵਿਖੇ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ 'ਸਵਿਧਾਨ ਬਚਾਓ, ਦੇਸ਼ ਬਚਾਓ' ਵਜੋਂ ਮਨਾਇਆ ਗਿਆ।ਇਸ ਮੌਕੇ ਸੀ ਪੀ ਐੱਮ ਦੇ ਤਹਿਸੀਲ ਸਕੱਤਰ ਤੇ ਨੌਜਵਾਨ ਆਗੂ ਕਾਮਰੇਡ ਸਤਵੀਰ ਤੁੰਗਾਂ ਨੇ ਕਿਹਾ ਕਿ ਅੱਜ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਤੋੜਨ ਵਾਲੀਆਂ ਤਾਕਤਾਂ ਸੱਤਾ ਵਿੱਚ ਹਨ।ਆਰ ਐੱਸ ਐੱਸ ਦਾ ਫਿਰਕੂ ਲਾਣਾ ਡਾ. ਭੀਮ ਰਾਓ ਅੰਬੇਡਕਰ ਜੀ ਵੱਲੋਂ ਬਣਾਏ ਗਏ ਸੰਵਿਧਾਨ ਨੂੰ ਖਤਮ ਕਰਕੇ ਮਨੂੰ ਸਿਮਰਤੀ ਲਾਗੂ ਕਰਨੀ ਚਾਹੁੰਦਾ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਬੀਜੇਪੀ ਲਗਾਤਾਰ ਮਜ਼ਦੂਰ-ਕਿਸਾਨ ਵਿਰੋਧੀ ਫ਼ੈਸਲੇ ਲੈ ਰਹੀ ਹੈ।ਤਿੰਨ ਖੇਤੀ ਕਾਨੂੰਨਾਂ ਨੂੰ ਟੇਢੇ ਢੰਗ ਨਾਲ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਤੇ ਜ਼ਦੂਰਾਂ ਦੇ ਹੱਕਾਂ ਦੀ ਰਾਖੀ ਕਰਨ ਵਾਲੇ ਕਾਨੂੰਨ ਖਤਮ ਕੀਤੇ ਜਾ ਰਹੇ ਹਨ।ਮਜ਼ਦੂਰਾਂ ਦੇ ਕੰਮ ਦੇ ਘੰਟੇ 8 ਤੋਂ ਵਧਾ ਕੇ 12 ਘੰਟੇ ਕੰਮ ਕਰਨ ਵਾਲੇ ਕਾਨੂੰਨ ਬਣਾਏ ਜਾ ਰਹੇ ਹਨ।ਇਸ ਲਈ ਅਜਿਹੀ ਸਰਕਾਰ ਨੂੰ ਚੱਲਦਾ ਕਰਨਾ ਸਮੇਂ ਦੀ ਮੁੱਖ ਜ਼ਰੂਰਤ ਹੈ।ਕਾਮਰੇਡ ਤੁੰਗਾਂ ਨੇ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਬੀਜੇਪੀ ਨੂੰ ਹਰਾਇਆ ਜਾਵੇਗਾ, ਤਕਰੀਬਨ ਸਵਾ ਸਾਲ ਦੇਸ਼ ਦੇ ਮਜ਼ਦੂਰਾਂ ਕਿਸਾਨਾਂ ਨੂੰ ਦਿੱਲੀ ਬਾਰਡਰਾਂ 'ਤੇ ਬੈਠਣ ਲਈ ਮਜਬੂਰ ਕਰਨ ਵਾਲੀ ਤੇ ਲਗਭਗ 700 ਸੰਘਰਸ਼ੀ ਯੋਧਿਆਂ ਦੀ ਸ਼ਹੀਦੀ ਦੀ ਜ਼ਿੰਮੇਵਾਰ ਭਾਜਪਾ ਦੇ ਉਮੀਦਵਾਰਾਂ ਦਾ ਹੁਣ ਪਿੰਡਾਂ ਦੇ ਮਜ਼ਦੂਰ ਕਿਸਾਨ ਭਾਰੀ ਵਿਰੋਧ ਕਰਨਗੇ।ਇਸ ਮੌਕੇ ਬਹਾਦਰ ਸਿੰਘ, ਬੇਅੰਤ ਸਿੰਘ, ਜਗਪਾਲ ਸਿੰਘ, ਨਿਰਮਲ ਸਿੰਘ, ਜਗਦੇਵ ਸਿੰਘ, ਮੱਘਰ ਸਿੰਘ, ਸਤਨਾਮ ਸਿੰਘ, ਟਹਿਲ ਸਿੰਘ, ਮਿੱਠੂ ਸਿੰਘ, ਹਰਨੇਕ ਸਿੰਘ, ਕੁਲਵਿੰਦਰ ਕੌਰ, ਮੁਖਤਿਆਰ ਕੌਰ, ਦਰਸ਼ਨਾ ਕੌਰ, ਰਾਣੀ ਕੌਰ ਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

# ਗੰਨਾ ਕਾਸ਼ਤਕਾਰਾਂ ਦਾ ਵਫ਼ਦ ਐੱਸ ਡੀ ਐੱਮ ਨੂੰ ਮਿਲਿਆ



ਗੱਲਬਾਤ ਕਰਦੇ ਹੋਏ ਹਰਜੀਤ ਸਿੰਘ ਬੁਗਰਾ ਤੇ ਹੋਰ।

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਗੰਨਾ ਕਾਸ਼ਤਕਾਰ ਸੰਘਰਸ਼ ਕਮੇਟੀ ਧੂਰੀ ਦੇ ਚੇਅਰਮੈਨ ਹਰਜੀਤ ਸਿੰਘ ਬੁਗਰਾ ਦੀ ਅਗਵਾਈ ਹੇਠ ਇੱਕ ਵਫ਼ਦ ਐੱਸ.ਡੀ.ਐੱਮ. ਧੂਰੀ ਅਮਿਤ ਗੁਪਤਾ ਨੂੰ ਮਿਲਿਆ।ਵਫ਼ਦ ਨੇ ਮੰਗ ਕੀਤੀ ਕਿ ਗੰਨਾ ਕਾਸ਼ਤਕਾਰਾਂ ਦੀ ਰਹਿੰਦੀ ਪੇਮੈਂਟ ਤੇ ਅਗਾਮੀ ਗੰਨਾ ਸੀਜ਼ਨ ਲਈ ਖੰਡ ਮਿੱਲ ਚਲਾਉਣ ਸਬੰਧੀ ਸਰਕਾਰ ਜਲਦੀ ਐਲਾਨ ਕਰੇ।ਮੀਟਿੰਗ ਦੇ ਵੇਰਵੇ ਪ੍ਰੈੱਸ ਨੂੰ ਜਾਰੀ ਕਰਦਿਆਂ ਚੇਅਰਮੈਨ ਹਰਜੀਤ ਸਿੰਘ ਬੁਗਰਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ 'ਹਰੇ ਪੈੱਨ ?' ਨਾਲ ਰੁਜ਼ਗਾਰ ਦੇਣ ਦੀਆਂ ਗੱਲਾਂ ਕਰਨ ਵਾਲੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਆਪਣੇ ਹੀ ਹਲਕੇ ਦੀ ਸ਼ੂਗਰ ਮਿੱਲ ਬੰਦ ਹੋਣ ਕਾਰਨ ਮੁੱਖ ਮੰਤਰੀ ਨੇ ਕੋਈ ਗੱਲ ਕਹਿਣੀ ਮੁਨਾਸਿਬ ਨਹੀਂ ਸਮਝੀ।ਉਨ੍ਹਾ ਕਿਹਾ ਕਿ ਗੰਨਾ ਕਾਸ਼ਤਕਾਰਾਂ ਦਾ ਕਰੀਬ ਸਵਾ ਕਰੋੜ ਰੁਪੈ ਸਰਕਾਰ ਵੱਲ, 2 ਕਰੋੜ ਰੁਪੈ ਚਾਲੂ ਵਰ੍ਹੇ ਤੇ ਸਰਕਾਰੀ ਪੇਮੈਂਟ ਦੇਣ ਵੱਲ ਸਰਕਾਰ ਦਾ ਕੋਈ ਵੀ ਧਿਆਨ ਨਹੀਂ ਹੈ, ਸਗੋਂ ਸਰਕਾਰ 'ਗੱਲਾਂ ਦਾ ਕੜਾਹ' ਕਰਕੇ ਲੋਕਾਂ ਦਾ ਢਿੱਡ ਭਰਨ ਦੀ ਕੋਸ਼ਿਸ਼ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਪਿਛਲੇ ਸਾਲ ਖੰਡ ਮਿੱਲ ਬੰਦ ਰਹਿਣ ਕਾਰਨ ਗੰਨਾ ਕਾਸ਼ਤਕਾਰਾਂ ਨੂੰ ਜਿੱਥੇ ਵਿੱਤੀ ਨੁਕਸਾਨ ਹੋਇਆ ਹੈ, ਉਥੇ ਖੱਜਲ ਖੁਆਰੀ ਝੱਲਣੀ ਪਈ ਹੈ।

ਉਨ੍ਹਾਂ ਕਿਹਾ ਕਿ ਵਫ਼ਦ ਨੂੰ ਪ੍ਰਸ਼ਾਸਨਕ ਅਧਿਕਾਰੀਆਂ ਨੇ ਭਰੋਸਾ ਦਿਵਾਇਆ ਹੈ ਕਿ ਜਲਦੀ ਹੀ ਪੇਮੈਂਟ ਕਰਵਾਈ ਜਾਵੇਗੀ। ਇਸ ਸਬੰਧੀ ਚੋਣ ਕਮਿਸ਼ਨ ਨੂੰ ਲਿਖ ਕੇ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਚੋਣ ਕਮਿਸ਼ਨ ਦੀ ਦਖਲ ਅੰਦਾਜ਼ੀ ਵਾਲਾ ਮਾਮਲਾ ਹੀ ਨਹੀਂ ਹੈ, ਕਿਉਂਕਿ ਕਿਸਾਨਾਂ ਨੇ ਆਪਣੀ ਜਿਣਸ ਖੰਡ ਮਿੱਲ ਨੂੰ ਵੇਚੀ ਹੈ।ਉਨ੍ਹਾਂ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਸਰਕਾਰ ਵੱਲੋਂ ਰਹਿੰਦੀ ਪੇਮੈਂਟ ਦੀ ਅਦਾਇਗੀ ਕਰਨ ਤੇ ਖੰਡ ਮਿੱਲ ਚਲਾਉਣ ਸਬੰਧੀ ਕੋਈ ਭਰੋਸਾ ਨਹੀਂ ਦਿੱਤਾ ਜਾਂਦਾ ਤਾਂ ਗੰਨਾ ਕਾਸ਼ਤਕਾਰ ਸੰਘਰਸ਼ ਨੂੰ ਪ੍ਰਚੰਡ ਕਰਨਗੇ ਤੇ ਅਗਾਮੀ ਲੋਕ ਸਭਾ ਚੋਣਾਂ ਵਿੱਚ ਸੱਤਾਧਾਰੀ ਪਾਰਟੀ ਦੇ ਉਮੀਦਵਾਰ ਦਾ ਵਿਰੋਧ ਕਰਨਗੇ।

# ਸੀ ਪੀ ਆਈ ਨੇ ਤੇਜਾ ਸਿੰਘ ਸੁਤੰਤਰ ਦੀ 51ਵੀਂ ਬਰਸੀ ਮਨਾਈ



**ਸੰਗਰੂਰ (ਪ੍ਰਵੀਨ ਸਿੰਘ)**-ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਲੋਕਨਾਇਕ ਆਜ਼ਾਦੀ ਘੁਲਾਟੀਏ ਤੇ ਮੁਜ਼ਾਰਾ ਲਹਿਰ ਦੇ ਆਗੂ ਸਾਥੀ ਤੇਜਾ ਸਿੰਘ ਸੁਤੰਤਰ ਦੀ 51ਵੀਂ ਬਰਸੀ ਸੰਗਰੂਰ ਵਿਖੇ ਮਨਾਈ ਗਈ।ਕਮਿਊਨਿਸਟ ਪਾਰਟੀ ਦਾ ਝੰਡਾ ਸਾਥੀ ਤੇਜਾ ਸਿੰਘ ਸੁਤੰਤਰ ਦੇ ਸਾਥੀ ਸੰਪੂਰਨ ਸਿੰਘ ਐਡਵੋਕੇਟ ਨੇ ਲਹਿਰਾਇਆ।ਉਨ੍ਹਾਂ ਕਿਹਾ ਕਿ ਇਹ ਝੰਡਾ ਕੁਰਬਾਨੀਆਂ ਦਾ ਪ੍ਰਤੀਕ ਹੈ।ਇਸ ਉਪਰੰਤ ਸ਼ਰਧਾਂਜਲੀ ਭੇਟ ਕੀਤੀ ਗਈ। ਕਾਮਰੇਡ ਸੁਖਦੇਵ ਸ਼ਰਮਾ ਜ਼ਿਲ੍ਹਾ ਸਕੱਤਰ ਸੀ ਪੀ ਆਈ ਸੰਗਰੂਰ ਨੇ ਦੱਸਿਆ ਕਿ ਇਸ ਉਪਰੰਤ ਸਰਵਸਾਥੀ ਸਤਵੰਤ ਸਿੰਘ ਖੰਡੇਬਾਦ, ਹਰਦੇਵ ਸਿੰਘ ਬਖਸ਼ੀਵਾਲਾ, ਭਰਪੂਰ ਸਿੰਘ ਬੁਲਾਪੁਰ ਦੇ ਪ੍ਰਧਾਨਗੀ ਹੇਠ ਸਮਾਗਮ ਸ਼ੁਰੂ ਕੀਤਾ ਗਿਆ।ਪਾਰਟੀ ਦੇ ਸੀਨੀਅਰ ਆਗੂ ਸਾਥੀ ਬਲਦੇਵ ਸਿੰਘ ਨਿਹਾਲਗੜ੍ਹ ਨੇ ਸਮਾਗਮ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਸਾਥੀ ਤੇਜਾ ਸਿੰਘ ਸੁਤੰਤਰ ਦਾ ਜਨਮ ਭਾਵੇਂ 1901 ਵਿੱਚ ਪਿੰਡ ਅਲੂਣਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ ਸੀ, ਪਰ ਉਨ੍ਹਾਂ ਦੀ ਕਰਮ ਭੂਮੀ ਪੰਜਾਬ ਅੰਦਰ ਮਾਲਵਾ ਖੇਤਰ ਸੰਗਰੂਰ ਜ਼ਿਲ੍ਹਾ ਰਿਹਾ ਹੈ।ਉਹ ਇਥੋਂ ਹੀ ਪਾਰਲੀਮੈਂਟ ਮੈਂਬਰ ਰਹੇ। ਲੋਕਾਂ ਲਈ ਕੰਮ ਕਰਦਿਆਂ 16 ਲੱਖ ਏਕੜ ਜ਼ਮੀਨ ਦਾ 784 ਪਿੰਡਾਂ ਦੇ ਲੋਕਾਂ ਨੂੰ ਮਾਲਕ ਬਣਾਇਆ। ਸਾਥੀ ਭਰਪੂਰ ਸਿੰਘ ਬੁੱਲਾਪੁਰ, ਸਾਥੀ ਸਤਵੰਤ ਸਿੰਘ ਖੰਡੇਬਾਦ, ਹਰਦੇਵ ਸਿੰਘ ਬਖਸ਼ੀ ਵਾਲਾ ਤੋਂ ਇਲਾਵਾ ਯੂਨੀਅਨ ਆਗੂ ਮੁਹੰਮਦ ਖਲੀਲ, ਗੁਰਧਿਆਨ ਸਿੰਘ, ਹਰਿੰਦਰ ਸਿੰਘ ਪੈਪਸੀਕੋ, ਸੀਤਾ ਰਾਮ ਸ਼ਰਮਾ, ਮੇਲਾ ਸਿੰਘ ਆਦਿ ਸਾਥੀਆਂ ਨੇ ਵੀ ਸੰਬੋਧਨ ਕਰਦਿਆਂ ਤੇਜਾ ਸਿੰਘ ਸੁਤੰਤਰ ਨੂੰ ਸ਼ਰਧਾਂਜਲੀ ਭੇਟ ਕੀਤੀ।

ਹੋਰਨਾਂ ਤੋਂ ਇਲਾਵਾ ਗੁਰਦਿਆਲ ਨਿਰਮਾਣ, ਡਾ. ਮਨਿੰਦਰ ਧਾਲੀਵਾਲ, ਸਰਿੰਦਰ ਭੈਣ, ਬਲਵਿੰਦਰ ਖੰਡੇਵਾਦ, ਗੁਰਮੀਤ ਸਿੰਘ, ਪ੍ਰਦੀਪ ਚੀਮਾ, ਬੀਬੀ ਸੁਰਿੰਦਰ ਕੌਰ ਪੰਜਾਬ ਇਸਤਰੀ ਸਭਾ, ਬਿਕਰਮ ਸਿੰਘ ਪ੍ਰਧਾਨ ਪੈਪਸੀ ਸੁੰਦਰ ਪਾਲ ਸਕੂਲ ਇੰਪਲਾਈਜ਼ ਯੂਨੀਅਨ, ਕਰਮ ਸੱਤਾ ਛਾਜਲੀ ਜਮਹੂਰੀ ਅਧਿਕਾਰ ਸਭਾ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਸਾਥੀ ਨਿਰਮਲ ਸਿੰਘ ਬਟਰਿਆਨਾ ਨੇ ਬਾਖੂਬੀ ਨਿਭਾਈ।

# ਸਵਾਮੀ ਵਿਵੇਕਾਨੰਦ ਕਾਲਜ ਜਾ ਸਾਲਾਨਾ ਪ੍ਰੋਗਰਾਮ 'ਸਪੋਨਟੈਨੀਆ-2024' ਸੰਪੰਨ

**ਰੈੱਡ ਰੋਮਨ ਹਾਊਸ ਨੇ ਓਵਰਆਲ ਟਰਾਫੀ ਜਿੱਤੀ**



**ਰਾਜਪੁਰਾ (ਰਮੇਸ਼ ਕਟਾਰੀਆ)**-ਦੋ ਦਿਨ ਚੱਲੇ ਸਵਾਮੀ ਵਿਵੇਕਾਨੰਦ ਗਰੁੱਪ ਆਫ ਕਾਲਜ ਵਿੱਚ ਸਾਲਾਨਾ ਪ੍ਰੋਗਰਾਮ 'ਸਪੋਨਟੈਨੀਆ-2024' ਦੀ ਸਮਾਪਤੀ ਹੋ ਗਈ।ਸ੍ਰੀ ਰਾਕੇਸ਼ ਕੁਮਾਰ ਕੌਸ਼ਲ ਡੀ.ਆਈ.ਜੀ. ਬਾਰਡਰ ਰੇਂਜ ਅੰਮ੍ਰਿਤਸਰ, ਸ. ਨਰਿੰਦਰਪਾਲ ਸਿੰਘ ਲਾਂਬਾ ਪ੍ਰਿੰਸੀਪਲ ਪੋਲੀਟੈਕਨਿਕ, ਡਾਇਰੈਕਟੋਰੇਟ ਆਫ਼ ਟੈਕਨੀਕਲ ਐਜੂਕੇਸ਼ਨ ਐਂਡ ਇੰਡਸਟਰੀਅਲ ਟ੍ਰੇਨਿੰਗ ਪੰਜਾਬ, ਜ਼ਿੰਬਾਬਵੇ ਦੂਤਾਵਾਸ ਨਵੀਂ ਦਿੱਲੀ ਤੋਂ ਲਵਮੋਰ ਐਨਕਿਊਬ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ।ਚੇਅਰਮੈਨ ਸੁਆਮੀ ਵਿਵੇਕਾਨੰਦ ਗਰੁੱਪ ਸ੍ਰੀ ਅਸ਼ਵਨੀ ਗਰਗ ਪ੍ਰੈਜ਼ੀਡੈਂਟ ਸੁਆਮੀ ਵਿਵੇਕਾਨੰਦ ਗਰੁੱਪ ਸ੍ਰੀ ਅਸ਼ੋਕ ਗਰਗ ਨੇਸਵਾਮੀ ਵਿਵੇਕਾਨੰਦ ਗਰੁੱਪ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ।ਇਸ ਪ੍ਰੋਗਰਾਮ ਵਿੱਚ ਗਿੱਧੇ-ਭੰਗੜੇ, ਸੋਲੋ ਡਾਂਸ, ਗਾਇਕੀ, ਫੈਸ਼ਨ ਸ਼ੋ ਵਿੱਚ ਬਹੁਤ ਸਖ਼ਤ ਮੁਕਾਬਲਾ ਦੇਖਣ ਨੂੰ ਮਿਲਿਆ, ਜਿਸ ਵਿੱਚ ਵਿਦੇਸ਼ੀ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ।ਮੁਕਾਬਲੇ ਵਿੱਚ ਰੈੱਡ ਰੋਮਨ ਹਾਊਸ ਨੇ ਓਵਰਆਲ ਟਰਾਫੀ ਤੇ 21000 ਰੁਪਏ ਕੈਸ਼ ਇਨਾਮ ਜਿੱਤਿਆ।ਦੂਜੇ ਨੰਬਰ 'ਤੇ ਵ੍ਹਾਈਟ ਨੈਪੋਲੀਅਨ ਨੂੰ 11000, ਤੀਜੇ ਤੇ ਚੌਥੇ ਸਥਾਨ 'ਤੇ ਬਲਿਊ ਵਿਕਟੋਰੀਅਨ ਤੇ ਗਰੀਨ ਗਲੈਡੀਐਟਰ ਨੂੰ 5100-5100 ਰੁਪਏ ਮਿਲੇ।ਸਾਰੇ ਭਾਗ ਲੈਣ ਤੇ ਪ੍ਰਬੰਧ ਕਰਨ ਵਾਲਿਆਂ ਵਿਦਿਆਰਥੀਆਂ ਤੇ ਸਟਾਫ਼ ਨੂੰ ਸਨਮਾਨਤ ਕੀਤਾ ਗਿਆ।ਭੰਗੜੇ ਨੇ ਸਾਰਿਆਂ ਵਿੱਚ ਜੋਸ਼ ਭਰ ਦਿੱਤਾ।ਗਾਇਕ ਅਨਿਰੁਧ ਕੌਸ਼ਲ ਤੇ ਲਾਈਵ ਬੈਂਡ ਟਵਿਨ ਸਟ੍ਰਿੰਗਸ ਨੇ ਰਾਤ ਦੇ ਸਮੇਂ ਦਰਸ਼ਕਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ।ਚੇਅਰਮੈਨ ਸ੍ਰੀ ਅਸ਼ਵਨੀ ਗਰਗ ਤੇ ਪ੍ਰੈਜ਼ੀਡੈਂਟ ਸ੍ਰੀ ਅਸ਼ੋਕ ਗਰਗ ਨੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਆਉਣ ਵਾਲੇ ਸਮੇਂ ਵਿੱਚ ਹੋਰ ਮਜ਼ਬੂਤੀ ਨਾਲ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।ਮੈਨੇਜਮੈਂਟ ਵੱਲੋਂ ਸ੍ਰੀ ਵਿਸ਼ਾਲ ਗਰਗ ਡਾਇਰੈਕਟਰ ਸੈਕੇਟਰੀਅਲ, ਸ੍ਰੀ ਸਾਹਿਲ ਗਰਗ ਡਾਇਰੈਕਟਰ ਅਕਾਦਮਿਕ, ਸ੍ਰੀ ਸ਼ੁਭਮ ਗਰਗ ਡਾਇਰੈਕਟਰ ਪਲੇਸਮੈਂਟ, ਸ੍ਰੀ ਸੁਨੀਲ ਸੋਨੀ ਡਾਇਰੈਕਟਰ ਇੰਟਰਨੈਸ਼ਨਲ ਐਡਮਿਸ਼ਨ ਤੋਂ ਇਲਾਵਾ ਸਟਾਫ ਤੇ ਬੱਚੇ ਹਾਜ਼ਰ ਸਨ।ਅੰਤ 'ਚ ਪ੍ਰੋਗਰਾਮ ਕੋਆਰਡੀਨੇਟਰ ਮੈਡਮ ਨਵਦੀਸ਼ ਕੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਭਾਜਪਾ ਆਗੂ ਅਰਵਿੰਦ ਖੰਨਾ ਨੂੰ ਕਿਸਾਨਾਂ ਨੇ ਘੇਰਿਆ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਅੰਦਰ ਚੱਲ ਰਹੇ ਭਾਜਪਾ ਆਗੂਆਂ ਦੇ ਘਰਾਓ ਦਾ ਸਿਲਸਿਲਾ ਕੱਲ੍ਹ ਦੇਰ ਸ਼ਾਮ ਧੂਰੀ ਵਿਖੇ ਵੀ ਵੇਖਣ ਨੂੰ ਮਿਲਿਆ, ਜਦੋਂ ਭਾਜਪਾ ਆਗੂ ਅਰਵਿੰਦ ਖੰਨਾ ਦਾ ਘਿਰਾਓ ਕਰਨ ਲਈ ਪੁੱਜੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਆਗੂਆਂ ਨੇ ਧੂਰੀ-ਲੁਧਿਆਣਾ ਮੁੱਖ ਮਾਰਗ 'ਤੇ ਅਰਵਿੰਦ ਖੰਨਾ ਦਾ ਘਿਰਾਓ ਕਰਦਿਆਂ ਬੱਬਨਪੁਰ ਪੁਲ 'ਤੇ ਜਾਮ ਲਗਾ ਕੇ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ।ਪੁਲਸ ਅਧਿਕਾਰੀਆਂ ਨੇ ਪਹਿਲਾਂ ਕਿਸਾਨ ਨੇਤਾਵਾਂ ਨਾਲ ਗੱਲਬਾਤ ਕੀਤੀ, ਪਰ ਮਾਮਲਾ ਕਿਸੇ ਤਣ ਪੱਤਣ ਨਾ ਲੱਗਿਆ ਅਤੇ ਦੇਰ ਰਾਤ ਤੱਕ ਪੁਲਸ ਵੱਲੋਂ ਹਿਰਾਸਤ ਵਿੱਚ ਲਏ ਗਏ ਕਿਸਾਨ ਆਗੂਆਂ ਤੇ ਵਹੀਕਲਾਂ ਨੂੰ ਛੱਡਣ ਤੋਂ ਬਾਅਦ ਧਰਨਾਕਾਰੀਆਂ ਨੇ ਇਹ ਧਰਨਾ ਸਮਾਪਤ ਕੀਤਾ।

# ਜੋਤੀ ਬੀ ਐੱਡ ਕਾਲਜ ਦੇ ਵਿਦਿਆਰਥੀਆਂ ਵੱਲੋਂ ਜ਼ੋਨਲ ਪੱਧਰੀ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਸਥਾਨਕ ਜੋਤੀ ਬੀ. ਐੱਡ ਕਾਲਜ ਦੇ ਵਿਦਿਆਰਥੀਆਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਜ਼ੋਨਲ ਪੱਧਰੀ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਹ ਪੰਜਾਬ ਯੂਨੀਵਰਸਿਟੀ ਜ਼ੋਨਲ ਪੱਧਰੀ ਟੀਚਿੰਗ ਏਡਜ਼ (ਸਕਿੱਲ ਇਨ ਟੀਚਿੰਗ ਐਂਡ ਟੀਚਿੰਗ ਏਡਜ਼ ਪ੍ਰੈਪਰੇਸ਼ਨ) 10 ਤੇ 12 ਅਪ੍ਰੈਲ ਨੂੰ ਕਰਵਾਈ ਗਈ ਸੀ।ਇਸ ਮੁਕਾਬਲੇ ਵਿੱਚ ਪੰਜਾਬ ਯੂਨੀਵਰਸਿਟੀ ਜ਼ੋਨ-ਸੀ ਦੇ ਕੁੱਲ 10 ਵਿਦਿਆਰਥੀਆਂ ਨੇ ਭਾਗ ਲਿਆ। ਕਾਲਜ ਦੇ 'ਸਕਿੱਲ ਇਨ ਟੀਚਿੰਗ' ਸੈੱਲ ਦੀ ਇੰਚਾਰਜ ਸ੍ਰੀਮਤੀ ਪਵਨਦੀਪ ਕੌਰ ਤੇ ਮਨਜਿੰਦਰ ਕੌਰ ਦੀ ਅਗਵਾਈ ਵਿੱਚ ਇਸ ਮੁਕਾਬਲੇ ਵਿੱਚ ਭਾਗ ਲੈਣ ਲਈ ਪੰਜ ਵਿਸ਼ੇ ਪੰਜਾਬੀ, ਹਿੰਦੀ, ਅੰਗਰੇਜ਼ੀ, ਗਣਿਤ ਤੇ ਵਿਗਿਆਨ ਸਨ।ਕਾਲਜ ਦੇ ਵਿਸ਼ਾ ਅਧਿਆਪਕਾਂ ਵੱਲੋਂ ਸਟੱਡੀ ਸਕਿੱਲ ਤੇ ਸਹਾਇਕ ਸਮੱਗਰੀ ਨਿਰਮਾਣ ਦਿੱਤੀ ਗਈ।ਇਸ ਮੁਕਾਬਲੇ ਵਿੱਚ ਕੁਲਵਿੰਦਰ ਕੌਰ ਨੇ ਪੰਜਾਬੀ ਵਿਸ਼ੇ ਦੇ ਸਟੱਡੀ ਸਕਿੱਲ ਮੁਕਾਬਲੇ ਵਿੱਚ ਤੇ ਸੁਨੀਤਾ ਨੇ ਟੀਚਿੰਗ ਏਡਜ਼ ਤਿਆਰ ਕਰਨ ਵਿੱਚ ਭਾਗ ਲਿਆ। ਹਰਜੀਤ ਨੇ ਗਣਿਤ ਵਿਸ਼ੇ ਦੇ ਅਧਿਆਪਨ ਦੇ ਹੁਨਰ ਵਿੱਚ ਤੇ ਕਿਰਨਦੀਪ ਨੇ ਸਾਇੰਸ ਵਿਸ਼ੇ ਦੇ ਅਧਿਆਪਨ ਦੇ ਹੁਨਰ ਵਿੱਚ ਭਾਗ ਲਿਆ।ਇਸ ਮੁਕਾਬਲੇ ਵਿੱਚ ਕੁਲਵਿੰਦਰ ਕੌਰ ਨੇ ਪੰਜਾਬੀ ਵਿਸ਼ੇ ਵਿੱਚ ਟੀਚਿੰਗ ਸਕਿੱਲ ਮੁਕਾਬਲੇ ਵਿੱਚ ਪਹਿਲਾ ਸਥਾਨ ਤੇ ਸੁਨੀਤਾ ਨੇ ਟੀਚਿੰਗ ਏਡਜ਼ ਬਣਾਉਣ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।ਨਿਰਮਲਾ ਨੇ ਹਿੰਦੀ ਵਿਸ਼ੇ ਦੇ ਅਧਿਆਪਨ ਹੁਨਰ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।ਕਿਰਨਦੀਪ ਨੇ ਗਣਿਤ ਵਿਸ਼ੇ ਲਈ ਟੀਚਿੰਗ ਏਡਜ਼ ਬਣਾਉਣ ਦੇ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਡਾ: ਅਨੀਤਾ ਅਰੋੜਾ, ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸੁਰਿੰਦਰ ਠਕਰਾਲ, ਸਕੱਤਰ ਡਾ: ਰੋਸ਼ਨ ਲਾਲ ਠੱਕਰ, ਸੇਵਾਮੁਕਤ ਪ੍ਰੋਫ਼ੈਸਰ ਸਤਪਾਲ ਗੁਪਤਾ, ਸਭਾ ਅਰੋੜਾ ਤੇ ਸਮੂਹ ਸਟਾਫ਼ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਵੋਟ ਦੀ ਚੋਟ ਨਾਲ ਕੇਂਦਰ ਦੇ ਅੱਤਿਆਚਾਰਾਂ ਦਾ ਬਦਲਾ ਲਵਾਂਗੇ : ਅਨਮੋਲ

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**



ਫਰੀਦਕੋਟ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਸਿੰਘ ਅਨਮੋਲ ਨੇ ਕਿਹਾ ਕਿ ਸੂਬੇ ਵਿੱਚ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਨੇ ਪਹਿਲੀ ਵਾਰ ਮਾਲਵਾ ਖਿੱਤੇ 'ਚ ਟੇਲਾਂ ਤੱਕ ਨਹਿਰੀ ਪਾਣੀ ਪੰਹੁਚਾਇਆ ਹੈ।ਸ਼ੁੱਕਰਵਾਰ ਨੂੰ ਫਰੀਦਕੋਟ ਵਿਧਾਨ ਸਭਾ ਹਲਕੇ ਦੇ ਪੱਖੀ ਕਲਾਂ, ਭੋਲੂਵਾਲਾ, ਭਾਗਥਲਾ, ਪਹਿਸੂਵਾਲਾ ਤੇ ਹੋਰਨਾਂ ਪਿੰਡਾਂ ਵਿੱਚ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਆਪ ਉਮੀਦਵਾਰ ਕਰਮਜੀਤ ਅਨਮੋਲ ਨੇ ਕਿਹਾ ਕਿ ਅਸਲ ਵਿੱਚ ਆਮ ਆਦਮੀ ਪਾਰਟੀ ਹੀ ਕਿਸਾਨ ਹਿਤੈਸ਼ੀ ਪਾਰਟੀ ਹੈ, ਜਿਸ ਨੇ ਨਹਿਰਾਂ ਤੇ ਰਜਬਾਹਿਆਂ ਦੀ ਮੁਰੰਮਤ ਕਰ ਕੇ ਟੇਲਾਂ ਤੱਕ ਨਹਿਰੀ ਪਾਣੀ ਪੁੱਜਦਾ ਕੀਤਾ ਹੈ। ਕੇਂਦਰ ਦੀ ਮੋਦੀ ਸਰਕਾਰ ਉੱਪਰ ਪੰਜਾਬ ਨਾਲ ਵਿਤਕਰਾ ਤੇ ਧੱਕਾ ਕਰਨ ਦਾ ਇਲਜ਼ਾਮ ਲਗਾਉਂਦਿਆਂ ਕਰਮਜੀਤ ਅਨਮੋਲ ਨੇ ਕਿਹਾ ਕਿ ਜਦ ਤੋਂ ਕੇਂਦਰ ਵਿੱਚ ਭਾਜਪਾ ਸੱਤਾ ਵਿੱਚ ਆਈ ਹੈ। ਪੰਜਾਬ ਵਿੱਚ ਇੱਕ ਵੀ ਵੱਡਾ ਪ੍ਰੋਜੈਕਟ ਨਹੀਂ ਲੱਗਿਆ, ਹਾਲਾਂਕਿ ਪਿਛਲੇ ਸਾਲ ਤੱਕ ਅਕਾਲੀ ਦਲ ਵੀ ਇਸ ਦੀ ਭਾਈਵਾਲ ਸੀ।ਉਨ੍ਹਾਂ ਕਿਹਾ ਕਿ ਦਿੱਲੀ ਦੀ ਸਰਹੱਦਾਂ ਨੇੜੇ ਪੰਜਾਬ ਦੇ ਕਿਸਾਨਾਂ ਉਪਰ ਹੋਇਆ ਤਸ਼ੱਦਦ ਕਿਸੇ ਤੋਂ ਭੁੱਲਿਆ ਨਹੀਂ।ਕਿਸਾਨ ਅੰਦੋਲਨ ਦੌਰਾਨ 700 ਤੋਂ ਵੱਧ ਕਿਸਾਨ ਇਨ੍ਹਾਂ ਮੋਰਚਿਆਂ ਵਿੱਚ ਸ਼ਹੀਦ ਹੋਏ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਹੁਣ ਉਨ੍ਹਾਂ ਕੋਲ ਆਪਣੀ ਸ਼ਕਤੀ ਵਿਖਾਉਣ ਦਾ ਮੌਕਾ ਆਇਆ ਹੈ ਤੇ ਉਹ ਆਪਣੀ ਵੋਟ ਦੀ ਸ਼ਕਤੀ ਨਾਲ ਮੋਦੀ ਦਾ ਤਖਤਾ ਪਲਟਾਉਣਗੇ। ਇਸ ਮੌਕੇ ਫਰੀਦਕੋਟ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਸੁਖਜੀਤ ਸਿੰਘ ਢਿੱਲਵਾਂ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਫਰੀਦਕੋਟ, ਚੇਅਰਮੈਨ ਅਮਨਦੀਪ ਸਿੰਘ ਬਾਬਾ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਗੁਰਤੇਜ ਸਿੰਘ ਖੋਸਾ, ਸੀਨੀਅਰ ਆਗੂ ਸੰਦੀਪ ਸਿੰਘ ਧਾਲੀਵਾਲ, ਪ੍ਰੋ. ਗੁਰਸੇਵਕ ਸਿੰਘ, ਰਮਨਦੀਪ ਸਿੰਘ, ਗਗਨ ਧਾਲੀਵਾਲ, ਕਮਲਦੀਪ ਸਿੰਘ ਨੇ ਸੰਬੋਧਨ ਕੀਤਾ।

# ਮਾ. ਪ੍ਰੀਤਮ ਦੇਵ ਸਮਾਜ ਭਲਾਈ ਕਮੇਟੀ ਵੱਲੋਂ ਰਵਿੰਦਰ ਗੁੱਡੂ ਦਾ ਸਨਮਾਨ



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਜ਼ਿਲ੍ਹਾ ਪੈਨਸ਼ਨਰ ਭਵਨ ਤਹਿ. ਕੰਪਲੈਕਸ ਵਿਖੇ ਸਮਾਜ ਸੇਵਾ, ਲੋਕ ਭਲਾਈ, ਬਜ਼ੁਰਗਾਂ ਤੇ ਪੈਨਸ਼ਨਰਾਂ ਦੇ ਸਤਿਕਾਰ ਨੂੰ ਸਮਰਪਤ ਸੰਗਰੂਰ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਇੱਕ ਸਨਮਾਨ ਸਮਾਰੋਹ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਰਾਜ ਕੁਮਾਰ ਅਰੋੜਾ ਦੀ ਅਗਵਾਈ ਵਿੱਚ ਸੰਪੰਨ ਹੋਇਆ।ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਚੇਅਰਮੈਨ ਸ੍ਰੀ ਰਵਿੰਦਰ ਸਿੰਘ ਗੁੱਡੂ, ਵਾਇਸ ਚੇਅਰਮੈਨ ਲਾਲ ਚੰਦ ਸੈਣੀ, ਨੈਸ਼ਨਲ ਐਵਾਰਡੀ ਮਾਸਟਰ ਸਤਦੇਵ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਕਰਨੈਲ ਸਿੰਘ ਸੇਖੋਂ, ਓਮ ਪ੍ਰਕਾਸ਼ ਖਿੱਪਲ, ਕਿਸ਼ੋਰੀ ਲਾਲ, ਡਾ. ਮਨਮੋਹਨ ਸਿੰਘ, ਜਨਰਲ ਸਕੱਤਰ ਕੰਵਲਜੀਤ ਸਿੰਘ, ਵਿੱਤ ਸਕੱਤਰ ਸੁਰਿੰਦਰ ਸਿੰਘ ਸੋਢੀ, ਮਾਸਟਰ ਰਾਮ ਸਰੂਪ ਅਲੀਸ਼ੇਰ, ਗੌਰਮਿੰਟ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਜੱਸੀ ਮੌਜੂਦ ਸਨ।ਇਸ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਮਾਸਟਰ ਪ੍ਰੀਤਮ ਦੇਵ ਸਮਾਜ ਭਲਾਈ ਕਮੇਟੀ ਰਾਏਧਰਾਨਾ ਦੇ ਪ੍ਰਧਾਨ ਸੁਖਦਰਸ਼ਨ ਸਰਮਾ, ਸਾਬਕਾ ਸਰਪੰਚ ਸੀਤਾ ਰਾਮ, ਮੈਂਬਰ ਸਤਿਗੁਰ ਸਿੰਘ, ਰਾਜਵੀਰ ਸਿੰਘ ਤੇ ਮਾਸਟਰ ਪ੍ਰੇਮ ਸਿੰਘ ਨੇ ਸ਼ਮੂਲੀਅਤ ਕੀਤੀ ਤੇ ਇਸ ਕਮੇਟੀ ਵੱਲੋਂ ਉੱਘੇ ਸਮਾਜ ਸੇਵੀ ਰਵਿੰਦਰ ਸਿੰਘ ਗੁੱਡੂ ਜੋ ਕਿ ਪਿਛਲੇ ਦਿਨੀਂ ਰਾਏਧਰਾਨਾ ਵਿਖੇ ਅੱਖਾਂ ਦੇ ਲਗਾਏ ਗਏ ਚੈੱਕਅੱਪ ਕੈਂਪ ਵਿੱਚ ਗਏ ਸਨ ਤੇ ਸ੍ਰੀ ਗੁੱਡੂ ਵੱਲੋਂ ਰਾਏ ਧਰਾਨਾ ਪਿੰਡ ਦੇ ਸਕੂਲ ਨੂੰ 10 ਪੱਖੇ ਤੇ ਕਮੇਟੀ ਨੂੰ 11 ਹਜ਼ਾਰ ਦਾ ਸਹਿਯੋਗ ਦਿੱਤਾ ਗਿਆ, ਜਿਸ ਕਾਰਨ ਉਨ੍ਹਾਂ ਨੂੰ ਉਨ੍ਹਾਂ ਦੇ ਸਮਾਜ ਸੇਵੀ ਕੰਮਾਂ ਲਈ ਸਨਮਾਨਤ ਕੀਤਾ ਗਿਆ। ਇਸੇ ਤਰ੍ਹਾਂ ਮਾਸਟਰ ਰਾਮ ਸਰੂਪ ਅਲੀਸ਼ੇਰ ਵੱਲੋਂ ਦਿੱਤੇ ਗਏ ਸਹਿਯੋਗ ਲਈ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।ਨੈਸ਼ਨਲ ਐਵਾਰਡੀ ਮਾਸਟਰ ਸਤਦੇਵ ਸ਼ਰਮਾ, ਜਿਨ੍ਹਾ ਦੇ ਪਿਤਾ ਦੇ ਨਾਂ 'ਤੇ ਇਹ ਕਮੇਟੀ ਬਣੀ ਹੈ, ਵੱਲੋਂ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਕਿਹਾ ਗਿਆ।ਐਸੋਸੀਏਸ਼ਨ ਦੇ ਪ੍ਰਧਾਨ ਤੇ ਸੂਬਾਈ ਪੈਨਸ਼ਨਰ ਆਗੂ ਰਾਜ ਕੁਮਾਰ ਅਰੋੜਾ ਤੋਂ ਇਲਾਵਾ ਕਮੇਟੀ ਦੇ ਪ੍ਰਧਾਨ ਸੁਦਰਸ਼ਨ ਸ਼ਰਮਾ, ਸਾਬਕਾ ਸਰਪੰਚ ਸੀਤਾ ਰਾਮ, ਪੈਨਸ਼ਨਰ ਆਗੂ ਲਾਲ ਚੰਦ ਸੈਣੀ, ਭੁਪਿੰਦਰ ਸਿੰਘ ਜੱਸੀ, ਰਜਿੰਦਰ ਸਿੰਘ ਚੰਗਾਲ, ਰਾਜ ਕੁਮਾਰ ਬਾਂਸਲ, ਕੈਲਾਸ ਗਰੋਵਰ, ਅਸ਼ੋਕ ਡੱਲਾ, ਰਜਿੰਦਰ ਗੋਇਲ, ਬਲਦੇਵ ਰਾਜ ਮਦਾਨ ਆਦਿ ਨੇ ਵੀ ਸਮਾਜ ਸੇਵੀ ਕੰਮਾਂ ਲਈ ਸ੍ਰੀ ਗੁੱਡੂ ਤੇ ਬਾਪੂ ਮਾਸਟਰ ਰਾਮ ਸਰੂਪ ਅਲੀਸ਼ੇਰ ਦੀ ਸ਼ਲਾਘਾ ਕੀਤੀ।

# ਕਿੱਲੋ ਭੁੱਕੀ ਸਮੇਤ ਦੋ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਟਰੱਕ ਸਵਾਰ ਦੋ ਵਿਅਕਤੀਆਂ ਨੂੰ ਨਬੀਪੁਰ ਪੁਲਸ ਵੱਲੋਂ ਛੇ ਕਿੱਲੋ ਭੁੱਕੀ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ।ਜਾਣਕਾਰੀ ਅਨੁਸਾਰ ਬੀਤੇ ਕੱਲ੍ਹ ਨਬੀਪੁਰ ਦੇ ਹੰਸਾਲੀ ਸਾਹਿਬ ਟੀ-ਪੁਆਇੰਟ ਨਜ਼ਦੀਕ ਮੌਜੂਦ ਨਬੀਪੁਰ ਚੌਕੀ ਦੀ ਇੱਕ ਪੁਲਸ ਪਾਰਟੀ ਨੇ ਚੈਕਿੰਗ ਦੌਰਾਨ ਬਡਾਲੀ ਆਲਾ ਸਿੰਘ ਵੱਲੋਂ ਆ ਰਹੇ ਟਰੱਕ ਨੰਬਰ ਪੀ.ਬੀ.23 ਟੀ-6142 ਦੇ ਡਰਾਇਵਰ ਰੱਬੀ ਸਿੰਘ ਵਾਸੀ ਪਿੰਡ ਚੁੰਨੀ ਕਲਾਂ ਤੇ ਉਸ ਦੇ ਨਾਲ ਬੈਠੇ ਵਿਅਕਤੀ ਨੇ ਆਪਣੀ ਪਹਿਚਾਣ ਮਨਪ੍ਰੀਤ ਸਿੰਘ ਵਾਸੀ ਪਿੰਡ ਚੁੰਨੀ ਕਲਾਂ ਨੂੰ ਰੋਕ ਕੇ ਨਬੀਪੁਰ ਪੁਲਸ ਚੌਕੀ ਦੇ ਇੰਚਾਰਜ ਸਹਾਇਕ ਥਾਣੇਦਾਰ ਸੰਜੀਵ ਕੁਮਾਰ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਟਰੱਕ 'ਚੋਂ 6 ਕਿੱਲੋ ਭੁੱਕੀ (ਚੂਰਾ ਪੋਸਤ) ਬਰਾਮਦ ਹੋਈ।

ਇਸ ਸਬੰਧੀ ਥਾਣਾ ਸਰਹਿੰਦ ਵਿਖੇ ਦਰਜ ਕਰਵਾਏ ਗਏ ਮੁਕੱਦਮੇ 'ਚ ਰੱਬੀ ਸਿੰਘ ਤੇ ਮਨਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਤਫਤੀਸ਼ ਕੀਤੀ ਜਾ ਰਹੀ ਹੈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ 105 ਪੈਨਸ਼ਨ ਤੇ 5 ਮੈਡੀਕਲ ਦੇ ਚੈੱਕ ਵੰਡੇ



**ਸੰਗਰੂਰ (ਪ੍ਰਵੀਨ ਸਿੰਘ)**-ਡਾ. (ਪ੍ਰੋ) ਐੱਸ. ਪੀ. ਸਿੰਘ ਓਬਰਾਏ ਮੈਨੇਜਿੰਗ ਟਰੱਸਟ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦਾਂ ਨੂੰ ਪੈਨਸ਼ਨ ਤੇ ਹੋਰ ਭਲਾਈ ਸਕੀਮਾਂ ਲਈ ਹਰਮਨ ਹੋਟਲ ਵਿਖੇ ਸਮਾਗਮ ਕੀਤਾ ਗਿਆ।ਇਸ ਦੌਰਾਨ 105 ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨ ਦੇ ਚੈੱਕ ਦਿੱਤੇ ਗਏ।ਇਸ ਸਮੇਂ ਟਰੱਸਟ ਵੱਲੋਂ 5 ਮੈਡੀਕਲ ਸਹਾਇਤਾ ਦੇ ਚੈੱਕ ਵੀ ਲੋੜਵੰਦਾਂ ਨੂੰ ਦਿੱਤੇ ਗਏ।ਜ਼ਿਲ੍ਹਾ ਸੰਗਰੂਰ ਦੇ ਪਿੰਡ ਖੇੜੀ ਜੱਟਾਂ ਵਿਖੇ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 1 ਸਤੰਬਰ 2015 ਤੋਂ ਕੰਪਿਊਟਰ ਸੈਂਟਰ ਚੱਲ ਰਿਹਾ।ਇਥੇ ਇਹ ਵੀ ਵਰਣਨਯੋਗ ਹੈ ਕਿ ਪਿੰਡ ਖੇੜੀ ਜੱਟਾਂ ਵਿਖੇ ਨੇੜੇ ਦੇ 7-8 ਪਿੰਡਾਂ ਦੇ ਮੁੰਡੇ ਤੇ ਕੁੜੀਆਂ ਇਸ ਕੰਪਿਊਟਰ ਸੈਂਟਰ ਦਾ ਲਗਾਤਾਰ ਲਾਹਾ ਲੈ ਕੇ ਰੁਜ਼ਗਾਰ ਦੇ ਯੋਗ ਹੋ ਰਹੇ ਹਨ।ਟਰੱਸਟ ਵੱਲੋਂ ਲੜਕੀਆਂ ਨੂੰ ਸਵੈ ਰੁਜ਼ਗਾਰ ਲਈ ਆਤਮ ਨਿਰਭਰ ਹੋਣ ਵਾਸਤੇ ਪਿੰਡ ਗੱਗੜਪੁਰ ਵਿਖੇ ਸਿਲਾਈ ਸੈਂਟਰ ਵੀ ਚੱਲ ਰਿਹਾ ਹੈ। ਇਸ ਸਮੇਂ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਸੁਖਮਿੰਦਰ ਸਿੰਘ ਹਰਮਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾ. (ਪ੍ਰੋ) ਐੱਸ. ਪੀ. ਸਿੰਘ ਓਬਰਾਏ ਕਿਸੇ ਤੋਂ ਆਰਥਕ ਮਦਦ ਲਏ ਬਿਨਾਂ ਆਪਣੇ ਸੋਮੇ ਸਾਧਨਾਂ ਵਿੱਚੋਂ 98 ਪ੍ਰਤੀਸ਼ਤ ਲੋਕ ਭਲਾਈ ਦੇ ਕੰਮਾਂ ਲਈ ਖਰਚ ਕਰਦੇ ਆ ਰਹੇ ਹਨ।ਇਸ ਸਮੇਂ ਹੋਰਨਾਂ ਤੋਂ ਇਲਾਵਾ ਫਤਿਹ ਪ੍ਰਭਾਕਰ, ਦੁਰਗਾ ਦਾਸ, ਕੁਲਵੰਤ ਬਾਜਵਾ, ਬਲਕਾਰ ਸਿੰਘ, ਮੈਡਮ ਸੰਤੋਖ ਕੌਰ, ਸਤਨਾਮ ਸਿੰਘ ਦਮਦਮੀ, ਸੁਖਵਿੰਦਰ ਕੁਮਾਰ, ਭੁਪਿੰਦਰ ਸਿੰਘ ਗਰੇਵਾਲ ਤੇ ਹਰਮੇਲ ਸਿੰਘ ਲੱਡਾ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।

# ਵੱਖ-ਵੱਖ ਸੰਸਥਾਵਾਂ ਨੇ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਸਾਹਿਬ ਦੀ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਮੈਨੇਜਮੈਂਟ ਕਮੇਟੀ ਵੱਲੋਂ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੁਰਿੰਦਰ ਕੁੰਦਰਾ ਤੇ ਪਰਮਜੀਤ ਨੀਲੋਂ ਵੱਲੋਂ ਬਾਬਾ ਸਾਹਿਬ ਜੀ ਦੇ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਜੀ ਨੇ ਦਲਿਤ ਸਮਾਜ ਨੂੰ ਪੜ੍ਹਨ-ਲਿਖਣ ਦਾ ਅਧਿਕਾਰ ਦਿਵਾਇਆ ਤੇ ਸਮਾਜਿਕ ਬਰਾਬਰੀ ਦਿਵਾਈ। ਉਨ੍ਹਾਂ ਭਾਈਚਾਰੇ ਦੇ ਲੋਕਾਂ ਨੂੰ ਬਾਬਾ ਸਾਹਿਬ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਚੇਅਰਮੈਨ ਧਰਮਵੀਰ ਧੰਮੀ, ਸੁਖਵਿੰਦਰ ਸਿੰਘ ਗਿੱਲ, ਪ੍ਰਵੀਨ ਮੱਕੜ, ਸਰਪੰਚ ਛਿੰਦਰਪਾਲ, ਰਾਕੇਸ਼ ਕੁਮਾਰ ਛਿੰਦੂ, ਕੁਲਵੰਤ ਕੌਰ ਨੀਲੋਂ, ਰਣਜੀਤ ਕੌਰ ਰਾਣੀ, ਵੀਨਾ ਰਾਣੀ, ਜਗਤਾਰ ਸਿੰਘ ਗੜ੍ਹੀ ਬੇਟ, ਧਰਮਵੀਰ ਪੰਮੇ ਆਦਿ ਹਾਜ਼ਰ ਸਨ।

ਇਸ ਤੋਂ ਇਲਾਵਾ ਭਾਰਤੀਯ ਵਾਲਮੀਕਿ ਧਰਮ ਸਮਾਜ (ਭਾਵਾਧਸ) ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 133ਵਾਂ ਜਨਮ ਦਿਵਸ ਅੰਬੇਡਕਰ ਚੌਕ ਮਾਛੀਵਾੜਾ ਵਿਖੇ ਮਨਾਇਆ ਗਿਆ। ਇਸ ਮੌਕੇ ਬਾਬਾ ਸਾਹਿਬ ਜੀ ਦੇ ਬੁੱਤ ਤੇ ਫੁੱਲ ਭੇਟ ਕੀਤੇ ਗਏ ਤੇ ਜਨਮ ਦਿਵਸ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ। ਭਾਵਾਧਸ ਆਗੂ ਨੰਬਰਦਾਰ ਰੌਸ਼ਨ ਹੰਸ ਨੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਦੀ ਸਾਰਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਸ਼ਿਵ ਕੁਮਾਰ ਸ਼ਿਵਲੀ, ਪ੍ਰੇਮ ਸਾਗਰ ਪਾਮੇ, ਪਵਨ ਕੁਮਾਰ ਬੱਗਣ, ਧਰਮਵੀਰ ਪਾਮੇ, ਲਾਲ ਚੰਦ ਪਾਮੇ, ਰਵੀ ਕੁਮਾਰ ਬਾਲੀ, ਮਿੰਕੂ ਹੰਸ, ਰਾਕੇਸ਼ ਸਹੋਤਾ, ਗੁਰਪ੍ਰੀਤ ਮਾਨ, ਡਾ. ਮਨਪ੍ਰੀਤ ਸਿੰਘ, ਬੇਗਮਪੁਰਾ ਏਕਤਾ ਦਲ ਦੇ ਪ੍ਰਧਾਨ ਗੁਰਦੀਪ ਮਾਨ, ਕ੍ਰਿਸ਼ਨ ਲਾਲ, ਭਾਰਗਵ ਚਾਨਣਾ ਆਦਿ ਹਾਜ਼ਰ ਸਨ।

# ਯੂਥ ਪ੍ਰਧਾਨ ਗੁਰਨਾਮ ਸੰਧੂ ਦਾ ਸਨਮਾਨ

**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**-ਵਿਸਾਖੀ ਦੇ ਸ਼ੁਭ ਮੌਕੇ ਅਕਾਲੀ ਦਲ ਸਰਕਲ ਅਬੋਹਰ ਤੇ ਬੱਲੂਆਣਾ ਵਿਧਾਨ ਸਭਾ ਦੇ ਪ੍ਰਮੁੱਖ ਪਦਾਧਿਕਾਰੀ ਆਰ. ਡੀ. ਬਿਸ਼ਨੋਈ ਵੱਲੋਂ ਰਾਸ਼ਟਰੀ ਸ਼ਾਤਰ ਕਿਸਾਨ ਮਜ਼ਦੂਰ ਸੰਗਠਨ ਦੇ ਯੂਥ ਪ੍ਰਧਾਨ ਸ੍ਰ: ਗੁਰਨਾਮ ਸਿੰਘ ਸੰਧੂ ਤੇ ਪ੍ਰਚਾਰ ਮੰਤਰੀ ਨਿਤੀਸ਼ ਮੁਟਨੇਜਾ ਨੂੰ ਸਨਮਾਨਤ ਕੀਤਾ ਗਿਆ। ਇਹ ਵਿਸ਼ੇਸ਼ ਸਨਮਾਨ ਉਨ੍ਹਾਂ ਨੂੰ ਵਰਕਰਾਂ ਦੀ ਆਵਾਜ਼ ਬੁਲੰਦ ਕਰਨ ਤੇ ਉਨ੍ਹਾਂ ਦੀਆਂ ਬੁਨਿਆਦੀ ਸਮੱਸਿਆਵਾਂ ਲਈ ਸਮੇਂ-ਸਮੇਂ 'ਤੇ ਕੀਤੇ ਗਏ ਸੰਘਰਸ਼ ਲਈ ਦਿੱਤਾ ਗਿਆ।ਇਸ ਮੌਕੇ ਆਰ. ਡੀ. ਬਿਸ਼ਨੋਈ ਵੱਲੋਂ ਆਸ ਕੀਤੀ ਗਈ ਕਿ ਉਹ ਇਸੇ ਤਰ੍ਹਾਂ ਜਥੇਬੰਦੀ ਨੂੰ ਨਾਲ ਲੈ ਕੇ ਮਜ਼ਦੂਰ ਵਰਗ ਦੇ ਹਿੱਤਾਂ ਲਈ ਯਤਨਸ਼ੀਲ ਰਹਿਣਗੇ।



# ਗੁਰਵਿੰਦਰ ਸਿੰਘ ਦੇ ਮਾਤਾ-ਪਿਤਾ ਦਾ ਸਕੂਲ ਸਟਾਫ ਵੱਲੋਂ ਸਨਮਾਨ



**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਥੋੜ੍ਹੀ ਦੂਰ ਹੋਲੀ ਹਾਰਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਦੇ ਵਿਦਿਆਰਥੀਆਂ ਨੇ ਨੈਸ਼ਨਲ ਸਕੂਲ ਖੇਡਾਂ ਐਥਲੈਟਿਕਸ ਅੰਡਰ-17 ਸਾਲ ਕੁੜੀਆਂ-ਮੁੰਡਿਆਂ 6 ਅਪ੍ਰੈਲ ਤੋਂ 9 ਅਪ੍ਰੈਲ ਤੱਕ ਪਟਨਾ ਸਾਹਿਬ (ਬਿਹਾਰ) ਵਿਖੇ ਕਰਵਾਈਆਂ ਗਈਆਂ, ਜਿਸ ਵਿੱਚ ਹੋਲੀ ਹਾਰਟ ਪਬਲਿਕ ਸ.ਸ.ਸ. ਛਾਜਲੀ ਦੇ ਦਸਵੀਂ ਜਮਾਤ ਦੇ ਵਿਦਿਆਰਥੀ ਗੁਰਵਿੰਦਰ ਸਿੰਘ ਨੇ 4×400 ਮੀਟਰ ਰਿਲੇਅ ਤੇ 4×100 ਮੀਟਰ ਰਿਲੇਅ ਟੀਮ (ਪੰਜਾਬ) ਦਾ ਹਿੱਸਾ ਬਣ ਕੇ ਭਾਗ ਲਿਆ, ਜਿਸ ਵਿੱਚ ਗੁਰਵਿੰਦਰ ਸਿੰਘ ਨੇ ਬਹੁਤ ਚੰਗਾ ਪ੍ਰਦਰਸ਼ਨ ਕੀਤਾ।ਗੁਰਵਿੰਦਰ ਸਿੰਘ ਦੇ ਪਿਤਾ ਬਾਦਲ ਸਿੰਘ ਨੰਬਰਦਾਰ ਛਾਜਲਾ ਮਾਤਾ ਹਰਜਿੰਦਰ ਕੌਰ ਨੂੰ ਸਕੂਲ ਪਹੁੰਚਣ 'ਤੇ ਸਕੂਲ ਦੇ ਚੇਅਰਮੈਨ ਸ੍ਰੀ ਮਨਦੀਪ ਚੱਠਾ, ਡਾਇਰੈਕਟਰ ਸ੍ਰੀ ਅੰਮ੍ਰਿਤਪਲ ਚੱਠਾ ਤੇ ਪ੍ਰਿੰਸੀਪਲ ਮੈਡਮ ਮਮਤਾ ਆਨੰਦ ਅਤੇ ਮਨਦੀਪ ਸਿੰਘ ਡੀ.ਪੀ.ਈ. ਵੱਲੋਂ ਸਨਮਾਨਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਗਈਆਂ।ਇਸ ਸਮੇਂ ਲਖਵਿੰਦਰ ਵਾਇਸ ਪ੍ਰਿੰਸੀਪਲ, ਮੈਡਮ ਗੁਰਿੰਦਰ ਕੌਰ ਕੋਆਰਡੀਨੇਟਰ, ਹਰਵਿੰਦਰ ਸਿੰਘ ਡੀ.ਪੀ.ਈ., ਲਖਵਿੰਦਰ ਸਿੰਘ ਡੀ.ਪੀ.ਈ. ਆਦਿ ਹਾਜ਼ਰ ਸਨ।

# ਲੁੱਟਾਂ-ਖੋਹਾਂ, ਚੋਰੀਆਂ ਤੇ ਹੋਰ ਵਾਰਦਾਤਾਂ ਨੂੰ ਅੰਜ਼ਾਮ ਦੇਣ ਵਾਲੇ ਅੱਠ ਮੁਲਜ਼ਮ ਗ੍ਰਿਫ਼ਤਾਰ




ਜਲੰਧਰ ( ਸ਼ੈਲੀ ਐਲਬਰਟ)-ਜਲੰਧਰ ਕਮਿਸ਼ਨਰੇਟ ਪੁਲਸ ਨੇ ਲੁੱਟਾਂ-ਖੋਹਾਂ, ਚੋਰੀਆਂ ਅਤੇ ਹੋਰ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਅੱਠ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਇਤਲਾਹ ਮਿਲੀ ਸੀ ਕਿ ਰੋਹਿਤ, ਲਖਵਿੰਦਰ ਅਤੇ ਸਤਨਾਮ ਕਈ ਖੋਹਾਂ ਅਤੇ ਚੋਰੀਆਂ ਵਿੱਚ ਸ਼ਾਮਲ ਹਨ ਅਤੇ ਮੋਟਰਸਾਈਕਲ 'ਤੇ ਜਾਂਦੇ ਸਮੇਂ ਪਿਮਸ ਹਸਪਤਾਲ ਦੇ ਨੇੜੇ ਇੱਕ ਸੰਗਠਿਤ ਅਪਰਾਧ ਦੀ ਯੋਜਨਾ ਬਣਾ ਰਹੇ ਸਨ। ਉਨ੍ਹਾਂ ਦੱਸਿਆ ਕਿ ਪੁਲਸ ਨੇ ਤੇਜ਼ੀ ਨਾਲ ਪਿਮਸ ਹਸਪਤਾਲ ਨੇੜੇ ਇੱਕ ਮਜ਼ਬੂਤ ?ਬੈਰੀਕੇਡ ਲਗਾ ਦਿੱਤਾ, ਜਿਸ ਦੌਰਾਨ ਇੱਕ ਮੋਟਰਸਾਈਕਲ 'ਤੇ ਤਿੰਨ ਵਿਅਕਤੀਆਂ ਨੂੰ ਆਉਂਦੇ ਦੇਖਿਆ, ਜਿਨ੍ਹਾਂ ਨੂੰ ਪੁੱਛਗਿੱਛ ਲਈ ਰੋਕਿਆ ਗਿਆ। ਰੋਹਿਤ ਮੋਟਰਸਾਈਕਲ ਦੀ ਮਾਲਕੀ ਸਬੰਧੀ ਤਸੱਲੀਬਖਸ਼ ਜਵਾਬ ਦੇਣ 'ਚ ਅਸਫਲ ਰਿਹਾ, ਜਦਕਿ ਸ਼ੱਕੀ ਵਿਅਕਤੀਆਂ ਲਖਵਿੰਦਰ ਅਤੇ ਸਤਨਾਮ ਦੀ ਨਿੱਜੀ ਤਲਾਸ਼ੀ ਲੈਣ ਤੇ ਦੋ ਮੋਬਾਈਲ ਫ਼ੋਨ ਬਰਾਮਦ ਹੋਏ, ਜਿਨ੍ਹਾਂ ਦੀ ਉਹ ਮਾਲਕੀ ਸਾਬਤ ਨਹੀਂ ਕਰ ਸਕੇ। ਬਾਅਦ ਵਿਚ ਕੀਤੀ ਗਈ ਪੁੱਛਗਿੱਛ ਵਿਚ ਮੋਟਰਸਾਈਕਲ ਅਤੇ ਮੋਬਾਈਲ ਫੋਨ ਖੋਹਣ ਅਤੇ ਚੋਰੀ ਕਰਨ ਵਿਚ ਉਨ੍ਹਾਂ ਦੀ ਸ਼ਮੂਲੀਅਤ ਦਾ ਖੁਲਾਸਾ ਹੋਇਆ, ਜਿਸ ਕਾਰਨ ਉਨ੍ਹਾਂ ਵਿਰੁੱਧ ਐਫਆਈਆਰ ਦਰਜ ਕੀਤੀ ਗਈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਤੁਰੰਤ ਰੋਹਿਤ ਕੁਮਾਰ ਉਰਫ਼ ਸੰਨੀ ਉਰਫ਼ ਫੁੱਲ ਪੁੱਤਰ ਬਲਵੀਰ ਸਿੰਘ ਉਰਫ਼ ਬਲਵਿੰਦਰ ਸਿੰਘ ਵਾਸੀ ਪਿੰਡ ਭੋਡੇ ਸਪਰਾਏ ਥਾਣਾ ਸਦਰ ਜਲੰਧਰ, ਲਖਵਿੰਦਰ ਸਿੰਘ ਉਰਫ਼ ਮਨੀ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ ਚੰਨਣਪੁਰ ਥਾਣਾ ਸਦਰ ਜਲੰਧਰ ਅਤੇ ਸਤਨਾਮ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ ਚੰਨਣਪੁਰ ਥਾਣਾ ਸਦਰ ਜਲੰਧਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਅਗਲੇਰੀ ਤਫ਼ਤੀਸ਼ ਦੌਰਾਨ ਨਵਪ੍ਰੀਤ ਸਿੰਘ ਪੁੱਤਰ ਪ੍ਰਤਾਪ ਸਿੰਘ ਵਾਸੀ ਮੁਹੱਲਾ ਨੰਬਰ 56 ਪ੍ਰੇਮ ਨਗਰ ਭੋਜੋਵਾਲ ਰੋਡ ਜਲੰਧਰ, ਦਿਸ਼ਾਂਤ ਸ਼ਰਮਾ ਪੁੱਤਰ ਸੁਭਾਸ਼ ਚੰਦਰ ਵਾਸੀ 85ਏ ਅਰਜਨ ਨਗਰ ਲਾਡੋਵਾਲੀ ਰੋਡ ਜਲੰਧਰ, ਦੇਬੂ ਪੁੱਤਰ ਸਵਰਗਵਾਸੀ ਸੋਹਣ ਵਾਸੀ ਨੇੜੇ ਸੇਂਟ ਜੋਸਫ ਕਾਨਵੈਂਟ ਸਕੂਲ, ਫੋਲਰੀਵਾਲ ਜਲੰਧਰ, ਸ਼ਿਵ ਸ਼ਰਮਾ ਪੁੱਤਰ ਚੰਦਰ ਦੇਵ ਵਾਸੀ ਪੁਰਾਣਾ ਡਾਕਖਾਨਾ ਨੇੜੇ, ਪਿੰਡ ਫੋਲੜੀਵਾਲ ਜਲੰਧਰ ਅਤੇ ਵਿੱਕੀ ਪੁੱਤਰ ਸਵ: ਪ੍ਰੇਮ ਨਾਥ ਰ. / ਪਿੰਡ ਭੋਡੇ ਸਪਰਾਏ ਜਲੰਧਰ ਸਮੇਤ ਹੋਰ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਥਾਣਾ ਡਿਵੀਜ਼ਨ 7 ਜਲੰਧਰ ਵਿਖੇ ਐਫਆਈਆਰ 39 ਮਿਤੀ 09-04-2024 ਅਧੀਨ 379ਬੀ,379,34,411 ਆਈਪੀਸੀ ਦਰਜ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਮੁਲਜ਼ਮਾਂ ਕੋਲੋਂ ਤਿੰਨ ਮੋਟਰਸਾਈਕਲ, ਇੱਕ ਸਕੂਟਰ, ਦੋ ਮੋਬਾਈਲ ਫੋਨ, ਦੋ ਇੰਜਣ ਅਤੇ ਚਾਰ ਟਾਇਰ ਬਰਾਮਦ ਕੀਤੇ ਹਨ।

# ਚੰਨੀ ਨੂੰ ਜਲੰਧਰ ਤੋਂ ਉਮੀਦਵਾਰ ਬਣਾਉਣ 'ਤੇ ਹਾਈ ਕਮਾਨ ਦਾ ਧੰਨਵਾਦ



ਆਦਮਪੁਰ (ਪਰਮਜੀਤ ਸਿੰਘ)- ਲੋਕ ਸਭਾ ਚੋਣਾ ਦੌਰਾਨ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਨੂੰ ਜਲੰਧਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਬਣਾਉਣ ਦੀ ਖੁਸ਼ੀ ਵਿਚ ਆਦਮਪੁਰ, ਅਲਾਵਲਪੁਰ ਦੇ ਕਾਂਗਰਸੀ ਵਰਕਰ ਇਕਠੇ ਹੋਏ। ਇਸ ਮੌਕੇ ਹਲਕਾ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਆਦਮਪੁਰ ਨੇ ਦੱਸਿਆ ਕਿ ਕਾਂਗਰਸ ਪਾਰਟੀ ਹੈ ਜੋ ਸਾਡੇ ਬਹੁਤ ਹੀ ਚਰਨਜੀਤ ਸਿੰਘ ਚੰਨੀ ਸਾਹਿਬ ਨੂੰ ਉਮੀਦਵਾਰ ਬਣਾਉਣ 'ਤੇ ਜਿਥੇ ਕਾਂਗਰਸ ਹਾਈ ਕਮਾਂਡ ਦਾ ਧੰਨਵਾਦ ਕੀਤਾ ਉਥੇ ਹੀ ਚਰਨਜੀਤ ਸਿੰਘ ਚੰਨੀ ਨੂੰ ਸਾਰੇ ਵਰਕਰਾਂ ਵੱਲੋਂ ਵਧਾਈ ਦਿੱਤੀਆਂ। ਇਸ ਮੌਕੇ ਪ੍ਰਧਾਨ ਦਰਸ਼ਨ ਸਿੰਘ ਕਰਵਲ, ਭੁਪਿੰਦਰ ਸਿੰਘ ਭਿੰਦਾ ਕੌਂਸਲਰ ਚੇਅਰਮੈਨ ਦਸ਼ਵਿੰਦਰ ਚਾਂਦ, ਮੁੱਕਦਰ ਲਾਲ ਅਲਾਵਲਪੁਰ, ਅਜੇ ਸਿੰਗਾਰੀ, ਗੁਰਦੀਪ ਸਿੰਘ ਕਾਲਰਾ, ਮੋਨੂ ਚਾਹਲ, ਜੋਗਿੰਦਰਪਾਲ ਕੌਂਸਲਰ, ਜਗਦੀਪ ਢੱਡਾ, ਪਰਮਜੀਤ ਸਿੰਘ ਸੋਢੀ, ਰਣਦੀਪ ਸਿੰਘ ਰਾਣਾ, ਬਲਵੀਰ ਸਿੰਘ ਮੰਡੇਰ, ਸੁਖਵੰਤ ਸਿੰਘ ਸਰਪੰਚ, ਗੁਰਪ੍ਰੀਤ ਸਿੰਘ ਗੋਪੀ, ਰਿੰਟੂ ਅਗਰਵਾਲ, ਸੰਕਰ ਲੇਸੜੀਵਾਲ, ਮਨਜੀਤ ਸਿੰਘ ਕੰਦੋਲਾ, ਸਮੇਤ ਕਾਂਗਰਸ ਵਰਕਰ ਹਾਜ਼ਰ ਹੋਏ।

# ਫਾਲਕਨ ਫਾਊਂਡੇਸ਼ਨ ਸਕੂਲ 'ਚ ਸੱਭਿਆਚਾਰਕ ਸਮਾਗਮ ਕਰਵਾਇਆ



ਸੁਲਤਾਨਪੁਰ ਲੋਧੀ, (ਹਨੀ) ਫਾਲਕਨ ਫਾਊਂਡੇਸ਼ਨ ਸਕੂਲ ਸੁਲਤਾਨਪੁਰ ਲੋਧੀ ਵਿਖੇ ਵਿਸਾਖੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਫਾਲਕਨ ਫਾਊਂਡੇਸ਼ਨ ਸਕੂਲ ਦੇ ਡਾਇਰੈਕਟਰ ਨਵਦੀਪ ਕੌਰ ਢਿੱਲੋਂ ਤੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਿਨ੍ਹਾਂ ਦਾ ਸਟਾਫ਼ ਮੈਂਬਰਾਂ ਤੇ ਵਿਦਿਆਰਥੀਆਂ ਵਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ। ਇਸ ਤੋਂ ਇਲਾਵਾ ਵਿਸ਼ੇਸ਼ ਮਹਿਮਾਨ ਵੱਲੋਂ ਗੁਰਦੀਪ ਕੌਰ, ਪਰਮਜੀਤ ਕੌਰ ,ਹਰੀਨੰਦਰ ਕੌਰ ਸ਼ਾਮਿਲ ਹੋਏ। ਸਕੂਲ ਦੇ ਇੰਚਾਰਜ ਮੈਡਮ ਮੀਰਾਪੁਰੀ ਨੇ ਪਹੁੰਚੇ ਮਹਿਮਾਨਾਂ ਨੂੰ ਜੀ ਆਇਆ ਕਿਹਾ ਅਤੇ ਸਮਾਗਮ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ। ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋਂ ਨੇ ਬੱਚਿਆਂ ਨੂੰ ਅਲੱਗ ਅਲੱਗ ਇਨਾਮ ਦਿੱਤੇ ਤੇ ਹੋਣਹਾਰ ਬੱਚਿਆਂ ਨੂੰ ਸਨਮਾਨਿਤ ਕੀਤਾ। ਸਮਾਗਮ ਦੌਰਾਨ ਵੱਖ ਵੱਖ ਮੁਕਾਬਲੇ ਕਰਵਾਏ ਗਏ। ਮੁਕਾਬਲਿਆਂ 'ਚ ਮਿਸ ਪੰਜਾਬਣ ਨਮਨਜੀਤ ਕੌਰ, ਮਿਸਟਰ ਗਭਰੂ ਜਵਾਨ ਹਰੇਕਮ ਸਿੰਘ, ਬੈਸਟ ਡਰੈਸ ਵਿੱਚੋਂ ਸਾਇਰਾ, ਲੀਜ਼ਾ, ਸੀਰਤ ਕੌਰ, ਸਮਾਇਰਾ ,ਅਰਸਨੂਰ ਕੌਰ, ਜਸਲੀਨ ਕੌਰ, ਜਸਮੀਤ ਕੌਰ, ਸਾਵਿਆ ਜੇਤੂ ਰਹੀਆਂ।ਇਸ ਤੋਂ ਇਲਾਵਾ ਬੈਸਟ ਡਰੈਸ ਲੜਕਿਆਂ ਚੋਂ ਅਗੰਮਪ੍ਰੀਤ ਸਿੰਘ, ਜਸਮੀਤ ਸਿੰਘ, ਅਗੰਮਜੋਤ ਸਿੰਘ, ਅਗਮਵੀਰ ਸਿੰਘ, ਗੁਰਤਾਜ ਸਿੰਘ, ਆਰਬਦੀਪ ਸਿੰਘ, ਬੈਸਟ ਡਾਂਸ ਵਿੱਚੋਂ ਪਹਿਲਾ ਸਥਾਨ ਇਲਨਾਜ, ਦੂਜਾ ਸਥਾਨ ਦਖਸ, ਤੀਜਾ ਸਥਾਨ ਹੁਨਰਪ੍ਰੀਤ ਸਿੰਘ ਨੇ ਹਾਸਲ ਕੀਤਾ। ਸਟੇਜ ਦੀ ਭੂਮਿਕਾ ਮੈਡਮ ਲਵਪ੍ਰੀਤ ਵੱਲੋਂ ਨਿਭਾਈ ਗਈ ਤੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਬਾਰੇ ਜਾਣੂ ਕਰਾਇਆ। ਇਸ ਮੌਕੇ ਮੈਡਮ ਚੰਚਲ, ਮੈਡਮ ਮਮਤਾ, ਮੈਡਮ ਮੋਨਕਾ ਆਦਿ ਸਟਾਫ਼ ਮੈਂਬਰ ਹਾਜਰ ਸਨ।

# ਡਾ. ਬੀ ਆਰ ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ



ਭੋਗਪੁਰ (ਕੁਲਵੀਰ ਸਿੰਘ ਕਾਹਲੋ) ਇਥੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਜੀ ਦਾ ਜਨਮ ਦਿਹਾੜਾ ਭਾਰਤੀ ਜਨਤਾ ਪਾਰਟੀ ਦੇ ਆਗੂ ਮਨਮੀਤ ਸਿੰਘ ਵਿੱਕੀ ਦੀ ਅਗਵਾਈ ਵਿੱਚ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਕੁਲਵਿੰਦਰਜੀਤ ਸਿੰਘ ਐਸਸੀ ਮੋਰਚਾ ਜ਼ਿਲ੍ਹਾ ਪ੍ਰਧਾਨ, ਨਿਧੀ ਤਿਵਾੜੀ ਜ਼ਿਲ੍ਹਾ ਪ੍ਰਧਾਨ ਮਹਿਲਾ ਮੋਰਚਾ ਤੇ ਸਾਥੀਆਂ ਵੱਲੋਂ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦੀ ਤਸਵੀਰ 'ਤੇ ਫੁੱਲ ਮਲਾਵਾਂ ਅਰਪਿਤ ਕੀਤੀਆਂ! ਵਿੱਕੀ ਨੇ ਬਾਬਾ ਸਾਹਿਬ ਜੀ ਦੇ ਜਨਮ ਦਿਨ ਦਿਹਾੜੇ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਬਾਬਾ ਸਾਹਿਬ ਜੀ ਦੇ ਸੰਘਰਸ਼ਮਈ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਦਰਸਾਏ ਮਾਰਗ ਸੰਦੇਸ਼ ਪੜ੍ਹੋ ਲਿਖੋ, ਸੰਗਠਤ ਹੋਵੋ ਅਤੇ ਸੰਘਰਸ਼ ਕਰੋ ਨੂੰ ਆਪਣੇ ਅਮਲੀ ਜੀਵਨ ਵਿਚ ਅਪਨਾਉਣਾ ਚਾਹੀਦਾ ਹੈ! ਇਸ ਮੌਕੇ ਤੇ ਸਰਬਜੀਤ ਗਿੱਲ ਮੰਡਲ ਪ੍ਰਧਾਨ ਭੋਗਪੁਰ, ਵਿਕਰਮਜੀਤ ਸਿੰਘ ਵਿੱਕੀ, ਪੰਕਜ ਪਰਾਸ਼ਰ, ਪਲਵਿੰਦਰ ਸਾਬੀ ਕਠਾਰ,ਪਵਨ ਭੱਟੀ, ਵਿਵੇਕ ਖੰਨਾ, ਸੁਧੀਰ ਸੂਰੀ, ਚਰਨਜੀਤ ਵਾਲੀਆ, ਜਤਿੰਦਰ ਸ਼ਰਮਾ,ਪੂਜਾ ਲੁਹਾਰਾ ਆਦਿ ਹਾਜ਼ਰ ਸਨ।

# ਕੰਧਾਲਾ ਜੱਟਾਂ 'ਚ ਵਿਸਾਖੀ ਦੇ ਸਾਲਾਨਾ ਸਮਾਗਮ ਮਨਾਏ



ਅੱਡਾ ਸਰਾਂ (ਜਸਵੀਰ ਕਾਜਲ)-ਧੰਨ ਧੰਨ ਬਾਬਾ ਬਿਸ਼ਨ ਸਿੰਘ ਜੀ ਹੋਲਾ ਮਹੱਲਾ ਲੰਗਰ ਕਮੇਟੀ ਕੰਧਾਲਾ ਜੱਟਾਂ ਅੱਡਾ ਸਰਾਂ ਵੱਲੋਂ ਸਮੂਹ ਨਗਰ ਨਿਵਾਸੀ , ਇਲਾਕਾ ਨਿਵਾਸੀ ਸੰਗਤਾਂ ਅਤੇ ਪ੍ਰਵਾਸੀ ਪੰਜਾਬੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਦਾ ਸਾਲਾਨਾ ਧਾਰਮਿਕ ਸਮਾਗਮ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸੰਪੰਨ ਹੋਇਆ। 12 ਅਪ੍ਰੈਲ ਨੂੰ ਚਾਰ ਸ਼੍ਰੀ ਆਖੰਡ ਪਾਠ ਸਾਹਿਬ ਆਰੰਭ ਹੋਏ ਜਿਨਾਂ ਦੇ ਭੋਗ ਤੋਂ ਉਪਰੰਤ ਸਜਾਏ ਗਏ ਦੀਵਾਨ ਵਿੱਚ ਭਾਈ ਪ੍ਰਤਾਪ ਸਿੰਘ ਹੜ੍ਹ ਦੇ ਕਵੀਸ਼ਰੀ ਜੱਥੇ ਵੱਲੋਂ ਸੰਗਤਾਂ ਨੂੰ ਕਵੀਸ਼ਰੀ ਨਾਲ ਖ਼ਾਲਸਾ ਸਾਜਨਾ ਦਿਵਸ ਦਾ ਸ਼ਾਨਾਮੱਤਾ ਇਤਿਹਾਸ ਸੁਣਾਇਆ , ਕੁਲਵਿੰਦਰ ਸਿੰਘ ਸੋਨੀ ਨੇ ਇੱਕ ਧਾਰਮਿਕ ਕਵਿਤਾ ਨਾਲ ਸੰਗਤਾਂ ਨੂੰ ਜੋੜਿਆ ਅਤੇ ਭਾਈ ਦਾਤਾਰ ਸਿੰਘ ਦਾਤਾ ਨੇ ਖ਼ਾਲਸਾ ਸਾਜਨਾ ਦਿਵਸ ਦੀ ਇੱਕ ਧਾਰਮਿਕ ਕਵਿਤਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਹਜ਼ਾਰਾਂ ਸੰਗਤਾਂ ਨੇ ਗੁਰੂ ਦਾ ਲੰਗਰ ਛਕਿਆ। ਇਸ ਮੌਕੇ ਬਾਬਾ ਅਵਤਾਰ ਸਿੰਘ ਹੈੱਡ ਗ੍ਰੰਥੀ , ਬਾਬਾ ਰਣਜੀਤ ਸਿੰਘ ਹੈੱਡ ਗ੍ਰੰਥੀ , ਪ੍ਰਧਾਨ ਮਹਿੰਦਰ ਸਿੰਘ , ਕੁਲਵੰਤ ਸਿੰਘ , ਗੁਰਵਿੰਦਰ ਸਿੰਘ ਗਿੱਤਾ, ਬਲਜੀਤ ਸਿੰਘ ਬੱਲੂ , ਇੰਦਰਜੀਤ ਸਿੰਘ ਧਾਲੀਵਾਲ , ਮਨਜੀਤ ਸਿੰਘ ਸੈਕਟਰੀ , ਮਨਜੀਤ ਸਿੰਘ ਧਾਲੀਵਾਲ , ਰੇਸ਼ਮ ਸਿੰਘ , ਜਸਵੀਰ ਸਿੰਘ ਸ਼ੀਰਾ , ਜਸਪਾਲ ਸਿੰਘ ਭੱਟੀ, ਸੁਖਵਿੰਦਰ ਸਿੰਘ ਸੁੱਖੂ , ਆਗਿਆ ਸਿੰਘ , ਕੁਲਵਿੰਦਰ ਸਿੰਘ ਸੋਨੀ , ਪਰਮਜੀਤ ਸਿੰਘ , ਅਮਰੀਕ ਸਿੰਘ ਬੱਬੂ , ਜੀਤਾ , ਕਾਕਾ , ਮਨਰਾਜ ਸਿੰਘ , ਪ੍ਰਭਸਿਮਰਤ ਸਿੰਘ , ਨਵਲ ਕਿਸ਼ੋਰ , ਹਰਨੂਰ ਅਤੇ ਹੋਰ ਸੰਗਤਾਂ ਹਾਜ਼ਰ ਸਨ।

# ਦੁਕਾਨਦਾਰਾਂ ਨੂੰ ਮਿਆਰੀ ਖਾਧ-ਪਦਾਰਥ ਵੇਚਣ ਦੀ ਹਦਾਇਤ

ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ) ਕਮਿਸ਼ਨਰ ਫੂਡ ਅਤੇ ਡਰੱਗ ਪੰਜਾਬ ਦੇ ਹੁਕਮਾਂ ਤਹਿਤ ਮਾਣਯੋਗ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ- ਨਿਰਦੇਸ਼ਾਂ ਅਨੁਸਾਰ ਫੂਡ ਸੇਫਟੀ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸਪੈਸ਼ਲ ਮੁਹਿੰਮ ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਨਵਰਾਤਿਆਂ ਦੇ ਤਿਓਹਾਰ ਦੇ ਸੰਬੰਧ ਵਿੱਚ ਦੁਕਾਨਾਂ ਦੀ ਚੈਕਿੰਗ ਕੀਤੀ ਗਈ।ਇਸ ਚੈਕਿੰਗ ਦੌਰਾਨ ਨਵਰਾਤਿਆਂ ਦੇ ਤਿਓਹਾਰਾਂ ਵਿੱਚ ਵੇਚੇ ਜਾਣ ਵਾਲੇ ਖਾਣ-ਪੀਣ ਦੇ ਸਮਾਨ ਜਿਵੇਂ ਕਿ ਕੱਟੂ ਦਾ ਆਟਾ, ਸਵਾਂਕ, ਸਾਬੂਤ ਦਾਣਾ, ਵਰਤ ਦੇ ਲੱਡੂ ਆਦਿ ਦੀ ਜਾਂਚ ਕੀਤੀ ਗਈ ਅਤੇ ਦੁਕਾਨਦਾਰਾਂ ਨੂੰ ਸਾਫ-ਸੁਥਰਾ ਅਤੇ ਮਿਆਰੀ ਖਾਧ ਪਦਾਰਥ ਵੇਚਣ ਦੀ ਹਦਾਇਤ ਕੀਤੀ ਗਈ।ਇਸ ਦੇ ਨਾਲ ਹੀ ਦੁਕਾਨਦਾਰਾਂ ਨੂੰ ਫੂਡ ਸੇਫਟੀ ਐਕਟ ਅਧੀਨ ਆਪਣਾ ਲਾਇਸੰਸ ਬਣਵਾਉਣ ਲਈ ਵੀ ਦਿਸ਼ਾਂ-ਨਿਰਦੇਸ਼ ਜਾਰੀ ਕੀਤੇ ਗਏ।ਚੈਕਿੰਗ ਦੌਰਾਨ ਚਾਰ ਸੈਂਪਲ ਵੀ ਲਏ ਗਏ ਅਤੇ ਜਾਂਚ ਲਈ ਸਟੇਟ ਫੂਡ ਲੈਬ ਨੂੰ ਭੇਜੇ ਗਏ, ਜਿਨ੍ਹਾਂ ਦੀ ਰਿਪੋਰਟ ਆਉਣ *ਤੇ ਐਕਟ ਮੁਤਾਬਿਕ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਇਸ ਤੋਂ ਇਲਾਵਾ ਟੀਮ ਵੱਲੋਂ ਦੁਕਾਨਦਾਰਾਂ ਨੂੰ ਖਾਣ-ਪੀਣ ਵਾਲੇ ਸਮਾਨ ਦੀ ਐਕਸਪਾਇਰੀ ਡੇਟ ਦਾ ਧਿਆਨ ਰੱਖ ਕੇ ਲੋਕਾਂ ਨੂੰ ਸਮਾਨ ਵੇਚਣ ਲਈ ਹਦਾਇਤ ਕੀਤੀ ਗਈ, ਤਾਂ ਜੋ ਉਨ੍ਹਾਂ ਨੂੰ ਸਹੀ ਅਤੇ ਗੁਣਵੱਤਾ ਵਾਲਾ ਭੋਜਨ ਉਪਲੱਬਧ ਕਰਵਾਇਆ ਜਾ ਸਕੇ।

# ਪਿੰਡਾਂ 'ਚ ਗੁਰਮਤਿ ਕੈਂਪ ਲਗਾਏ ਜਾਣਗੇ



ਨਵਾਂਸ਼ਹਿਰ (ਮਨੋਜ ਲਾਡੀ )- ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਪ੍ਰਚਾਰ ਕੇਂਦਰ ਗੁਜਰਪੁਰ ਦੀ ਪ੍ਰਬੰਧਕ ਕਮੇਟੀ ਦੀ ਮਹੀਨਾਵਾਰੀ ਮੀਟਿੰਗ ਕੀਤੀ ਗਈ ਜਿਸ ਵਿੱਚ ਜਿਸ ਵਿੱਚ ਹਰ ਸਾਲ ਦੀ ਤਰ੍ਹਾਂ ਸਕੂਲਾਂ , ਕਾਲਜਾਂ ਅਤੇ ਪਿੰਡਾਂ ਵਿੱਚ ਗੁਰਮਤਿ ਕੈਂਪ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ।ਜਿਸ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਜਾਵੇਗਾ ਸਮਾਜਿਕ ਨੈਤਿਕ ਕਦਰਾਂ ਕੀਮਤਾਂ, ਵਹਿਮਾਂ -ਭਰਮਾਂ, ਇਤਿਹਾਸ, ਗੁਰਬਾਣੀ ਅਤੇ ਹੋਰ ਨਰੋਏ ਸਮਾਜ ਦੀ ਸਿਰਜਣਾ ਲਈ ਜਾਗਰੂਕ ਕੀਤਾ ਜਾਵੇਗਾ ਅਤੇ ਫਰੀ ਲਿਟਰੇਚਰ ਵੀ ਵੰਡਿਆ ਜਾਵੇਗਾ। ਕੈਂਪ ਦੇ ਹਰ ਆਖ਼ਰੀ ਦਿਨ ਵਿਦਿਆਰਥੀਆਂ ਦਾ ਇੱਕ ਪੇਪਰ ਲਿਆ ਜਾਵੇਗਾ ਜਿਹੜੇ ਵਿਦਿਆਰਥੀ ਚੰਗੇ ਨੰਬਰ ਲੈਣਗੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਹ ਕੈਂਪ ਮਈ ਅਤੇ ਜੂਨ ਦੋ ਮਹੀਨੇ ਚੱਲਣਗੇ ।ਇੱਕ ਕੈਂਪ ਪੰਜ ਦਿਨ ਦਾ ਹੋਵੇਗਾ ।ਕੈਂਪਾਂ ਦੀ ਸੇਵਾ ਦਾ ਪ੍ਰਬੰਧ ਕਰਨ ਲਈ ਪ੍ਰਚਾਰਕ ਸਿਮਰਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ ਦੀ ਡਿਊਟੀ ਲਗਾਈ ਗਈ ਹੈ।ਮੀਟਿੰਗ ਵਿੱਚ ਭਾਈ ਜਰਨੈਲ ਸਿੰਘ ਨਵਾਂਸ਼ਹਿਰ, ਗੁਰਮੀਤ ਸਿੰਘ ਤੇ ਹਰਮੀਤ ਸਿੰਘ ਗੁਜਰ ਪੁਰ ਅਤੇ ਗੁਰਨੇਕ ਸਿੰਘ ਚੂਹੜ ਪੁਰ ਹਾਜ਼ਰ ਸਨ।



ਬੰਗਾ ਵਿਖੇ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਦੀ ਅਗਵਾਈ ਹੇਠ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਮਨਾਇਆ ਗਿਆ। (ਫੋਟੋ ਤੇ ਵੇਰਵਾ : ਅਵਤਾਰ ਕਲੇਰ, ਬੰਗਾ)



ਫਿਲੌਰ ਵਿਖੇ ਡਾ. ਭੀਮ ਰਾਉ ਅਬੇਡਕਰ ਦੇ ਜਨਮ ਦਿਨ ਮੌਕੇ ਫੁੱਲਮਾਲਾਵਾਂ ਭੇਟ ਕਰਦੇ ਹੋਏ ਕੌਂਸਲਰ ਰਾਜੇਸ਼, ਰੋਕਸੀ ਕੌਂਸਲਰ, ਰਾਕੇਸ਼ ਕਾਲੀਆ ਕੌਂਸਲਰ, ਸ਼ੰਕਰ ਸੰਧੂ ਰਾਏ, ਵਰਿੰਦਰ, ਹਰਮੇਸ਼ ਕਨੌਜੀਆ ਤੇ ਹੋਰ ।(ਫੋਟੋ ਤੇ ਵੇਰਵਾ : ਬੀ ਐੱਸ ਕੈਨੇਡੀ)

# ਸੰਵਿਧਾਨ ਬਚਾਓ, ਲੋਕਤੰਤਰ ਬਚਾਓ, ਦੇਸ਼ ਬਚਾਓ, ਭਾਜਪਾ ਨੂੰ ਹਰਾਓ : ਨਾਹਰ, ਨੂਰਪੁਰੀ



ਜਲੰਧਰ (ਰਾਜੇਸ਼ ਥਾਪਾ)-ਦਿਹਾਤੀ ਮਜ਼ਦੂਰ ਸਭਾ ਤਹਿਸੀਲ ਜਲੰਧਰ ਵਲੋਂ ਡਾਕਟਰ ਭੀਮ ਰਾਓ ਅੰਬੇਦਕਰ ਦੀ ਜੈਯੰਤੀ ਲੋਕਾਂ ਨੂੰ ਸੰਵਿਧਾਨ ਪ੍ਰਤੀ ਜਾਗਰੂਕ ਕਰਨ ਅਤੇ ਰਾਖੀ ਕਰਨ ਲਈ ਪਿੰਡ ਜਮਸ਼ੇਰ ਖਾਸ ਵਿੱਚ ਭਜਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਮਨਾਈ ਗਈ। ਇਸ ਮੌਕੇ ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ ਨੇ ਕਿਹਾ ਕਿ ਬਾਵਾ ਸਾਹਿਬ ਇੱਕ ਗਰੀਬ ਪਰਵਾਰ ਵਿੱਚ ਉਸ ਸਮੇਂ ਪੈਦਾ ਹੋਏ ਜਦੋਂ ਗਰੀਬਾਂ ਨਾਲ ਬਹੁਤ ਨਫਰਤ ਕੀਤੀ ਜਾਂਦੀ ਸੀ ਇਨ੍ਹਾਂ ਨੂੰ ਪੜ੍ਹਨ, ਜ਼ਮੀਨ ਖਰੀਦਣ, ਖੂਹਾਂ ਤੋਂ ਪਾਣੀ ਪੀਣ ਦੀ ਮਨਾਹੀ ਅਤੇ ਮੰਦਰਾਂ ਵਿੱਚ ਜਾਣ ਦੀ ਆਗਿਆ ਨਹੀਂ ਸੀ। ਡਾਕਟਰ ਭੀਮ ਰਾਓ ਅੰਬੇਦਕਰ ਨੇ ਉਨ੍ਹਾਂ ਹਾਲਾਤਾਂ ਵਿੱਚ ਰਹਿੰਦੇ ਹੋਏ ਪੜ੍ਹਾਈ ਕੀਤੀ ਅਤੇ ਇਸ ਛੂਆਛਾਤ ਖਿਲਾਫ ਸੰਘਰਸ਼ ਕੀਤਾ। ਸਾਥੀ ਨਾਹਰ ਨੇ ਕਿਹਾ ਕਿ ਮੋਦੀ ਸਰਕਾਰ ਮਨੂ ਸਿਮਰਤੀ ਲਾਗੂ ਕਰਕੇ ਦਲਿਤਾਂ ਅਤੇ ਗਰੀਬਾਂ ਨੂੰ ਮਿਲੇ ਅਧਿਕਾਰਾਂ ਤੋਂ ਵਾਂਝੇ ਕਰਨਾ ਚਾਹੁੰਦੀ ਹੈ। ਪਾਰਲੀਮੈਂਟ ਵਿੱਚ ਚੋਣਾਂ ਵਿੱਚ ਭਾਜਪਾ ਨੂੰ ਹਰਾਓਣ ਰਾਤ ਦਿਨ ਇੱਕ ਕਰ ਦਿਓ ਇਹ ਹੀ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਸਭਾ ਦੇ ਸੂਬਾ ਪ੍ਰੈੱਸ ਸਕੱਤਰ ਬਲਦੇਵ ਸਿੰਘ ਨੂਰਪੁਰੀ ਨੇ ਬੋਲਦਿਆਂ ਕਿਹਾ ਕਿ ਮੋਦੀ ਸਰਕਾਰ ਵਲੋਂ ਜਿਥੇ ਸੰਵਿਧਾਨ ਨੂੰ ਬਦਲ ਕੇ ਲੋਕਾਂ ਨੂੰ ਮਿਲੇ ਅਧਿਕਾਰਾਂ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਉਥੇ ਦੇਸ਼ ਦੇ ਕੁਦਰਤੀ ਸੋਮਿਆਂ ਅਤੇ ਪਬਲਿਕ ਸੈਕਟਰ ਦੇ ਅਦਾਰਿਆਂ ਰੇਲਵੇ, ਏਅਰਪੋਰਟ, ਆਦਿ ਕਾਰਪੋਰੇਟ ਘਰਾਣਿਆਂ ਕੋਲ ਵੇਚਿਆ ਜਾ ਰਿਹਾ ਹੈ। ਸਾਥੀ ਨੂਰਪੁਰੀ ਨੇ ਕਿਹਾ ਕਿ ਮਜ਼ਦੂਰਾਂ ਨੇ ਸੰਘਰਸ਼ਾਂ ਨਾਲ ਬਣਵਾਏ ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਕੇ ਮਜ਼ਦੂਰਾਂ ਹੱਕਾਂ ਤੋਂ ਵਾਂਝੇ ਕੀਤਾ ਗਿਆ ਹੈ ਅਤੇ 8 ਘੰਟੇ ਦੀ ਦਿਹਾੜੀ ਨੂੰ 12 ਘੰਟੇ ਕਰਨ ਦਾ ਫੈਸਲਾ ਕਰਕੇ ਮਜ਼ਦੂਰ ਜਮਾਤ ਨਾਲ ਧ੍ਰੋਹ ਕਮਾਇਆ ਹੈ। ਮੋਦੀ ਸਰਕਾਰ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਕੇ ਵਿਰੋਧੀ ਧਿਰ ਦੇ ਆਗੂਆਂ ਡਰਾ ਧਮਕਾ ਕੇ ਭਾਜਪਾ ਵਿੱਚ ਸ਼ਾਮਲ ਵੀ ਕਰਵਾ ਰਹੀ ਹੈ ਅਤੇ ਨਾਂ ਮੰਨਣ ਵਾਲਿਆਂ ਉਪਰ ਕੇਸ ਦਰਜ ਕਰਵਾ ਰਹੀ ਹੈ। ਸਾਥੀ ਨੂਰਪੁਰੀ ਨੇ ਦੱਸਿਆ ਕਿ ਦਿਹਾਤੀ ਮਜ਼ਦੂਰ ਸਭਾ ਨੇ ਇਹ ਫੈਸਲਾ ਕੀਤਾ ਹੈ ਕਿ ਸੰਵਿਧਾਨ ਬਚਾਓ ,ਲੋਕਤੰਤਰ ਬਚਾਓ ਅਤੇ ਦੇਸ਼ ਬਚਾਉਣ ਲਈ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਜਾਗਰੂਕ ਕਰਕੇ ਪੰਜਾਬ ਅਤੇ ਦੇਸ਼ ਦੇ ਭਲੇ ਲਈ ਮੋਦੀ ਅਤੇ ਉਸ ਦੇ ਹਮਾਇਤੀਆਂ ਨੂੰ ਹਰਾਉਣ ਲਈ ਪੂਰੀ ਵਾਹ ਲਾ ਦੇਣ। ਇਸ ਮੌਕੇ ਬਲਾਕ ਸੰਮਤੀ ਪੂਰਬੀ ਜਲੰਧਰ ਦੇ ਚੇਅਰਮੈਨ ਗਿਆਨ ਚੰਦ ਜਮਸ਼ੇਰ ਨੇ ਡਾ ਬੀ ਆਰ ਅੰਬੇਡਕਰ ਦੀ ਜੀਵਨੀ ਤੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਜਮਸ਼ੇਰ ਏਰੀਆ ਕਮੇਟੀ ਦੀ ਚੋਣ ਕੀਤੀ ਗਈ ਜਿਸ ਵਿੱਚ ਭਜਨ ਸਿੰਘ ਜਮਸ਼ੇਰ ਪ੍ਰਧਾਨ, ਦੇਸ ਰਾਜ ਆਲੀ ਚੱਕ ਮੀਤ ਪ੍ਰਧਾਨ, ਬਲਰਾਮ ਬਿੱਟੂ ਖਾਂਬਰਾ ਸਕੱਤਰ, ਬਲਜੀਤ ਕੌਰ ਜੁਆਇੰਟ ਸਕੱਤਰ ਅਤੇ ਰਾਕੇਸ਼ ਚਿਤੇਵਾਨੀ ਖ਼ਜ਼ਾਨਚੀ ਚੁਣੇ ਗਏ ਅਤੇ ਦੋ ਸੀਟਾਂ ਖਾਲੀ ਰੱਖੀਆਂ ਗਈਆਂ।

# ਵੁੱਡਬਰੀ ਸਕੂਲ 'ਚ ਵਿਸਾਖੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ




ਭੋਗਪੁਰ (ਕੁਲਵੀਰ ਸਿੰਘ ਕਾਹਲੋਂ) ਵੁੱਡਬਰੀ ਸਕੂਲ ਵੱਲੋਂ ਹਰ ਤਿਉਹਾਰ ਧੂਮਧਾਮ ਨਾਲ ਮਨਾਇਆ ਜਾਂਦਾ ਹੈ ਤਾਂ ਜੋ ਵਿਦਿਆਰਥੀ ਤਿਉਹਾਰ ਦੀ ਮਹੱਤਤਾ ਤੋਂ ਜਾਣੂ ਹੋ ਸਕਣ। ਇਸ ਪਰੰਪਰਾ ਨੂੰ ਜਾਰੀ ਰੱਖਦਿਆਂ ਵੁੱਡਬਰੀ ਸਕੂਲ ਵਿੱਚ ਡਾਇਰੈਕਟਰ ਮਿਸ ਮਨਜਿੰਦਰ ਕੌਰ ਦੀ ਅਗਵਾਈ 'ਚ ਵਿਸਾਖੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ 'ਚ ਪ੍ਰੀ-ਨਰਸਰੀ ਤੋਂ ਲੈ ਕੇ 5ਵੀਂ ਜਮਾਤ ਦੇ ਵਿਦਿਆਰਥੀ ਪੰਜਾਬੀ ਪਹਿਰਾਵੇ 'ਚ ਸਕੂਲ ਆਏ। ਇਸ ਮੌਕੇ ਛੇਵੀਂ ਤੋਂ 10ਵੀਂ ਤੱਕ ਦੇ ਵਿਦਿਆਰਥੀਆਂ ਦੇ ਲੇਖ ਪ੍ਰਤੀਯੋਗਤਾ ,ਗਿੱਧਾ, ਭੰਗੜਾ ਆਦਿ ਦੇ ਮੁਕਾਬਲੇ ਕਰਵਾਏ ਗਏ, ਜਿਸ 'ਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਡਾਇਰੈਕਟਰ ਨੇ ਵਿਸਾਖੀ ਦੇ ਤਿਉਹਾਰ ਦਾ ਇਤਿਹਾਸ ਤੇ ਮਹੱਤਵ ਦੱਸਦਿਆਂ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਲਾਇਨ ਗੁਰਦੀਪ ਸਿੰਘ ਕੰਗ ਦੀ ਅਗਵਾਈ 'ਚ ਰਾਸ਼ਨ ਵੰਡ ਸਮਾਗਮ



ਫਗਵਾੜਾ (ਜਸਵਿੰਦਰ ਢੱਡਾ)- ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਮਨੁੱਖਤਾਵਾਦੀ) ਲਾਇਨ ਗੁਰਦੀਪ ਸਿੰਘ ਕੰਗ ਅਤੇ ਬਾਬਾ ਬਾਲਕ ਨਾਥ ਸੇਵਾ ਸੁਸਾਇਟੀ ਦੇ ਸਾਂਝੇ ਉਪਰਾਲੇ ਸਦਕਾ 74ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਸ਼ਿਵ ਸ਼ਕਤੀ ਮਾਤਾ ਮੰਦਰ ਜੋਸ਼ੀਆਂ ਮੁਹੱਲਾ ਫਗਵਾੜਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਵਾਈਸ ਡਿਸਟ੍ਰਿਕਟ ਗਵਰਨਰ-1 ਲਾਇਨ ਵੀ.ਐਮ. ਗੋਇਲ ਅਤੇ ਲਾਇਨ ਚਰਨਜੀਤ ਸਿੰਘ ਬਟਾਲਾ ਨੇ ਸ਼ਿਰਕਤ ਕੀਤੀ। ਜਦਕਿ ਰਾਮਚੰਦਰ ਸਖੂਜਾ ਗੈਸਟ ਆਫ ਆਨਰ ਵਜੋਂ ਹਾਜ਼ਰ ਹੋਏ। ਇਸ ਤੋਂ ਇਲਾਵਾ ਬਾਬਾ ਬਾਲਕ ਨਾਥ ਸੇਵਾ ਸੰਮਤੀ ਦੇ ਸਰਪਰਸਤ ਧਰਮਪਾਲ ਨਿਸ਼ਚਲ, ਸਮਾਜ ਸੇਵਕ ਐਸ.ਪੀ. ਬਸਰਾ, ਸਰਬ ਨੌਜਵਾਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ, ਮਹਿਲਾ ਆਪ ਆਗੂ ਪ੍ਰਿਤਪਾਲ ਕੌਰ ਤੁਲੀ ਅਤੇ ਟਰਾਂਸਪੋਰਟ ਸੈੱਲ ਦੇ ਕੋਆਰਡੀਨੇਟਰ ਗੁਰਦੀਪ ਸਿੰਘ ਤੁਲੀ, ਕੇ.ਐਲ. ਚੰਦ ਵੈਲਫੇਅਰ ਟਰੱਸਟ ਦੇ ਸੂਬਾ ਕੋਆਰਡੀਨੇਟਰ ਰਜਿੰਦਰ ਕੁਮਾਰ ਬੰਟੀ, ਜਲ ਸੇਵਾ ਕਮੇਟੀ ਦੇ ਪ੍ਰਧਾਨ ਵਿਪਨ ਖੁਰਾਣਾ, ਪੰਜਾਬ ਪ੍ਰਦੇਸ਼ ਧਾਰਮਿਕ ਕਮੇਟੀ ਦੇ ਪ੍ਰਧਾਨ ਮਨੀਸ਼ ਕਨੌਜੀਆ ਤੇ ਸਮਾਜ ਸੇਵਕ ਬਹਾਦਰ ਸਿੰਘ ਸੰਗਤਪੁਰ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ। ਮੁੱਖ ਮਹਿਮਾਨ ਲਾਇਨ ਵੀ.ਐਮ. ਗੋਇਲ ਨੇ 20 ਲੋੜਵੰਦ ਔਰਤਾਂ ਨੂੰ ਇੱਕ ਮਹੀਨੇ ਦਾ ਰਾਸ਼ਨ ਵੰਡਦਿਆਂ ਲਾਇਨ ਗੁਰਦੀਪ ਸਿੰਘ ਕੰਗ ਅਤੇ ਬਾਬਾ ਬਾਲਕ ਨਾਥ ਸੇਵਾ ਸੁਸਾਇਟੀ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਲਾਇਨ ਗੁਰਦੀਪ ਸਿਨ ਕੰਗ ਡਿਸਟ੍ਰਿਕਟ 321-ਡੀ ਦੇ ਬਹੁਤ ਹੀ ਸਰਗਰਮ ਮੈਂਬਰ ਹਨ, ਜੋ ਹਮੇਸ਼ਾ ਹੀ ਕਲੱਬ ਦੇ ਸਮਾਜ ਸੇਵੀ ਕੰਮਾਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਂਦੇ ਹਨ। ਸਮਾਜ ਸੇਵਕ ਰਾਮਚੰਦਰ ਸਖੂਜਾ, ਐੱਸ.ਪੀ. ਬਸਰਾ, ਐਂਟੀ ਕੁਰੱਪਸ਼ਨ ਫੋਰਮ ਜ਼ਿਲ੍ਹਾ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਚੰਦਰ ਸ਼ੇਖਰ ਖੁੱਲਰ ਤੋਂ ਇਲਾਵਾ ਮਾਸਟਰ ਵਰਿੰਦਰ ਸਿੰਘ ਕੰਬੋਜ ਨੇ ਸਟੇਜ ਸੰਚਾਲਨ ਕਰਦਿਆਂ ਗੁਰਦੀਪ ਸਿੰਘ ਕੰਗ ਅਤੇ ਬਾਬਾ ਬਾਲਕ ਨਾਥ ਸੇਵਾ ਸੁਸਾਇਟੀ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਆਰਥਿਕ ਤੰਗੀ ਦੇ ਸ਼ਿਕਾਰ, ਬਿਮਾਰਾਂ ਅਤੇ ਬਜ਼ੁਰਗਾਂ ਦੀ ਸੇਵਾ ਕਰਨਾ ਸਮਾਜ ਦੇ ਸਾਰੇ ਯੋਗ ਵਿਅਕਤੀਆਂ ਦਾ ਫਰਜ਼ ਹੈ। ਹਰੇਕ ਵਿਅਕਤੀ ਨੂੰ ਆਪਣੀ ਚੰਗੀ ਕਮਾਈ ਵਿੱਚੋਂ ਕੁਝ ਪੈਸਾ ਲੋੜਵੰਦਾਂ ਦੀ ਮਦਦ ਲਈ ਜ਼ਰੂਰ ਖਰਚ ਕਰਨਾ ਚਾਹੀਦਾ ਹੈ। ਸੁਸਾਇਟੀ ਦੇ ਪ੍ਰਧਾਨ ਗੁਰਦੀਪ ਸਿੰਘ ਕੰਗ ਨੇ ਰਾਮਚੰਦਰ ਸਖੂਜਾ ਸਮੇਤ ਸਮੂਹ ਪਤਵੰਤਿਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਮੁੱਖ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਲਾਇਨਜ਼ ਕਲੱਬ ਫਗਵਾੜਾ ਸਿਟੀ ਦੇ ਸਕੱਤਰ ਲਾਇਨ ਸੰਜੀਵ ਲਾਂਬਾ, ਪੀ.ਆਰ.ਓ. ਲਾਇਨ ਸੁਮਿਤ ਭੰਡਾਰੀ, ਲਾਇਨ ਦਿਨੇਸ਼ ਖਰਬੰਦਾ, ਲਾਇਨ ਪਵਨ ਚਾਵਲਾ, ਲਾਇਨ ਵਿਪਨ ਸ਼ਰਮਾ, ਲਾਇਨ ਬਲਵਿੰਦਰ ਸਿੰਘ, ਲਾਇਨ ਚਮਨ ਲਾਲ ਜ਼ੋਨ ਚੇਅਰਮੈਨ, ਸ਼ਿਵ ਸ਼ਕਤੀ ਮਾਤਾ ਮੰਦਰ ਕਮੇਟੀ ਦੇ ਪ੍ਰਧਾਨ ਚੰਚਲ ਸੇਠ, ਖਜ਼ਾਨਚੀ ਕਿੱਟੀ ਬਸਰਾ ਤੋਂ ਇਲਾਵਾ ਕਾਂਗਰਸੀ ਆਗੂ ਸੁਮਨ ਸ਼ਰਮਾ, ਵੀਨਾ ਸ਼ਰਮਾ, ਅਸ਼ੋਕ ਬੱਤਰਾ, ਪ੍ਰਮੋਦ ਜੋਸ਼ੀ, ਰਮੇਸ਼ ਸ਼ਿੰਗਾਰੀ, ਹੈਪੀ ਮਲ੍ਹਨ, ਸਵਰਨ ਸਿੰਘ, ਮੁਕੇਸ਼ ਡੰਗ, ਵਿਨੈ ਕੁਮਾਰ ਬਿੱਟੂ, ਆਸ਼ੂ ਕਰਵਲ, ਲਾਇਨ ਸਤਿੰਦਰ ਸਿੰਘ ਭਮਰਾ, ਸੰਜੀਵ ਸੂਰੀ, ਅਜੇ ਕੁਮਾਰ, ਸ਼ਸ਼ੀ ਕਾਲੀਆ, ਅਨੂਪ ਦੁੱਗਲ ਆਦਿ ਹਾਜ਼ਰ ਸਨ।

# ਖਾਲਸਾ ਸਾਜਨਾ ਦਿਵਸ ਮੌਕੇ ਗੱਤਕਾ ਮੁਕਾਬਲੇ ਕਰਵਾਏ




ਮੋਹਾਲੀ (ਗੁਰਜੀਤ ਬਿੱਲਾ) ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਪੂਰੇ ਦੇਸ਼ ਦੁਨੀਆ ਅੰਦਰ ਬਹੁਤ ਧੂਮਧਾਮ ਅਤੇ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਜ਼ਿਲ੍ਹਾ ਗੱਤਕਾ ਐਸੋਸੀਏਸ਼ਨ ਮੋਹਾਲੀ (ਰਜਿ) ਵੱਲੋਂ ਪੰਜਾਬ ਗਤਕਾ ਐਸੋਸੀਏਸ਼ਨ ਅਤੇ ਖਾਲਸਾ ਅਕਾਲ ਪੁਰਖ ਕੀ ਫੌਜ ਗੱਤਕਾ ਅਖਾੜਾ ਕੁਰਾਲੀ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਅੰਬ ਸਾਹਿਬ ਫੇਜ਼ ਅੱਠ ਮੋਹਾਲੀ ਵਿਖੇ ਵਿਰਸਾ ਸੰਭਾਲ ਗਤਕਾ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਪੰਜਾਬ ਭਰ ਤੋਂ ਚੋਟੀ ਦੀਆਂ 12 ਟੀਮਾਂ ਨੇ ਸ਼ਮੂਲੀਅਤ ਕੀਤੀ। ਇਹਨਾਂ ਮੁਕਾਬਲਿਆਂ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਐਸੋਸੀਏਸ਼ਨ ਦੇ ਪ੍ਰਧਾਨ ਅਕਵਿੰਦਰ ਸਿੰਘ ਗੋਸਲ ਅਤੇ ਜਨਰਲ ਸਕੱਤਰ ਦਵਿੰਦਰ ਸਿੰਘ ਜੁਗਨੀ ਨੇ ਦੱਸਿਆ ਕਿ ਇਹ ਮੁਕਾਬਲੇ ਸ਼ਾਮੀ 4 ਵਜੇ ਗੁਰਦੁਆਰਾ ਸ੍ਰੀ ਸਾਚਾ ਧੰਨ ਸਾਹਿਬ 3 ਬੀ 1 ਮੋਹਾਲੀ ਤੋਂ ਪ੍ਰਧਾਨ ਗਗਨਦੀਪ ਸਿੰਘ ਦੀ ਅਗਵਾਈ ਹੇਠ ਮਹੱਲਾ ਸਜਾਇਆ ਗਿਆ, ਜੋ ਕਿ ਪੰਜ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਹੇਠ ਗੁਰਦੁਵਾਰਾ ਸ੍ਰੀ ਅੰਬ ਸਾਹਿਬ ਮੋਹਾਲੀ ਗਤਕਾ ਮੁਕਾਬਲਿਆਂ ਦੀ ਗਰਾਊਂਡ ਵਿੱਚ ਸੰਪੂਰਨ ਹੋਇਆ ਅਤੇ ਫਿਰ ਦੇਰ ਰਾਤ ਤੱਕ ਗਤਕਾ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵੱਖ-ਵੱਖ ਅਖਾੜਿਆਂ ਦੇ ਸਿੰਘਾਂ ਨੇ ਜੰਗਜੂ ਕਲਾ ਦੇ ਕਰਤਵ ਦਿਖਾਏ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਨੇ ਸ਼ਾਸਤਰ ਵਿਦਿਆ ਦਾ ਅਨੰਦ ਮਾਣਿਆ। ਸਿੰਘਾਂ ਦੀ ਹੌਸਲਾ ਅਫਜਾਈ ਲਈ ਪੰਜਾਬ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਡਾਕਟਰ ਰਜਿੰਦਰ ਸਿੰਘ ਸੋਹਲ ਅਤੇ ਜਨਰਲ ਸਕੱਤਰ ਬਲਜਿੰਦਰ ਸਿੰਘ ਤੂਰ, ਪੰਜਾਬੀ ਹਾਸਰਸ ਕਲਾਕਾਰ ਗੁਰਪ੍ਰੀਤ ਘੁੱਗੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪੰਜਾਬ ਗਤਕਾ ਐਸੋਸੀਏਸ਼ਨ ਦੇ ਜਨਰਲ ਸਕੱਤਰ ਬਲਜਿੰਦਰ ਸਿੰਘ ਤੂਰ ਨੇ ਆਈ ਹੋਈ ਸੰਗਤ ਨੂੰ ਗਤਕੇ ਦੇ ਭਵਿੱਖ ਬਾਰੇ ਅਤੇ ਮੌਜੂਦਾ ਚੱਲ ਰਹੇ ਕੰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਪੰਜਾਬੀ ਹਾਸ ਰਸ ਕਲਾਕਾਰ ਗੁਰਪ੍ਰੀਤ ਸਿੰਘ ਘੁੱਗੀ ਨੇ ਸਿੱਖ ਇਤਿਹਾਸ ਵਿੱਚ ਸ਼ਾਸਤਰ ਵਿੱਦਿਆ ਦੇ ਅਹਿਮ ਯੋਗਦਾਨ ਅਤੇ ਸਿੱਖੀ ਸਿਧਾਂਤਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਜ਼ਿਲ੍ਹਾ ਗਤਕਾ ਐਸੋਸੀਏਸ਼ਨ ਵੱਲੋਂ ਮੋਹਾਲੀ ਜ਼ਿਲ੍ਹੇ ਦਾ ਨਾਂਅ ਪੂਰੇ ਦੇਸ਼ ਵਿੱਚ ਰੌਸ਼ਨ ਕਰਨ ਵਾਲੇ ਫੁੱਟਬਾਲ ਕੋਚ ਜਸਮੀਤ ਸਿੰਘ ਮਿੰਟੂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ ਭਾਈ ਮਨਜੀਤ ਸਿੰਘ ਗਤਕਾ ਮਾਸਟਰ ਸ੍ਰੀ ਅੰਮ੍ਰਿਤਸਰ ਸਾਹਿਬ ਵਾਲਿਆਂ ਦੀ ਨਵੀਂ ਪੁਸਤਕ ਸ਼ਸਤਰਨਾਮਾ ਨੂੰ ਵੀ ਲੋਕ ਅਰਪਿਤ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ ਰਬਾਬ ਸਟੂਡੀਓ ਦੇ ਡਾਇਰੈਕਟਰ ਅਸ਼ਵਨੀ ਕੁਮਾਰ, ਗੁਰਪ੍ਰੀਤ ਕੌਰ, ਐੱਸ ਜੀ ਪੀ ਸੀ ਮੈਂਬਰ ਪਰਮਜੀਤ ਕੌਰ ਲਾਂਡਰਾਂ, ਐਸ ਜੀ ਪੀ ਸੀ ਮੈਂਬਰ ਚਰਨਜੀਤ ਸਿੰਘ ਚੰਨਾ ਕਾਲੇਵਾਲ, ਪਰਮਜੀਤ ਸਿੰਘ ਚੌਹਾਨ, ਕੁਲਦੀਪ ਸਿੰਘ ਸਮਾਣਾ, ਵਪਾਰ ਮੰਡਲ ਮੋਹਾਲੀ ਪ੍ਰਧਾਨ ਵਨੀਤ ਵਰਮਾ, ਸਮਾਜ ਸੇਵੀ ਜਗਦੇਵ ਸਿੰਘ ਮਲੋਆ, ਗਤਕਾ ਕੋਚ ਜੀਤ ਸਿੰਘ ਮੋਹਾਲੀ, ਰਾਸ਼ਟਰਪਤੀ ਐਵਾਰਡ ਜੇਤੂ ਮਲਕੀਤ ਸਿੰਘ ਖਾਲਸਾ ਅਤੇ ਵੱਖ ਵੱਖ ਗੁਰੂ ਘਰਾਂ ਦੇ ਪ੍ਰਧਾਨਾਂ ਵੱਲੋਂ ਹਾਜ਼ਰੀ ਲਗਵਾਈ ਗਈ। ਇਸ ਪ੍ਰੋਗਰਾਮ ਦੌਰਾਨ ਮੈਡਮ ਪਰਵਿੰਦਰ ਕੌਰ ਕੁਰਾਲੀ ਅਤੇ ਹਰਜਿੰਦਰ ਸਿੰਘ ਦਮਦਮਾ ਸਾਹਿਬ ਬਠਿੰਡਾ ਵਾਲਿਆਂ ਵੱਲੋਂ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ ਗਈ। ਅਤੇ ਅਮਰਜੀਤ ਸਿੰਘ, ਜਗਤਾਰ ਸਿੰਘ, ਡਾਕਟਰ ਕੁਲਦੀਪ ਸਿੰਘ, ਗੁਰਮੁਖ ਸਿੰਘ ਸੋਹਲ, ਪਰਮਜੀਤ ਸਿੰਘ ਕਾਹਲੋਂ, ਹਰਮਨਜੋਤ ਸਿੰਘ , ਰਾਜਵੀਰ ਸਿੰਘ, ਰਘਵੀਰ ਸਿੰਘ , ਤਲਵਿੰਦਰ ਸਿੰਘ, ਹਰਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਗੁਰਪ੍ਰੀਤ ਸਿੰਘ, ਅਮਨਦੀਪ ਸਿੰਘ ਲਾਲੜੂ ਵੱਲੋ ਰੈਫਰੀ ਅਤੇ ਜਜਮੈਂਟ ਦੀ ਭੂਮਿਕਾ ਨਿਭਾਈ ਗਈ।ਜਾਣਕਾਰੀ ਸਾਂਝੀ ਕਰਦੇ ਹੋਏ ਜਗਦੀਸ਼ ਸਿੰਘ ਕੋਆਰਡੀਨੇਟਰ ਪੰਜਾਬ ਗਤਕਾ ਐਸੋਸੀਏਸ਼ਨ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚ ਤਕਰੀਬਨ 12 ਦੇ ਕਰੀਬ ਟੀਮਾਂ ਨੇ ਸ਼ਮੂਲੀਅਤ ਕੀਤੀ, ਜਿਸ ਵਿੱਚ ਸਿੰਗਲ ਸੋਟੀ ਟੀਮ ਫਾਈਟ ਅਤੇ ਸ਼ਸਤਰ ਪ੍ਰਦਰਸ਼ਨ ਦੇ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਦੌਰਾਨ ਸਿੰਗਲ ਸੋਟੀ ਮੁਕਾਬਲਿਆਂ ਵਿੱਚ ਜ਼ਿਲ੍ਹਾ ਗਤਕਾ ਐਸੋਸੀਏਸ਼ਨ ਮੋਹਾਲੀ ਰਜਿ ਦੇ ਖਿਡਾਰੀ ਹਰਮੀਤ ਸਿੰਘ ਨੇ ਪਹਿਲਾ ਰੂਪਨਗਰ ਅਖਾੜੇ ਦੇ ਨਿਧਾਨ ਸਿੰਘ ਨੇ ਦੂਸਰਾ ਅਤੇ ਬਠਿੰਡਾ ਦੇ ਜਸ਼ਨਦੀਪ ਸਿੰਘ ਨੇ ਤੀਸਰਾ ਇਨਾਮ ਹਾਸਲ ਕੀਤਾ ਅਤੇ ਇਸੇ ਤਰ੍ਹਾਂ ਸ਼ਸਤਰ ਪ੍ਰਦਰਸ਼ਨ ਵਿੱਚ ਬਾਬਾ ਬਚਿੱਤਰ ਸਿੰਘ ਗਤਕਾ ਅਖਾੜਾ ਹਠੂਰ ਨੇ ਪਹਿਲਾ ਮੀਰੀ ਪੀਰੀ ਗਤਕਾ ਅਖਾੜਾ ਡੇਹਲੋਂ ਦੀ ਟੀਮ ਨੇ ਦੂਸਰਾ ਅਤੇ ਸਾਹਿਬਜਾਦਾ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਪਾਉਂਟਾ ਸਾਹਿਬ ਨੇ ਤੀਸਰਾ ਸਥਾਨ ਹਾਸਿਲ ਕੀਤਾ। ਜੇਤੂ ਟੀਮਾਂ ਨੂੰ ਜ਼ਿਲ੍ਹਾ ਗਤਕਾ ਐਸੋਸੀਏਸ਼ਨ ਵੱਲੋਂ ਨਗਦ ਇਨਾਮ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪੰਜਾਬੀ ਕਲਾਕਾਰ ਸੁਖੀ ਬਰਾੜ, ਬਾਈ ਹਰਦੀਪ, ਲਖਬੀਰ ਸਿੰਘ ਗਤਕਾ ਕੋਚ, ਅਰਦਾਸ ਫਾਊਂਡੇਸ਼ਨ ਦੇ ਸਮੂਹ ਮੈਂਬਰ, ਗੱਬਰ ਸਿੰਘ ਅੰਮ੍ਰਿਤਸਰ, ਸੰਜੇ ਕੁਮਾਰ ਇਲੈਕਸ਼ਨ ਤਹਿਸੀਲਦਾਰ, ਗੁਰਬਖ਼ਸ਼ ਸਿੰਘ ਨੋਡਲ ਅਫਸਰ, ਹਰਸੰਗਤ ਸਿੰਘ, ਜਸਪਾਲ ਸਿੰਘ ਮਟੋਰ, ਅਰੁਣ ਗੋਇਲ, ਕੇਸਰ ਸਿੰਘ ਕੰਬਾਲਾ, ਹਰਵਿੰਦਰ ਸਿੰਘ ਐਮ ਸੀ, ਸਤਨਾਮ ਸਿੰਘ ਅਤੇ ਭੰਗੜਾ ਕੋਚ ਹਰਮਨ ਰਤਨ ਦੋਰਾਹਾ ਮੌਜੂਦ ਸਨ।

LOVELY INTERNATIONAL TRUST

Head Office: Lovely Mall, Dr. Ambedkar Chowk , Jalandhar City, Punjab (India) -144001
Campus: Jalandhar-Delhi G.T. Road, Phagwara, Distt. Kapurthala, Punjab( India) -144411

PUBLIC NOTICE

It is hereby informed to all the concerned and general public that the process of weeding out of records in the year 2023-24 has been started including without limitation the records of staff of this Trust, its constituents/units and of the wings, divisions, departments, faculties, schools, institutes, academies, offices and other constituents/units thereunder whatever it may be called who are relieved/left/discontinued/ resigned/terminated/did not join within stipulated period/whose name has been struck off due to long continuous absence/ non-reporting without obtaining leave etc. as per the respective policy of this Trust and/or its concerned constitutent/unit as applicable, in/by the year 2023-24 also including without limitation the record like staff/candidates files, attendance records, staff/candidate profile, eligibility documents, disciplinary record, record of receipts of fee, funds, charges, security/ caution money, penalty & other receipts, service and other record and related correspondence, projects, assignments, thesis, selection records/ result and correspondence in respect of such candidates/staff, and also including the records of those staff/candidates who applied/expressed their interest for any post or service or sought any information in/by the year 2023-24 subject to the respective record retention schedule. Further, such record includes all the data, information, records etc. maintained in physical mode and/or electronic mode and/or digital mode and/or online mode and/or on UMS/Website or otherwise in any manner whatsoever.
Request, in writing, to seek any specific record and/or claim for any outstanding amount payable by this Trust or any of its constituents/units or any of the wings, divisions, departments, faculties, schools, institutes, academies, offices or other constituents/units thereunder whatever it may be called in respect of such staff/candidates, individuals etc. can be made to Secretary of this Trust at Campus address mentioned above within 15 days of publication of this notice. No request or claim of any kind whatsoever pertaining to the above shall be considered in future after expiry of this stipulated time limit.

Secretary
Lovely International Trust

# ਲੋਕ ਮੋਦੀ ਦੀ ਤਾਨਾਸ਼ਾਹੀ ਨੂੰ ਖਤਮ ਕਰਨ ਲਈ ਤਿਆਰ : ਬਲਕਾਰ ਸਿੰਘ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)- ਅੰਬੇਡਕਰ ਜੈਅੰਤੀ ਮੌਕੇ ਆਮ ਆਦਮੀ ਪਾਰਟੀ ਵੱਲੋਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੀ ਤਾਨਾਸ਼ਾਹੀ ਖਿਲਾਫ ਦੇਸ਼ ਭਰ 'ਚ ਪ੍ਰਦਰਸ਼ਨ ਕੀਤਾ ਗਿਆ। ਆਪ ਦੇ ਪੰਜਾਬ ਆਗੂਆਂ ਨੇ ਜਲੰਧਰ ਦੇ ਕਾਰਪੋਰੇਸ਼ਨ ਚੌਕ 'ਚ ਇਕੱਠੇ ਹੋ ਕੇ ਮੋਦੀ ਸਰਕਾਰ ਅਤੇ ਉਸ ਦੇ ਤਾਨਾਸ਼ਾਹੀ ਰਵੱਈਏ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ।

ਇਸ ਮੌਕੇ ਆਪ ਦੇ ਹੁਸ਼ਿਆਰਪੁਰ ਤੋਂ ਉਮੀਦਵਾਰ ਡਾ ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਅਸੀਂ ਸਿਰਫ਼ ਡਾ. ਬੀ ਆਰ ਅੰਬੇਡਕਰ ਦੀ ਸੋਚ ਨੂੰ ਅੱਗੇ ਲੈ ਕੇ ਚੱਲ ਰਹੇ ਹਾਂ ਅਤੇ ਆਮ ਲੋਕਾਂ ਦੀ ਬਿਹਤਰੀ ਲਈ ਕੰਮ ਕਰ ਰਹੇ ਹਾਂ। ਇਸ ਮਹਿੰਗਾਈ ਦੇ ਸਮੇਂ ਵਿੱਚ ਅਸੀਂ ਲੋਕਾਂ ਨੂੰ ਮੁਫਤ ਸਿਹਤ ਅਤੇ ਸਿੱਖਿਆ ਸਹੂਲਤਾਂ ਪ੍ਰਦਾਨ ਕਰ ਰਹੇ ਹਾਂ ਅਤੇ ਉਨ੍ਹਾਂ ਨੂੰ ਮਹਿੰਗਾਈ ਤੋਂ ਵੱਧ ਤੋਂ ਵੱਧ ਰਾਹਤ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਜਦੋਂ ਭਾਜਪਾ ਦੀਆਂ ਲੋਕ ਵਿਰੋਧੀ ਨੀਤੀਆਂ ਹਰ ਸੂਬੇ 'ਚ ਬੇਰੁਜ਼ਗਾਰੀ ਦੀ ਦਰ ਵਧਾ ਰਹੀਆਂ ਸਨ, ਤਾਂ ਪੰਜਾਬ ਸਰਕਾਰ ਨੇ ਸਾਡੇ ਨੌਜਵਾਨਾਂ ਨੂੰ 43000 ਸਰਕਾਰੀ ਨੌਕਰੀਆਂ ਦਿੱਤੀਆਂ। ਪੰਜਾਬ ਵਿੱਚ ਮੁਫਤ ਬਿਜਲੀ ਵੀ ਮਾਨ ਸਰਕਾਰ ਦੀ ਬਹੁਤ ਵੱਡੀ ਪ੍ਰਾਪਤੀ ਹੈ।ਸ੍ਰੀ ਬਲਕਾਰ ਸਿੰਘ ਨੇ ਕਿਹਾ ਕਿ ਅੱਜ ਸਾਡਾ ਦੇਸ਼ ਭਾਰਤੀ ਜਨਤਾ ਪਾਰਟੀ ਦੀ ਤਾਨਾਸ਼ਾਹੀ ਦਾ ਸਾਹਮਣਾ ਕਰ ਰਿਹਾ ਹੈ ਅਤੇ ਉਹ ਸੰਵਿਧਾਨ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅਸੀਂ ਇੱਥੇ ਲੋਕਾਂ ਨੂੰ 'ਸੰਵਿਧਾਨ ਬਚਾਓ, ਤਾਨਾਸ਼ਾਹੀ ਹਟਾਓ' ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਨ ਲਈ ਇਕੱਠੇ ਹੋਏ ਹਾਂ। ਇਸ ਤਾਨਾਸ਼ਾਹ ਸਰਕਾਰ ਨੇ ਸਾਡੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਹੈ। ਅਰਵਿੰਦ ਕੇਜਰੀਵਾਲ ਬਾਬਾ ਸਾਹਿਬ ਅੰਬੇਡਕਰ ਦੇ ਨਕਸ਼ੇ-ਕਦਮਾਂ 'ਤੇ ਚੱਲ ਕੇ ਆਮ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕ ਰਹੇ ਸਨ। ਉਨਾਂ ਦਾ ਉਦੇਸ਼ ਲੋਕਾਂ ਨੂੰ ਮੁਫਤ ਅਤੇ ਵਧੀਆ ਸਿੱਖਿਆ ਅਤੇ ਸਿਹਤ ਸੁਵਿਧਾ ਦੇਣਾ ਹੈ। ਇਹ ਲੋਕ ਅਜਿਹਾ ਨਹੀਂ ਹੋਣ ਦੇ ਸਕਦੇ, ਕਿਉਂਕਿ ਪੜ੍ਹੇ-ਲਿਖੇ ਲੋਕ ਆਪਣੇ ਵੋਟ ਦੇ ਅਧਿਕਾਰ ਦੀ ਸਹੀ ਵਰਤੋਂ ਕਰਨਗੇ, ਉਹ ਲੋਕ ਭਾਜਪਾ ਨੂੰ ਵੋਟ ਨਹੀਂ ਪਾਉਣਗੇ, ਜੋ ਨਫ਼ਰਤ ਫੈਲਾਉਂਦੇ ਹਨ। ਅਰਵਿੰਦ ਕੇਜਰੀਵਾਲ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਡਾਕਟਰ ਬੀ ਆਰ ਅੰਬੇਡਕਰ ਦੀਆਂ ਫੋਟੋਆਂ ਸਰਕਾਰੀ ਦਫ਼ਤਰਾਂ ਵਿੱਚ ਲਗਾਈਆਂ।

ਕੈਬਨਿਟ ਮੰਤਰੀ ਲਾਲਚੰਦ ਕਟਾਰੂਚੱਕ ਨੇ ਡੀ ਸੀ ਦਫ਼ਤਰ ਪਠਾਨਕੋਟ ਵਿਖੇ ਸੰਵਿਧਾਨ ਦੇ ਪਿਤਾਮਾ ਡਾ.ਬੀ.ਆਰ.ਅੰਬੇਡਕਰ ਨੂੰ ਉਨ੍ਹਾਂ ਦੀ ਜੈਅੰਤੀ ਮੌਕੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਸਿਰਫ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਸਮਾਜ ਦੇ ਹਰ ਵਰਗ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਕੰਮ ਕਰ ਰਹੀ ਹੈ।

'ਆਪ' ਪੰਜਾਬ ਦੇ ਜਨਰਲ ਸਕੱਤਰ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਸੰਵਿਧਾਨ ਨੂੰ ਬਚਾਉਣ ਦੀ ਲੜਾਈ ਲੜ ਰਹੀ ਹੈ। ਬਾਬਾ ਸਾਹਿਬ ਅੰਬੇਡਕਰ ਨੇ ਸਾਨੂੰ ਵੋਟ ਦਾ ਅਧਿਕਾਰ ਦਿੱਤਾ ਹੈ ਅਤੇ ਅਸੀਂ ਆਪਣੇ ਅਧਿਕਾਰ ਦੀ ਵਰਤੋਂ ਕਰਕੇ ਕੇਂਦਰ ਦੀ ਤਾਨਾਸ਼ਾਹ ਭਾਜਪਾ ਸਰਕਾਰ ਨੂੰ ਖਤਮ ਕਰਾਂਗੇ। ਕੈਬਿਨਟ ਮੰਤਰੀ ਅਤੇ ਪਟਿਆਲਾ ਤੋਂ ਲੋਕ ਸਭਾ ਉਮੀਦਵਾਰ ਨੇ ਐਤਵਾਰ ਨੂੰ ਪਟਿਆਲਾ ਵਿੱਚ ਡਾਕਟਰ ਬੀ ਆਰ ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਕੈਬਨਿਟ ਮੰਤਰੀ ਬਲਕਾਰ ਸਿੰਘ, ਆਪ ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ, ਸੂਬਾ ਜਨਰਲ ਸਕੱਤਰ ਜਗਰੂਪ ਸਿੰਘ ਸੇਖਵਾਂ, ਹੁਸ਼ਿਆਰਪੁਰ ਤੋਂ ਲੋਕ ਸਭਾ ਉਮੀਦਵਾਰ ਰਾਜ ਕੁਮਾਰ ਚੱਬੇਵਾਲ, ਵਿਧਾਇਕ ਜਲੰਧਰ ਕੇਂਦਰੀ ਰਮਨ ਅਰੋੜਾ, ਵਿਧਾਇਕ ਨਕੋਦਰ ਇੰਦਰਜੀਤ ਕੌਰ ਮਾਨ, ਮੰਗਲ ਸਿੰਘ ਬੱਸੀ (ਚੇਅਰਮੈਨ ਪੰਜਾਬ ਐਗਰੋ), ਚੰਦਨ ਗਰੇਵਾਲ (ਚੇਅਰਮੈਨ ਪੰਜਾਬ ਸੈਨੀਟੇਸ਼ਨ ਕਮਿਸ਼ਨ),



ਰਾਜਵਿੰਦਰ ਕੌਰ ਥਿਆੜਾ (ਸੂਬਾ ਸਕੱਤਰ), ਅਸ਼ਵਨੀ ਅਗਰਵਾਲ (ਲੋਕ ਸਭਾ ਇੰਚਾਰਜ ਜਲੰਧਰ), ਅੰਮ੍ਰਿਤ ਪਾਲ ਸਿੰਘ (ਜ਼ਿਲ੍ਹਾ ਪ੍ਰਧਾਨ ਜਲੰਧਰ ਸ਼ਹਿਰੀ), ਸਟੀਫਨ ਕਲੇਰ (ਜ਼ਿਲ੍ਹਾ ਪ੍ਰਧਾਨ ਜਲੰਧਰ ਦਿਹਾਤੀ), ਸੁਰਿੰਦਰ ਸਿੰਘ ਸੋਢੀ (ਹਲਕਾ ਇੰਚਾਰਜ ਜਲੰਧਰ ਛਾਉਣੀ), ਗੁਰਿੰਦਰ ਸਿੰਘ ਸ਼ੇਰਗਿੱਲ (ਜ਼ਿਲ੍ਹਾ ਸਕੱਤਰ ਜਲੰਧਰ ਸ਼ਹਿਰੀ), ਨੈਨ ਛਾਬੜਾ (ਜ਼ਿਲ੍ਹਾ ਸਕੱਤਰ ਜਲੰਧਰ ਦਿਹਾਤੀ), ਸੰਜੀਵ ਭਗਤ (ਜ਼ਿਲ੍ਹਾ ਮੀਡੀਆ ਇੰਚਾਰਜ ਜਲੰਧਰ), ਹਰਚਰਨ ਸਿੰਘ ਸੰਧੂ (ਸੂਬਾ ਸੰਯੁਕਤ ਸਕੱਤਰ), ਆਤਮ ਪ੍ਰਕਾਸ਼ ਸਿੰਘ ਬਬਲੂ (ਸੂਬਾ ਸੰਯੁਕਤ), ਡਾ ਰਾਜੇਸ਼ ਬੱਬਰ (ਸੂਬਾ ਸੰਯੁਕਤ ਸਕੱਤਰ), ਜਸਵੀਰ ਜਲਾਲਪੁਰੀ (ਸੂਬਾ ਮੀਤ ਪ੍ਰਧਾਨ ਐਸ.ਸੀ. ਵਿੰਗ), ਗੁਰਪ੍ਰੀਤ ਕੌਰ (ਪ੍ਰਧਾਨ, ਮਹਿਲਾ ਵਿੰਗ ਜਲੰਧਰ), ਸੀਮਾ ਬੰਡਾਲਾ, ਸੁੱਖ ਸੰਧੂ ਆਦਿ ਨੇ ਜਲੰਧਰ ਵਿਖੇ ਸੰਵਿਧਾਨ ਬਚਾਓ ਅਤੇ ਤਾਨਾਸ਼ਾਹੀ ਨੂੰ ਖਤਮ ਕਰਨ ਦੀ ਸਹੁੰ ਚੁੱਕੀ।

16-APR-PAGE-9.qxd 4/15/2024 10:46 PM Page 1



# ਸੰਵਿਧਾਨ ਬਚਾਓ ਦੇਸ਼ ਬਚਾਓ ਦਾ ਸੰਦੇਸ਼ ਦਿੰਦੇ ਹੋਏ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ

## ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਦਿੱਤੀਆਂ ਸ਼ਰਧਾਂਜਲੀਆਂ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਅੱਜ ਮੁਲਾਜ਼ਮ ਭਵਨ ਵਿਖੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਤਹਿਸੀਲ ਕਮੇਟੀ ਹੁਸ਼ਿਆਰਪੁਰ ਵੱਲੋਂ ਸਤਪਾਲ ਚੱਬੇਵਾਲ ਦੀ ਪ੍ਰਧਾਨਗੀ ਹੇਠ ਡਾ. ਭੀਮ ਰਾਓ ਅੰਬੇਦਕਰ ਦਾ 133ਵਾਂ ਜਨਮ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਅਤੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਕਾਮਰੇਡ ਹਰਕਮਲ ਸਿੰਘ ਨੇ ਕਿਹਾ ਕਿ ਬਾਬਾ ਸਾਹਿਬ ਵਿਦਵਾਨ, ਲਿਖਾਰੀ, ਕਾਨੂੰਨਦਾਨ, ਸਮਾਜ ਸੁਧਾਰਕ ਅਤੇ ਹੋਰ ਬਹੁਤ ਕੁਝ ਸਨ ਜਿਸ ਨੂੰ ਸ਼ਬਦਾਂ ਵਿੱਚ ਸਮੋਇਆ ਨਹੀਂ ਜਾ ਸਕਦਾ। ਉਹ ਦਲਿਤਾਂ ਅਤੇ ਸਮਾਜ ਵਿੱਚ ਲਤਾੜੇ ਲੋਕਾਂ ਦੇ ਮਸੀਹਾ ਸਨ, ਜਿਨ੍ਹਾਂ ਨੂੰ ਅਜ਼ਾਦੀ ਤੋਂ ਬਾਅਦ ਸੰਵਿਧਾਨ ਸਭਾ ਖਰੜਾ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ। ਜਿਨਾਂ ਨੇ ਆਪਣੇ ਪੁਰਾਣੇ ਅਨੁਭਵ ਦੇ ਆਧਾਰ ਤੇ ਦਲਿਤਾਂ 'ਤੇ ਹੋ ਰਹੇ ਸਮਾਜਿਕ ਅੱਤਿਆਚਾਰ ਨੂੰ ਮੁੱਖ ਰੱਖਦੇ ਹੋਏ ਦਲਿਤਾਂ ਲਈ ਸੰਵਿਧਾਨ ਵਿੱਚ ਕਾਨੂੰਨੀ ਢਾਲ ਨੂੰ ਅਮਲੀ ਜਾਮਾ ਪਹਿਨਾਇਆ। ਲੋਕਾਂ ਦਾ ਤ੍ਰਿਸਕਾਰ ਕਰਨ ਵਾਲੀ ਮੰਨੂ ਸਿਮਰਤੀ ਨੂੰ 25 ਦਸੰਬਰ 1927 ਵਿੱਚ ਸਾੜਿਆ ਗਿਆ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਉਹ ਆਪਣੀ ਲਿਆਕਤ ਦੇ ਬਲਬੂਤੇ ਹੀ ਕਾਨੂੰਨ ਮੰਤਰੀ ਬਣੇ। ਉਨ੍ਹਾਂ ਦੁਆਰਾ ਬਣਾਏ ਗਏ ਲਚਕੀਲੇ ਸੰਵਿਧਾਨ ਵਿੱਚ ਲੋੜ ਮੁਤਾਬਕ ਸੋਧਾਂ ਵੀ ਕੀਤੀਆਂ ਗਈਆਂ ਹਨ। ਸਤੀਸ਼ ਰਾਣਾ ਨੇ ਕਿਹਾ ਕਿ ਅੱਜ ਕੇਂਦਰ ਵਿੱਚ ਰਾਜ ਕਰਦੀ ਸਰਕਾਰ ਵੱਲੋਂ ਉਸੇ ਹੀ ਸੰਵਿਧਾਨ ਨੂੰ ਖਤਰਾ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਆਮ ਨਾਗਰਿਕਾਂ ਵੱਲੋਂ ਇਕੱਠੇ ਹੋ ਕੇ ਸੰਵਿਧਾਨ ਦੀ ਰੱਖਿਆ ਕਰਨਾ ਹੀ ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਤਰ੍ਹਾਂ ਡਾ. ਸੁਖਦੇਵ ਸਿੰਘ ਢਿੱਲੋਂ ਅਤੇ ਓਮ ਸਿੰਘ ਸਟਿਆਣਾ ਨੇ ਬਾਬਾ ਸਾਹਿਬ ਦੀ ਦਲਿਤ ਤੇ ਘੱਟ ਗਿਣਤੀਆਂ ਜਾਤੀਆਂ ਲਈ ਪਾਇਆ ਯੋਗਦਾਨ ਭੁਲਾਉਣ ਯੋਗ ਨਹੀਂ ਹੈ ਅਤੇ ਸਾਰਿਆਂ ਨੂੰ ਇਕੱਠੇ ਹੋ ਕੇ ਸੰਵਿਧਾਨ ਦੀ ਰਾਖੀ ਕਰਨ ਦਾ ਸੁਨੇਹਾ ਦਿੱਤਾ। ਇਸ ਸਮੇਂ ਜਗਦੀਪ ਸਿੰਘ ਖੇੜਾ, ਸਤਪਾਲ ਸਿੰਘ ਜਮਹੂਰੀ ਅਧਿਕਾਰ ਸਭਾ, ਪੈਨਸ਼ਨਰ ਆਗੂ ਬਲਵੀਰ ਸਿੰਘ ਸੈਣੀ, ਸਤਨਾਮ ਸਿੰਘ ਕੱਕੋ, ਕੁਲਦੀਪ ਲਾਲ, ਰਜਿੰਦਰ ਕੁਮਾਰ, ਓਂਕਾਰ ਨਾਥ, ਸਵਰਨ ਚੰਦ ਕੱਕੋ, ਮਲਕੀਤ ਸਿੰਘ ਸਲੇਮਪੁਰ, ਲਾਲ ਚੰਦ, ਸੋਮ ਨਾਥ, ਸੋਹਣ ਸਿੰਘ ਸਲੇਮਪੁਰ, ਗੁਰਦੇਵ ਦੱਤ, ਮਹਿੰਦਰ ਸਿੰਘ, ਦਵਿੰਦਰ ਸਿੰਘ, ਗੁਰਚਰਨ ਸਿੰਘ, ਪਰਦੂਮਣ ਸਿੰਘ, ਰਾਕੇਸ਼ ਸ਼ਰਮਾ ਆਦਿ ਹਾਜ਼ਰ ਸਨ। ਅੰਤ ਵਿੱਚ ਸਤਪਾਲ ਚੱਬੇਵਾਲ ਨੇ ਆਏ ਹੋਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ ਸਟੇਜ ਦੀ ਭੂਮਿਕਾ ਦਵਿੰਦਰ ਸਿੰਘ ਕੱਕੋ ਨੇ ਨਿਭਾਈ।

# ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ ਹੋਈ




**ਆਦਮਪੁਰ (ਪਰਮਜੀਤ ਸਿੰਘ)**- ਸ਼੍ਰੋਮਣੀ ਅਕਾਲੀ ਦਲ ਦੀ ਹੰਗਾਮੀ ਹਾਲਾਤਾਂ ਵਿੱਚ ਇੱਕ ਅਹਿਮ ਬੈਠਕ ਹੋਇ, ਜਿਸ ਵਿੱਚ ਅੱਜ ਦੇ ਪੈਦਾ ਹੋਏ ਹਾਲਾਤਾਂ ਤੇ ਚਰਚਾ ਕੀਤੀ।ਇਸ ਮੌਕੇ ਪੀ ਏ ਸੀ ਮੈਂਬਰ ਗੁਰਦਿਆਲ ਸਿੰਘ ਨਿੱਝਰ, ਮੇਜਰ ਸਿੰਘ ਹਰੀਪੁਰ, ਮਲਕੀਤ ਸਿੰਘ ਸਰਕਲ ਜੱਥੇਦਾਰ ਆਦਮਪੁਰ ਦਿਹਾਤੀ, ਲਖਬੀਰ ਸਿੰਘ ਹਜ਼ਾਰਾ, ਕੁਲਵਿੰਦਰ ਸਿੰਘ ਟੋਨੀ, ਧਰਮਪਾਲ ਲੇਸੜੀਵਾਲ, ਬਲਦੇਵ ਸਿੰਘ ਸਾਬਕਾ ਸਰਪੰਚ ਪੰਡੋਰੀ ਨਿੱਝਰਾਂ ਨੇ ਦੱਸਿਆ ਕਿ ਹਲਕਾ ਇੰਚਾਰਜ ਪਵਨ ਟੀਨੂੰ ਵੱਲੋਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਤੋਂ ਅਸਤੀਫਾ ਦੇ ਕੇ ਜਿਸ ਪਾਰਟੀ ਦੀਆਂ ਕੱਲ੍ਹ ਤੱਕ ਮੰਦਾ ਅਤੇ ਉਸਦੀ ਸਰਕਾਰ ਨੂੰ ਨਖਿੱਧ ਸਾਬਤ ਕਰਨ ਵਾਲੇ ਬਿਆਨ ਦੇਣ ਵਾਲੇ ਟੀਨੂੰ ਅੱਜ ਨਿੱਜੀ ਹਿੱਤਾਂ ਅਤੇ ਰਾਜ ਭਾਗ ਭੋਗਣ ਦੀ ਲਾਲਸਾ ਨੂੰ ਅੱਗੇ ਰੱਖਦੇ ਹੋਏ ਆਮ ਆਦਮੀ ਪਾਰਟੀ ਵਿੱਚ ਹੀ ਸ਼ਾਮਿਲ ਹੋ ਗਏ ਹਨ ਅਤੇ ਜਿਸ ਅਕਾਲੀ ਦਲ ਨੇ ਉਨ੍ਹਾ ਨੂੰ 2010 ਵਿੱਚ ਪਾਰਟੀ ਵਿੱਚ ਆਉਂਦਿਆਂ ਹੀ ਐੱਸ ਸੀ ਕਮਿਸ਼ਨ ਤੇ ਭੂ ਵਿਕਾਸ ਦੀ ਚੇਅਰਮੈਨੀ ਦਿੱਤੀ ਅਤੇ 2012 ਵਿੱਚ ਵਿਧਾਨ ਸਭਾ ਹਲਕਾ ਆਦਮਪੁਰ ਤੋਂ ਪਾਰਟੀ ਦਾ ਉਮੀਦਵਾਰ ਬਣਾਇਆ ਅਤੇ ਹਲਕਾ ਆਦਮਪੁਰ ਦੇ ਲੋਕਾਂ ਨੇ ਵਿਧਾਨ ਸਭਾ ਵਿੱਚ ਭੇਜਿਆ ਅਤੇ ਅਕਾਲੀ ਦਲ ਸਰਕਾਰ ਬਣਨ 'ਤੇ ਪਾਰਟੀ ਨੇ ਮੁੱਖ ਸੰਸਦੀ ਸਕੱਤਰ ਨਾਲ ਨਿਵਾਜਿਆ ਅਤੇ 2017 ਵਿੱਚ ਅਕਾਲੀ ਦਲ ਦੀ ਟਿਕਟ 'ਤੇ ਹੀ ਦੁਬਾਰਾ ਐੱਮ ਐੱਲ ਏ ਬਣਾਇਆ ਅਤੇ ਅੱਜ ਵੀ ਪਾਰਟੀ ਵਿੱਚ ਕੋਰ ਕਮੇਟੀ ਅਤੇ ਹੋਰ ਅਹੁਦਿਆਂ 'ਤੇ ਬਿਰਾਜਮਾਨ ਸਨ, ਪਰ ਆਪਣੇ ਰਾਜ ਭਾਗ ਦੀ ਲਾਲਸਾ ਨੂੰ ਮੁੱਖ ਰੱਖ ਕੇ ਪਾਰਟੀ ਅਤੇ ਆਦਮਪੁਰ ਵਿਧਾਨ ਸਭਾ ਹਲਕੇ ਦੇ ਵੋਟਰਾਂ ਅਤੇ ਪਾਰਟੀ ਵਰਕਰਾਂ ਨਾਲ ਧੋਖਾ ਕਰਦਿਆਂ ਪਿੱਠ ਵਿੱਚ ਛੁਰਾ ਮਾਰਨ ਵਾਲਾ ਕੰਮ ਕੀਤਾ ਹੈ।ਟੀਨੂੰ ਨੇ ਆਪਣੇ ਕਿਰਦਾਰ ਮੁਤਾਬਕ ਪਹਿਲਾਂ ਬਸਪਾ, ਬਸਮੋ ਨਾਲ ਵੀ ਇਹੋ ਜਿਹਾ ਵਤੀਰਾ ਕਰਦਿਆਂ ਨਿੱਜੀ ਹਿੱਤਾਂ ਦੀ ਪੂਰਤੀ ਕਰਦਾ ਰਿਹਾ ਹੈ।ਉਨ੍ਹਾ ਕਿਹਾ ਕਿ ਪਾਰਟੀ ਪੂਰੀ ਇੱਕਜੁਟਤਾ ਨਾਲ ਸ਼੍ਰੋਮਣੀ ਅਕਾਲੀ ਦਲ ਨਾਲ ਡੱਟ ਕੇ ਖੜੀ ਹੈ ਤੇ ਕੋਈ ਵੀ ਅਹੁਦੇਦਾਰ ਇਨ੍ਹਾਂ ਦਾ ਸਾਥ ਨਹੀਂ ਦਵੇਗਾ।ਉਨ੍ਹਾਂ ਪਾਰਟੀ ਹਾਈ ਕਮਾਨ ਵੱਲੋਂ ਵੀ ਇਸ ਵਾਰ ਦਬਾਓ ਦੀ ਰਾਜਨੀਤੀ ਵਿਰੁੱਧ ਦਲੇਰਾਨਾ ਰੁੱਖ ਸਾਹਮਣੇ ਲਿਆਂਦਾ ਹੈ, ਉਸਦਾ ਵੀ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਪਾਰਟੀ ਪੂਰੀ ਮਜ਼ਬੂਤੀ ਨਾਲ ਅੱਗੇ ਆਵੇਗੀ ਅਤੇ ਮੌਕਾਪ੍ਰਸਤਾਂ ਤੋਂ ਪਾਰਟੀ ਨੂੰ ਛੁਟਕਾਰਾ ਮਿਲ ਜਾਵੇਗਾ।ਉਨ੍ਹਾਂ ਕਿਹਾ ਕਿ ਵਿਰੋਧੀ ਕਿਸੇ ਭਰਮ ਵਿੱਚ ਨਾ ਰਹਿਣ, ਅਕਾਲੀ ਦਲ ਪੂਰੀ ਮਜ਼ਬੂਤੀ ਨਾਲ ਸੰਸਦੀ ਚੋਣਾਂ ਅੰਦਰ ਪਾਰਟੀ ਉਮੀਦਵਾਰ ਦੇ ਹੱਕ ਵਿੱਚ ਕੰਮ ਕਰਦਿਆਂ ਉਸਦੀ ਜਿੱਤ ਨੂੰ ਯਕੀਨੀ ਬਣਾਉਣਗੇ।ਇਸ ਮੌਕੇ ਵਿਸ਼ੇਸ਼ ਤੌਰ ਤੇ ਦਲਜੀਤ ਸਿੰਘ ਭੱਟੀ, ਜਰਨੈਲ ਸਿੰਘ ਪੰਡੋਰੀ ਨਿੱਝਰਾਂ, ਜਗਜੀਤ ਸਿੰਘ ਭੱਟੀ, ਗੁਰਮੇਲ ਸਿੰਘ, ਪਰਮਜੀਤ ਸਿੰਘ, ਕੁਲਦੀਪ ਸਿੰਘ ਖੁਰਦਪੁਰ, ਦਲਜੀਤ ਸਿੰਘ ਮਹਿੰਮਦਪੁਰ, ਸਤਪਾਲ ਜੌਹਲ, ਲਖਬੀਰ ਸਿੰਘ ਸਰਪੰਚ ਜੌਹਲਾਂ, ਸ਼ਵਿੰਦਰ ਢੱਡਾ, ਅਮਰਜੀਤ ਸਿੰਘ ਸਾਬਕਾ ਸਰਪੰਚ ਅਰਜਨਵਾਲ, ਅਮਰਜੀਤ ਫਤਿਹਪੁਰ, ਸੁੱਖੀ ਹਜਾਰਾ, ਭਿੰਦਾ ਹਰੀਪੁਰ, ਸਿਮਰਜੀਤ ਸਿੰਘ, ਰਾਣਾ ਕੰਦੋਲਾ, ਜਗਤਾਰ ਸਿੰਘ, ਜੈਕੀਰਤ ਸਿੰਘ ਹਜਾਰਾ, ਤੇਗਪ੍ਰੀਤ, ਰਵਿੰਦਰ ਸਿੰਘ, ਡਾਕਟਰ ਤਰਸੇਮ ਬੈਂਸ, ਸਤਨਾਮ ਚੁਹੜਵਾਲੀ, ਵਿਸ਼ਾਲ ਲੇਸੜੀਵਾਲ, ਬਾਬੀ ਚੁਹਦਵਾਲੀ ਅਤੇ ਹੋਰ ਵਰਕਰ ਅਤੇ ਅਹੁਦੇਦਾਰ ਹਾਜ਼ਰ ਸਨ।

# ਵਿਕਾਸ ਬੱਗਾ ਦੇ ਕਾਤਲ ਨਹੀਂ ਲੱਗੇ ਪੁਲਸ ਹੱਥ

## ਰੋਸ ਵਜੋਂ ਸ਼ਹਿਰ ਵਾਸੀਆਂ ਨੇ ਊਨਾ-ਚੰਡੀਗੜ੍ਹ ਮਾਰਗ ਕੀਤਾ ਬੰਦ



**ਨੰਗਲ (ਸੁਰਜੀਤ ਸਿੰਘ)**-ਬੀਤੇ ਕੱਲ੍ਹ ਦੇਰ ਸ਼ਾਮ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜ਼ਿਲ੍ਹਾ ਪ੍ਰਧਾਨ ਵਿਕਾਸ ਬੱਗਾ 45 ਨੂੰ ਅਣਪਛਾਤੇ ਲੋਕਾਂ ਨੇ ਗੋਲੀ ਮਾਰ ਕੇ ਰੇਲਵੇ ਰੋਡ ਵਿਖੇ ਦੁਕਾਨ ਵਿੱਚ ਹੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਪਰ ਪੁਲਸ ਹੱਥ ਕੋਈ ਵੀ ਸੁਰਾਖ ਲੱਗਣ ਨਾ ਕਾਰਨ ਅੱਜ ਸਵੇਰੇ ਲੋਕਾਂ ਨੇ ਊਨਾ ਚੰਡੀਗੜ੍ਹ ਮੁੱਖ ਮਾਰਗ ਮੁਕੰਮਲ ਤੌਰ 'ਤੇ ਅਨਮਿਥੇ ਸਮੇਂ ਲਈ ਬੰਦ ਕਰ ਦਿੱਤਾ। ਸ਼ਹਿਰ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ, ਧਾਰਮਿਕ ਜਥੇਬੰਦੀਆਂ ਤੋਂ ਇਲਾਵਾ ਭਾਜਪਾ ਦੇ ਸੂਬਾਈ ਪ੍ਰਧਾਨ ਬਲਰਾਮ ਜਾਖੜ ਇਸ ਧਰਨੇ ਵਿੱਚ ਸ਼ਾਮਲ ਹੋਏ ਅਤੇ ਵਿਕਾਸ ਬੱਗਾ ਦੇ ਕਾਤਲਾਂ ਨੂੰ ਫੌਰੀ ਤੌਰ 'ਤੇ ਫੜਨ ਦੀ ਮੰਗ ਕੀਤੀ। ਪੁਲਿਸ ਪ੍ਰਸ਼ਾਸਨ ਨਾਲ ਹੋਈਆਂ ਮੀਟਿੰਗਾਂ ਦੀ ਕੋਈ ਸਿੱਟਾ ਨਹੀਂ ਕੱਢ ਸਕੀਆਂ। ਪਰਵਾਰਕ ਮੈਂਬਰਾਂ ਦੀ ਮੰਗ ਹੈ ਕਿ ਅਸੀਂ ਉਦੋਂ ਤੱਕ ਪੋਸਟ ਮਾਰਟਮ ਨਹੀਂ ਕਰਾਵਾਂਗੇ ਜਦੋਂ ਤੱਕ ਕਾਤਲਾਂ ਨੂੰ ਪੁਲਸ ਫੜ ਨਹੀਂ ਲੈਂਦੀ। ਹਾਲਾਂਕਿ ਸੀ ਸੀ ਟੀ ਵੀ ਕੈਮਰਿਆਂ ਵਿੱਚ ਕਾਤਲਾਂ ਦੀਆਂ ਫੋਟੋਆਂ ਵੀ ਸਾਫ ਦਿਖਾਈ ਦੇ ਰਹੀਆਂ ਹਨ। ਸ਼ੱਕ ਕੀਤਾ ਜਾ ਰਿਹਾ ਹੈ ਕਿ ਇਹ ਕਤਲ ਕਿਸੇ ਸਾਜ਼ਿਸ਼ ਦੇ ਅਧੀਨ ਕੀਤਾ ਗਿਆ ਹੈ। ਕੇਵਲ ਬੱਗਾ ਆਪਣੇ ਫੇਸਬੁੱਕ ਆਈ ਡੀ 'ਤੇ ਹਿੰਦੂ ਜਥੇਬੰਦੀਆਂ ਦੇ ਹੱਕ ਵਿੱਚ ਬੋਲਦਾ ਸੀ।ਇਹ ਉਸ ਦੀ ਆਵਾਜ਼ ਨੂੰ ਬੰਦ ਕਰਨ ਲਈ ਹੀ ਕਤਲ ਦਾ ਕਾਰਨ ਬਣ ਗਿਆ ਹੈ। ਅੱਜ ਇਸ ਮੌਕੇ ਤੇ ਕਾਂਗਰਸ ਪਾਰਟੀ ਦੀ ਸੀਨੀਅਰ ਲੀਡਰਸ਼ਿਪ, ਭਾਜਪਾ ਦੀ ਸੀਨੀਅਰ ਲੀਡਰਸ਼ਿਪ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੀ। ਇਸ ਮੌਕੇ ਰੋਸ ਵਜੋਂ ਲੋਕਾਂ ਨੇ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਸ ਜ਼ਾਹਰ ਕੀਤਾ। ਪੁਲਿਸ ਪ੍ਰਸ਼ਾਸਨ ਦੇ ਆਲ੍ਹਾ ਉਚ ਅਧਿਕਾਰੀ ਆਈ ਜੀ ਨੀਲੰਬਰੀ ਜਗਦਲੇ, ਐਸ ਐਸ ਪੀ ਗੁਰਨੀਤ ਸਿੰਘ, ਏ ਡੀ ਸੀ ਰੋਪੜ, ਅਮਨਜੋਤ ਕੌਰ ਉਪ ਮੰਡਲ ਮੈਜਿਸਟਰੇਟ ਸਮੇਤ ਹੋਰ ਪੁਲਸ ਤੇ ਉਚ ਅਧਿਕਾਰੀ ਹਾਜ਼ਰ ਸਨ।ਭਾਵੇਂ ਪਰਵਾਰ ਦੇ ਮੈਂਬਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਜਾਰੀ ਰਿਹਾ ਪਰ ਕੋਈ ਵੀ ਗੱਲ ਸਿਰੇ ਨਹੀਂ ਲੱਗੀ। ਖਬਰ ਲਿਖਣ ਤੱਕ ਊਨਾ ਚੰਡੀਗੜ੍ਹ ਮੁੱਖ ਮਾਰਗ ਬੰਦ ਸੀ। ਪੁਲਸ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਉਹ ਛੇਤੀ ਹੀ ਕਾਤਲਾਂ ਨੂੰ ਫੜ ਲੈਣਗੇ। ਇਸ ਮੌਕੇ ਤੇ ਮੌਕੇ ਤੇ ਭਾਜਪਾ ਪ੍ਰਧਾਨ ਬਲਰਾਮ ਜਾਖੜ ਨੇ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਲਗਾਤਾਰ ਖਰਾਬ ਹੁੰਦੀ ਜਾ ਰਹੀ ਹੈ। ਆਮ ਸ਼ਹਿਰੀ ਦਾ ਜੀਣਾ ਦੁੱਭਰ ਹੋਇਆ ਪਿਆ ਹੈ। ਨਿਤ ਦਿਨ ਕਤਲ ਹੋ ਰਹੇ ਹਨ। ਉਨ੍ਹਾਂ ਨੇ ਮੰਗ ਕੀਤੀ ਕਿ ਪਰਵਾਰ ਨੂੰ ਇਨਸਾਫ ਦਿੱਤਾ ਜਾਵੇ।

# 'ਬਾਬਾ ਸਾਹਿਬ ਦੀ ਦੇਣ ਕਦੇ ਵੀ ਭੁੱਲਣ ਵਾਲੀ ਨਹੀਂ'



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਦੀ ਜੈਅੰਤੀ 'ਤੇ ਸ਼ਹਿਰ ਦੇ ਭੈਣ ਭਰਾਵਾਂ ਨਾਲ ਮਿਲ ਕੇ ਅੰਬੇਡਕਰ ਚੌਂਕ ਨਵਾਂਸ਼ਹਿਰ ਦੀ ਸਫਾਈ ਕੀਤੀ ਤੇ ਫੁੱਲਮਾਲਾ ਭੇਟ ਕੀਤੀ। ਪੂਨਮ ਮਾਣਿਕ ਸਤਪਾਲ ਚਕਲੀ ਸੁਜਾਤ ਨੇ ਕਿਹਾ ਕਿ ਬਾਬਾ ਸਾਹਿਬ ਨੇ ਹਰ ਵਰਗ ਦਾ ਸਨਮਾਨ ਕਰਨ, ਸਮਾਜ ਅਤੇ ਨਾਰੀ ਸ਼ਕਤੀ ਨੂੰ ਜਾਗਰੂਕ ਕਰਨ ਲਈ ਕਿਹਾ ਹੈ। ਉਨ੍ਹਾਂ ਪਿਛਲੇ ਕਈ ਸਾਲਾਂ ਤੋਂ ਸਿੱਖਿਆ ਤੋਂ ਵਾਂਝੇ ਦਲਿਤ ਭਾਈਚਾਰੇ ਨੂੰ ਸਿੱਖਿਆ ਦਾ ਅਧਿਕਾਰ ਦਿਵਾਉਂਦਿਆਂ ਕਿਹਾ ਕਿ ਦਲਿਤ ਭਾਈਚਾਰੇ ਨੂੰ ਰਾਜਨੀਤੀ ਦੇ ਨਾਲ-ਨਾਲ ਹਰ ਖੇਤਰ ਵਿੱਚ ਭਾਗ ਲੈਣਾ ਚਾਹੀਦਾ ਹੈ। ਬਾਬਾ ਸਾਹਿਬ 64 ਵਿਸ਼ਿਆਂ ਦੇ ਮਾਹਰ ਸਨ ਅਤੇ 9 ਭਾਸ਼ਾਵਾਂ ਦੇ ਜਾਣਕਾਰ ਸਨ। ਉਨ੍ਹਾਂ ਦੇ ਕੋਲ 32 ਡਿਗਰੀਆਂ ਸਨ। ਬਾਬਾ ਸਾਹਿਬ ਦੀ ਜੋ ਦੇਣ ਹੈ ਉਹ ਕਦੇ ਵੀ ਭੁੱਲਣ ਵਾਲੀ ਨਹੀਂ। ਅੱਜ ਨਾਰੀ ਅਗਰ ਆਜ਼ਾਦ ਹਵਾ ਵਿਚ ਸਾਹ ਲੈ ਰਹੀ ਹੈ ਤੇ ਬਾਬਾ ਸਾਹਬ ਕਰਕੇ ਹੀ ਲੈ ਰਹੀ ਹੈ।

# ਹੋਰਡਿੰਗਜ਼/ਪੋਸਟਰਾਂ/ਬੈਨਰਾਂ 'ਤੇ ਪ੍ਰਿੰਟਰ ਤੇ ਪ੍ਰਕਾਸ਼ਕ ਦੀ ਪਛਾਣ ਲਾਜ਼ਮੀ : ਡੀ ਸੀ-ਕਮ-ਜ਼ਿਲ੍ਹਾ ਚੋਣ ਅਫ਼ਸਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਕਿਹਾ ਕਿ ਚੋਣਾਂ ਨਾਲ ਸਬੰਧਤ ਹੋਰਡਿੰਗਜ਼/ਪੋਸਟਰਾਂ/ਬੈਨਰਾਂ 'ਤੇ ਪ੍ਰਿੰਟਰ ਅਤੇ ਪ੍ਰਕਾਸ਼ਕ ਦੀ ਪਛਾਣ ਲਾਜ਼ਮੀ ਦਰਜ ਹੋਣੀ ਚਾਹੀਦੀ ਹੈ।ਸਥਾਨਕ ਸਵੈ-ਸਰਕਾਰ/ਮਿਉਂਸੀਪਲ ਅਥਾਰਟੀਆਂ ਦੁਆਰਾ ਨਿਯੰਤਰਿਤ ਸਾਈਟਾਂ 'ਤੇ ਚੋਣਾਂ ਨਾਲ ਸਬੰਧਤ ਹੋਰਡਿੰਗਜ਼ ਬਾਰੇ ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਤਾਜ਼ਾ ਦਿਸ਼ਾ-ਨਿਰਦੇਸ਼ਾਂ ਦਾ ਹਵਾਲਾ ਦਿੰਦੇ ਹੋਏ, ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਹੋਰਡਿੰਗਾਂ 'ਤੇ ਪ੍ਰਿੰਟਰ ਅਤੇ ਪ੍ਰਕਾਸ਼ਕ ਦਾ ਨਾਂਅ ਅਤੇ ਪਤਾ ਹੋਣਾ ਲਾਜ਼ਮੀ ਹੈ।ਉਨ੍ਹਾਂ ਨੇ ਕਿਹਾ ਕਿ ਕਮਿਸ਼ਨ ਨੂੰ ਵੱਖ-ਵੱਖ ਪ੍ਰਤੀਬੇਨਤੀਆਂ ਪ੍ਰਾਪਤ ਹੋਈਆਂ ਹਨ, ਜਿਸ ਵਿੱਚ ਕਿਹਾ ਗਿਆ ਹੈ ਕਿ ਸਥਾਨਕ ਸਵੈ-ਸਰਕਾਰ/ਮਿਉਂਸੀਪਲ ਅਥਾਰਟੀਆਂ ਦੁਆਰਾ ਨਿਯੰਤਰਿਤ ਹੋਰਡਿੰਗ ਸਥਾਨਾਂ 'ਤੇ ਪ੍ਰਿੰਟਰ ਜਾਂ ਪ੍ਰਕਾਸ਼ਕ ਦੀ ਪਛਾਣ ਤੋਂ ਬਿਨਾਂ ਹੋਰਡਿੰਗ ਦੇਖੇ ਗਏ ਹਨ।ਚੋਣ ਕਮਿਸ਼ਨ ਨੇ ਅੱਗੇ ਕਿਹਾ ਹੈ ਕਿ ਪ੍ਰਿੰਟ ਮੋਡ ਵਿੱਚ, ਪ੍ਰਚਾਰ ਖੇਤਰ ਵਿੱਚ ਲੋਕ ਪ੍ਰਤੀਨਿਧ ਐਕਟ 1951 ਅਤੇ ਆਦਰਸ਼ ਚੋਣ ਜ਼ਾਬਤੇ ਦੇ ਡਿਜ਼ਾਈਨ ਨੂੰ ਨਿਰਧਾਰਤ ਕਰਨ ਵਾਲੀਆਂ ਬੁਨਿਆਦੀ ਲੋੜਾਂ 'ਚ ਹੋਰ ਗੱਲਾਂ ਦੇ ਨਾਲ, ਪ੍ਰਕਾਸ਼ਕ ਦੀ ਪਛਾਣ ਦਾ ਖੁਲਾਸਾ ਕਰਨਾ ਵੀ ਹੈ ਅਤੇ ਇਸ ਤਰ੍ਹਾਂ ਪ੍ਰਕਾਸ਼ਿਤ ਸਮੱਗਰੀ ਦੀ ਵੀ ਉਸ ਦੀ ਜ਼ਿੰਮੇਵਾਰੀ ਹੈ। ਇਸੇ ਤਰ੍ਹਾਂ, ਆਰਪੀ ਐਕਟ 1951 ਦੀ ਧਾਰਾ 127 ਏ ਸਪੱਸ਼ਟ ਤੌਰ 'ਤੇ ਉਸ ਚੋਣ ਪੈਂਫਲਟ/ਪੋਸਟਰ ਨੂੰ ਪ੍ਰਕਾਸ਼ਿਤ ਕਰਨ ਦੀ ਮਨਾਹੀ ਕਰਦੀ ਹੈ ਜਿਸ 'ਤੇ ਨਾਂਅ ਅਤੇ ਪ੍ਰਕਾਸ਼ਕ ਦਾ ਨਾਂਅ ਦਰਜ ਨਹੀਂ ਹੈ। ਸੈਕਸ਼ਨ 127 ਏ ਦੀ ਧਾਰਾ (3)(ਬੀ) ਚੋਣ ਪੈਂਫਲੇਟ ਜਾਂ ਪੋਸਟਰ ਦੇ ਅਰਥ ਨੂੰ ਵਿਆਪਕ ਅਰਥ ਪ੍ਰਦਾਨ ਕਰਦਾ ਹੈ, ਜਿਸ ਵਿੱਚ ਪਲੇਕਾਰਡ ਜਾਂ ਪੋਸਟਰ ਵੀ ਸ਼ਾਮਲ ਹਨ। ਇਸ ਲਈ ਇਸ ਸ਼ਰਤ ਦੀ ਕਿਸੇ ਵੀ ਰੂਪ ਉਲੰਘਣਾ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ।ਉਨ੍ਹਾਂ ਨੇ ਸਾਰੀਆਂ ਮਿਉਂਸਪਲ ਅਥਾਰਟੀਆਂ ਜਾਂ ਅਜਿਹੀਆਂ ਅਥਾਰਟੀਆਂ ਜੋ ਹੋਰਡਿੰਗਜ਼/ਪੋਸਟਰਾਂ/ਬੈਨਰਾਂ ਆਦਿ ਲਈ ਜ਼ਿੰਮੇਵਾਰ ਹਨ, ਨੂੰ ਭਾਰਤੀ ਚੋਣ ਕਮਿਸ਼ਨ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਲਈ ਆਖਿਆ ਹੈ। ਇਸ ਤੋਂ ਇਲਾਵਾ, ਪ੍ਰਿੰਟਰ ਅਤੇ ਪ੍ਰਕਾਸ਼ਕ (ਰਾਜਨੀਤਿਕ ਪਾਰਟੀਆਂ/ਉਮੀਦਵਾਰ ਜਾਂ ਉਨ੍ਹਾਂ ਦੇ ਨੁਮਾਇੰਦੇ) ਨੂੰ ਵੀ ਸਿਧਾਂਤਕ ਤੌਰ 'ਤੇ ਉਕਤ ਹਦਾਇਤਾਂ ਦੀ ਪਾਲਣਾ ਕਰਨ ਲਈ ਕਿਹਾ ਗਿਆ ਹੈ।

## ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਬਾਬਾ ਸਾਹਿਬ ਡਾ. ਅੰਬੇਡਕਰ ਦਾ ਜਨਮ ਦਿਨ ਮੁਹੱਲਾ ਖਾਨਪੁਰੀ ਗੇਟ ਹੁਸ਼ਿਆਰਪੁਰ ਵਿੱਚ ਮਨਾਇਆ ਗਿਆ। ਇਸ ਮੌਕੇ ਬਾਬਾ ਜੀ ਦਾ ਸੁੰਦਰ ਦਰਬਾਰ ਸਜਾਇਆ ਗਿਆ। ਇਸ ਦੌਰਾਨ ਵੱਡੀ ਸੰਖਿਆ ਵਿੱਚ ਸ਼ਰਧਾਲੂ ਸ਼ਾਮਲ ਹੋਏ। ਪ੍ਰੋਗਰਾਮ ਦੌਰਾਨ ਗਾਇਕਾ ਬੱਬੂ ਅਤੇ ਪੰਡੀ ਨੇ ਬਾਬਾ ਜੀ ਦੀ ਮਹਿਮਾ ਦਾ ਗੁਣ ਗਾਣ ਕੀਤਾ। ਆਏ ਹੋਏ ਲੋਕਾਂ ਲਈ ਲੰਗਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਰਜੇਸ਼ ਕੁਮਾਰ, ਮਨੀਸ਼ ਆਦੀਆ, ਕੁਛ ਪੱਟੀ, ਮੋਹਿਤ ਪੱਟੀ, ਸੰਨੀ ਪੱਟੀ, ਰਾਜ ਕੁਮਾਰ, ਆਦੀਆ, ਪ੍ਰਿਥਵੀ ਰਾਜ, ਟੀਨੂ ਆਦਿ ਹਾਜ਼ਰ ਸਨ।

## ਡਾ. ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸੰਵਿਧਾਨ ਬਚਾਓ ਦੇਸ਼ ਬਚਾਓ ਦੇ ਸਲੋਗਨ ਹੇਠ ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਸੁਭਾਸ਼ ਨਗਰ ਹੁਸ਼ਿਆਰਪੁਰ ਵੱਲੋਂ ਹਰ ਸਾਲ ਦੀ ਤਰ੍ਹਾਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ 133ਵਾਂ ਜਨਮ ਦਿਹਾੜਾ ਬੜੀ ਧੂਮਧਾਮ ਨਾਲ ਸਭਾ ਦੇ ਪ੍ਰਧਾਨ ਮਲਾਵਾ ਰਾਮ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ। ਬੁਲਾਰਿਆਂ ਨੇ ਡਾਕਟਰ ਭੀਮ ਰਾਓ ਅੰਬੇਡਕਰ ਵੱਲੋਂ ਬਣਾਏ ਸੰਵਿਧਾਨ ਦੀ ਰੱਖਿਆ ਕਰਨ 'ਤੇ ਜ਼ੋਰ ਦਿੱਤਾ। ਕੇਂਦਰ ਵਿੱਚ ਰਾਜ ਕਰ ਰਹੀ ਸਰਕਾਰ ਵਲੋਂ ਦਲਿਤਾਂ ਅਤੇ ਘੱਟ ਗਿਣਤੀਆਂ ਦੇ ਲੋਕਾਂ ਨਾਲ ਕੀਤੀਆਂ ਜਾ ਰਹੀਆਂ ਜ਼ਿਆਦਤੀਆਂ ਚਿੰਤਾ ਦਾ ਵਿਸ਼ਾ ਹਨ। ਸਮਾਜ ਨੂੰ ਜਾਤਾਂ ਤੇ ਧਰਮਾਂ ਦੇ ਨਾਂ 'ਤੇ ਵੰਡਿਆ ਜਾ ਰਿਹਾ ਹੈ, ਬੇਰੁਜ਼ਗਾਰੀ ਤੇ ਮਹਿੰਗਾਈ ਵਿੱਚ ਨਿਰੰਤਰ ਵਾਧਾ ਕੀਤਾ ਜਾ ਰਿਹਾ ਹੈ। ਸੰਵਿਧਾਨ ਵਿੱਚ ਮੰਨੂ ਸਿਮਰਤੀ ਅਨੁਸਾਰ ਬੇਲੋੜੀਆਂ ਸੋਧਾਂ ਕੀਤੀਆਂ ਜਾ ਰਹੀਆਂ ਹਨ ਜਿਸ ਨਾਲ ਲਗਾਤਾਰ ਲੋਕਤੰਤਰ ਲਈ ਖਤਰਾ ਬਣਦਾ ਜਾ ਰਿਹਾ ਹੈ। ਇਸ ਸਾਰੇ ਨੂੰ ਦੇਖਦਿਆਂ ਹੋਇਆਂ ਦਲਿਤਾਂ ਤੇ ਪਛੜੀਆਂ ਜਮਾਤਾਂ ਦੇ ਲੋਕਾਂ ਨੂੰ ਇੱਕਮੁੱਠ ਹੋਣ ਦੀ ਹੋਣਾ ਹੀ ਸਮੇਂ ਦੀ ਵੱਡੀ ਲੋੜ ਹੈ ਅਤੇ ਇਕੱਠੇ ਹੋ ਕੇ ਸੰਵਿਧਾਨ ਅਤੇ ਦੇਸ਼ ਨੂੰ ਬਚਾਉਣ ਬਚਾਉਣਾ ਹੀ ਡਾਕਟਰ ਅੰਬੇਡਕਰ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਮੌਕੇ ਰੌਣਕੀ ਰਾਮ ਬੱਧਨ ਡੀ ਈ ਓ ਰਿਟਾਇਰ, ਡਾ. ਸਰਬਜੀਤ ਸਿੰਘ, ਕਲਕਟ, ਮਲਾਵਾ ਰਾਮ ਪ੍ਰਧਾਨ, ਸੁਲਿੰਦਰ ਸਿੰਘ ਜਨਰਲ ਸਕੱਤਰ, ਮੋਹਨ ਲਾਲ ਕੈਸ਼ੀਅਰ, ਹੰਸ ਰਾਜ, ਬਲਵਿੰਦਰ ਕੌਰ ਅਤੇ ਪਰਮਜੀਤ ਕੌਰ ਆਦਿ ਵੱਡੀ ਗਿਣਤੀ ਵਿੱਚ ਮੁਹੱਲਾ ਨਿਵਾਸੀ ਹਾਜ਼ਰ ਸਨ।

## ਕੰਗ ਸਾਥੀਆਂ ਸਮੇਤ ਖੁਰਾਲਗੜ੍ਹ ਵਿਖੇ ਹੋਏ ਨਤਮਸਤਕ



**ਮਾਹਿਲਪੁਰ (ਸ.ਫਰੀ)**-ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ੍ਰੀ ਮਾਲਵਿੰਦਰ ਸਿੰਘ ਕੰਗ ਨੇ ਵਿਸਾਖੀ ਮੌਕੇ ਸ਼੍ਰੀ ਗੁਰੂ ਰਵੀਦਾਸ ਜੀ ਦੀ ਚਰਨ ਛੋਹ ਧਰਤੀ ਦੀ ਖੁਰਾਲਗੜ ਵਿਖੇ ਆਪਣੇ ਸਾਥੀਆਂ ਨਾਲ ਮੱਥਾ ਟੇਕਿਆ। ਇਸ ਮੌਕੇ ਉਹਨਾ ਨਾਲ ਹਲਕਾ ਵਿਧਾਇਕ ਤੇ ਡਿਪਟੀ ਸਪੀਕਰ ਸ਼੍ਰੀ ਜੈ ਕ੍ਰਿਸਨ ਸਿੰਘ ਰੋੜੀ ਵੀ ਹਾਜ਼ਰ ਹਨ। ਸ਼੍ਰੀ ਖੁਰਾਲਗੜ੍ਹ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਬਾਬਾ ਕੇਵਲ ਸਿੰਘ ਨੇ ਸ਼੍ਰੀ ਮਾਲਵਿੰਦਰ ਸਿੰਘ ਕੰਗ ਤੇ ਜੈ ਕ੍ਰਿਸ਼ਨ ਸਿੰਘ ਰੋੜੀ ਦਾ ਸਿਰੋਪਾਓ ਪਾ ਕੇ ਸਨਮਾਨ ਕੀਤਾ। ਇਸ ਮੌਕੇ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਉਨ੍ਹਾ ਗੁਰੂ ਮਹਾਰਾਜ ਤੋਂ ਅਸ਼ੀਰਵਾਦ ਪ੍ਰਾਪਤ ਕਰਨ ਤੋਂ ਬਾਅਦ ਆਪਣੀ ਚੋਣ ਮੁਹਿੰਮ ਸ਼ੁਰੂ ਕੀਤੀ ਹੈ ਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੋਂ ਸੇਧ ਕੇ ਲੋਕ ਸੇਵਾ ਤੇ ਦੇਸ਼ ਦੀ ਸੇਵਾ ਕਰਾਂਗਾ। ਇਸ ਮੌਕੇ ਚਰਨਜੀਤ ਸਿੰਘ ਚੰਨੀ, ਸੰਜੇ ਕੁਮਾਰ ਪਿੱਪਲੀਵਾਲ, ਵੀਰ ਸਿੰਘ ਸਰਪੰਚ, ਬਲਜਿੰਦਰ ਸਿੰਘ ਅਟਵਾਲ, ਰਿੰਕੂ ਟਿੱਬੀਆਂ, ਵਰਿੰਦਰ ਨੈਨਵਾਂ, ਗੁਰਚੈਨ ਚੈਨੀ, ਸੰਜੀਵ ਭਵਾਨੀਪੁਰ, ਮੇਹਰ ਸਿੰਘ ਸਰਪੰਚ ਆਦਿ ਹਾਜ਼ਰ ਸਨ।

# ਸਰਬ ਨੌਜਵਾਨ ਸਭਾ ਨੇ ਵੋਕੇਸ਼ਨਲ ਸੈਂਟਰ 'ਚ ਮਨਾਇਆ ਵਿਸਾਖੀ ਦਾ ਤਿਉਹਾਰ



**ਫਗਵਾੜਾ (ਡਾ. ਰਮਨ)**- ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਵਲੋਂ ਵਿਸਾਖੀ ਦਾ ਤਿਉਹਾਰ ਸਥਾਨਕ ਸਕੀਮ ਨੰਬਰ 3 ਹੁਸ਼ਿਆਰਪੁਰ ਰੋਡ ਵਿਖੇ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ 'ਚ ਬੜੇ ਚਾਵਾਂ ਨਾਲ ਮਨਾਇਆ ਗਿਆ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਕਰਵਾਏ ਪ੍ਰੋਗਰਾਮ ਦੌਰਾਨ ਕਲਾਥ ਮਰਚੈਂਟ ਐਸੋਸੀਏਸ਼ਨ ਫਗਵਾੜਾ ਦੇ ਪ੍ਰਧਾਨ ਅਸ਼ੋਕ ਕੁਲਥਮ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਦਕਿ ਸਭਾ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਅਵਤਾਰ ਸਿੰਘ ਮੰਡ, ਆਮ ਆਦਮੀ ਪਾਰਟੀ ਐੱਸ.ਸੀ. ਵਿੰਗ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਸੰਤੋਸ਼ ਕੁਮਾਰ ਗੋਗੀ, ਅਲਾਇੰਸ ਇੰਟਰਨੈਸ਼ਨਲ ਦੇ ਡਾਇਰੈਕਟਰ ਓਵਰਸੀਜ਼ ਜਤਿੰਦਰ ਸਿੰਘ ਕੁੰਦੀ ਅਤੇ ਆਪ ਪਾਰਟੀ ਦੇ ਵਪਾਰ ਵਿੰਗ ਦੇ ਕੋਆਰਡੀਨੇਟਰ ਗੁਰਦੀਪ ਸਿੰਘ ਤੁਲੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੌਰਾਨ ਵੋਕੇਸ਼ਨਲ ਸੈਂਟਰ ਦੀਆਂ ਸਿਖਿਆਰਥਣਾਂ ਨੇ ਰੰਗਾਰੰਗ ਪ੍ਰੋਗਰਾਮ ਤਹਿਤ ਖ਼ੂਬਸੂਰਤ ਪੰਜਾਬੀ ਲੋਕ ਗੀਤ ਪੇਸ਼ ਕੀਤੇ। ਮੁੱਖ ਮਹਿਮਾਨ ਅਸ਼ੋਕ ਕੁਲਥਮ ਨੇ ਸਾਰਿਆਂ ਨੂੰ ਵਿਸਾਖੀ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਇਹ ਤਿਉਹਾਰ ਅਮੀਰ ਪੰਜਾਬੀ ਵਿਰਸੇ ਦੀ ਪਛਾਣ ਹੈ। ਅੱਜ ਦੇ ਦਿਨ ਦਸ਼ਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਨੀਂਹ ਰੱਖੀ ਸੀ। ਸੰਤੋਸ਼ ਕੁਮਾਰ ਗੋਗੀ ਅਤੇ ਜਤਿੰਦਰ ਸਿੰਘ ਕੁੰਦੀ ਨੇ ਵਿਸਾਖੀ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਵਿਸਾਖੀ ਦਾ ਤਿਉਹਾਰ ਪੰਜਾਬੀ ਨਵੇਂ ਸਾਲ ਦੀ ਸ਼ੁਰੂਆਤ ਦਾ ਪ੍ਰਤੀਕ ਹੈ। ਜਿਸ ਨੂੰ ਰਵਾਇਤੀ ਰੀਤੀ-ਰਿਵਾਜਾਂ ਨਾਲ ਮਨਾਇਆ ਜਾਂਦਾ ਹੈ। ਇਸ ਮਹੀਨੇ ਕਣਕ ਦੀ ਫ਼ਸਲ ਪੂਰੀ ਤਰ੍ਹਾਂ ਪੱਕ ਕੇ ਵਾਢੀ ਲਈ ਤਿਆਰ ਹੋ ਜਾਂਦੀ ਹੈ। ਇਸ ਲਈ ਇਹ ਤਿਉਹਾਰ ਕਿਸਾਨਾਂ ਲਈ ਵੀ ਵਿਸ਼ੇਸ਼ ਖੁਸ਼ੀਆਂ ਲੈ ਕੇ ਆਉਂਦਾ ਹੈ।

ਪ੍ਰੋਗਰਾਮ ਦੌਰਾਨ ਕਵੀ ਦਰਬਾਰ ਵੀ ਕਰਵਾਇਆ ਗਿਆ। ਜਿਸ ਵਿੱਚ ਹਰਚਰਨ ਭਾਰਤੀ, ਮਨੋਜ ਫਗਵਾੜੀ, ਬਲਦੇਵ ਕੋਮਲ, ਸੁਖਦੇਵ ਗੰਡਵਾਂ ਆਦਿ ਨੇ ਪ੍ਰਭਾਵਸ਼ਾਲੀ ਕਵਿਤਾਵਾਂ ਰਾਹੀਂ ਵਿਸਾਖੀ ਦੀ ਵਧਾਈ ਦਿੱਤੀ। ਪ੍ਰੋਗਰਾਮ ਦੇ ਅੰਤ ਵਿੱਚ ਸਭਾ ਦੀ ਸਲਾਹਕਾਰ ਕਮੇਟੀ ਮੈਂਬਰ ਅਵਤਾਰ ਸਿੰਘ ਮੰਡ ਦੇ ਜਨਮ ਦਿਨ ਦਾ ਕੇਕ ਕੱਟਿਆ ਗਿਆ ਅਤੇ ਉਨ੍ਹਾਂ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ ਗਈਆਂ। ਪ੍ਰਧਾਨ ਸੁਖਵਿੰਦਰ ਸਿੰਘ ਨੇ ਆਏ ਹੋਏ ਸਾਰੇ ਪਤਵੰਤਿਆਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਲੈਕਚਰਾਰ ਹਰਜਿੰਦਰ ਗੋਗਨਾ ਨੇ ਕੀਤਾ। ਇਸ ਮੌਕੇ ਸਭਾ ਦੇ ਖਜ਼ਾਨਚੀ ਡਾ. ਕੁਲਦੀਪ ਸਿੰਘ, ਮੈਨੇਜਰ ਜਗਜੀਤ ਸੇਠ, ਮੈਡਮ ਤਨੂ, ਮੈਡਮ ਸਪਨਾ ਸ਼ਾਰਦਾ, ਮੈਡਮ ਆਸ਼ੂ ਬੱਗਾ, ਸਾਹਿਬਜੀਤ ਸਿੰਘ ਸਾਬੀ, ਮਨਦੀਪ ਬਾਸੀ, ਡਾ. ਨਰੇਸ਼ ਬਿੱਟੂ, ਰਾਜਕੁਮਾਰ ਰਾਜਾ, ਜਸ਼ਨ ਮਹਿਰਾ, ਰਾਜ ਬਸਰਾ, ਗੁਰਸ਼ਰਨ ਬਾਸੀ, ਨਰਿੰਦਰ ਸੈਣੀ ਤੋਂ ਇਲਾਵਾ ਸੈਂਟਰ ਦੀਆਂ ਵਿਦਿਆਰਥਣਾਂ ਈਸ਼ਾ, ਮੁਸਕਾਨ ਸ਼ਰਮਾ, ਲਕਸ਼ਮੀ, ਦਿਵਿਆ, ਕੌਸ਼ਲਿਆ, ਕੋਮਲ ਕੌਰ, ਰੋਜ਼ੀ ਰਾਏ, ਆਰਤੀ, ਸੋਨੀਆ, ਸਿਮਰਨ, ਪਿੰਕੀ, ਸਲੋਨੀ ਯਾਦਵ, ਹਰਪ੍ਰੀਤ ਕੌਰ, ਸਵਿਤਾ, ਮਨਪ੍ਰੀਤ, ਦਲਜੀਤ, ਵਿਸ਼ਾਖਾ, ਸੰਜਨਾ, ਪਲਕ, ਨੇਹਾ, ਮਨਦੀਪ ਕੌਰ, ਕਾਜਲ, ਰਮਨਦੀਪ ਕੌਰ, ਅੰਜਲੀ, ਅਕਵਿੰਦਰ ਕੌਰ, ਤਾਨੀਆ, ਕੋਮਲ, ਹਰਮਨਪ੍ਰੀਤ, ਮੁਸਕਾਨ, ਪ੍ਰਿਆ, ਸਿਮਰਨ, ਕਾਜਲ, ਅੰਜਲੀ ਹੀਰ, ਕੁਲਦੀਪ, ਜੈਸਮੀਨ ਆਦਿ ਹਾਜ਼ਰ ਸਨ।

# ਹਰ ਵੋਟ ਹੁੰਦੀ ਹੈ ਕੀਮਤੀ : ਅਨੁਰਾਗ ਅਗਰਵਾਲ

**ਚੰਡੀਗੜ੍ਹ (ਕ੍ਰਿਸ਼ਨ ਗਰਗ )**- ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਸੂਬੇ ਦੇ 1 ਕਰੋੜ 99 ਲੱਖ 35 ਹਜ਼ਾਰ 770 ਰਜਿਸਟਰਡ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ, 25 ਮਈ ਨੂੰ ਹੋਣ ਵਾਲੇ ਹਰਿਆਣਾ ਵਿਚ ਹੋਣ ਵਾਲੀਆਂ ਲੋਕ ਸਭਾ ਦੇ ਆਮ ਚੋਣਾਂ ਵਿਚ ਵੱਧ-ਚੜ੍ਹ ਕੇ ਵੋਟਿੰਗ ਕਰਨ ਕਿਉਂਕਿ ਲੋਕਤੰਤਰ ਵਿਚ ਹਰ ਵੋਟ ਕੀਮਤੀ ਹੁੰਦੀ ਹੈ ਅਤੇ ਇੱਥੇ ਤਕ ਕਿ ਕਦੀ-ਕਦੀ ਤਾਂ ਉਮੀਦਵਾਰ ਮਾਮੂਲੀ ਅੰਤਰ ਨਾਲ ਵੀ ਜਿੱਤ ਦਰਜ ਕਰਦਾ ਹੈ। ਅਨੁਰਾਗ ਅਗਰਵਾਲ ਚੋਣ ਪ੍ਰਬੰਧਾਂ ਨੂੰ ਲੈ ਕੇ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ।ਮੁੱਖ ਚੋਣ ਅਧਿਕਾਰੀ ਨੇ ਸਾਰੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਲੋਕਤੰਤਰ ਦਾ ਪਰਵ-ਦੇਸ਼ ਦਾ ਗਰਵ ਵਿਚ ਆਪਣਾ ਯੋਗਦਾਨ ਦੇਣ ਲਈ ਅੱਗੇ ਆਉਣ।

ਸੂਬੇ ਵਿਚ ਟ੍ਰਾਂਸਜੇਂਡਰ ਵੋਟਰਾਂ ਦੀ ਗਿਣਤੀ 460 ਹੈ। ਅਨੁਰਾਗ ਅਗਰਵਾਲ ਨੇ ਦੱਸਿਆ ਕਿ ਸੂਬੇ ਵਿਚ ਗੁੜਗਾਓਂ ਲੋਕ ਸਭਾ ਖੇਤਰ ਵਿਚ ਸਭ ਤੋਂ ਵੱਧ 25 ਲੱਖ 38 ਹਜ਼ਾਰ 463 ਰਜਿਸਟਰਡ ਵੋਟਰ ਹਨ, ਜਦੋਂ ਕਿ ਫਰੀਦਾਬਾਦ ਲੋਕ ਸਭਾ ਖੇਤਰ ਵਿਚ 24 ਲੱਖ 4 ਹਜ਼ਾਰ 733 ਰਜਿਸਟਰਡ ਵੋਟਰ ਹਨ। ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਸੀ-ਵਿਜਿਲ ਐਪ ਬਣਾਈ ਗਈ ਹੈ। ਇਸ ਐਪ ਰਾਹੀਂ ਕਿਤੇ ਵੀ ਜੇਕਰ ਚੋਣ ਜ਼ਾਬਤਾ ਦਾ ਉਲੰਘਣ ਦੀ ਜਾਣਕਾਰੀ ਨਾਗਰਿਕਾਂ ਨੂੰ ਹੁੰਦੀ ਹੈ ਤਾਂ ਉਹ ਇਸ ਐਪ ਰਾਹੀਂ ਆਪਣੀ ਸ਼ਿਕਾਇਤ ਦਰਜ ਕਰ ਸਕਦੇ ਹਨ। ਇਸ ਸ਼ਿਕਾਇਤ ਦਾ ਨਿਪਟਾਨ 100 ਮਿੰਟ ਦੇ ਅੰਦਰ ਵਿਭਾਗ ਦੇ ਅਧਿਕਾਰੀਆਂ ਵੱਲੋਂ ਕੀਤਾ ਜਾਂਦਾ ਹੈ। ਉਨ੍ਹਾਂ ਨੇ ਦਸਿਆ ਕਿ ਹੁਣ ਤਕ ਸੂਬੇ ਵਿਚ 1666 ਸ਼ਿਕਾਇਤਾਂ ਸੀ-ਵਿਜਿਲ ਐਪ 'ਤੇ ਵਿਭਾਗ ਨੂੰ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ ਵਧੀਕ ਰਿਟਰਨਿੰਗ ਅਧਿਕਾਰੀ ਜਾਂ ਰਿਟਰਨਿੰਗ ਅਧਿਕਾਰੀਆਂ ਵੱਲੋਂ 1383 ਸ਼ਿਕਾਇਤਾਂ ਨੂੰ ਸਹੀ ਪਾਇਆ ਗਿਆ ਅਤੇ ਉਨ੍ਹਾਂ ਦਾ ਨਿਪਟਾਨ ਨਿਯਮ ਅਨੁਸਾਰ ਕੀਤਾ ਗਿਆ ਹੈ।

# ਪਾਂਸ਼ਟਾ 'ਚ ਵਿਸਾਖੀ ਜੋੜ-ਮੇਲਾ ਧੂਮਧਾਮ ਮਨਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਪਾਂਸ਼ਟਾ ਵਿਖੇ ਦੋਆਬਾ ਇਲਾਕੇ ਦਾ ਪ੍ਰਸਿੱਧ ਮੰਦਰ ਸ੍ਰੀ ਸਤਿ ਬਾਬਾ ਕਾਲੂ ਮਹਾਰਾਜ ਦੇ ਸਮਾਧ 'ਤੇ ਸਮੂਹ ਨਗਰ ਨਿਵਾਸੀ, ਪ੍ਰਬੰਧਕ ਕਮੇਟੀ ਸਮਾਧ ਸਤਿ ਬਾਬਾ ਕਾਲੂ ਜੀ, ਗ੍ਰਾਮ ਪੰਚਾਇਤ, ਨੌਜਵਾਨ ਸਭਾ ਪਾਂਸ਼ਟਾ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਸਲਾਨਾ ਵਿਸਾਖੀ ਜੋੜ ਮੇਲਾ ਕਰਵਾਇਆਂ ਗਿਆ।ਇਸ ਮੌਕੇ ਮੰਦਰ ਪ੍ਰਧਾਨ ਮਾਸਟਰ ਜਗਦੀਸ਼ ਸਿੰਘ, ਪ੍ਰਿੰਸੀਪਲ ਅਸ਼ੋਕ ਕੁਮਾਰ ਪਰਮਾਰ ਪਾਂਸ਼ਟਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ੍ਰੀ ਰਮਾਇਣ ਦੇ ਭੋਗ ਪਾਏ ਗਏ। ਉਪਰੰਤ ਪੰਜਾਬ ਦੇ ਨਾਮਵਰ ਕਲਾਕਾਰ ਬਲਵੀਰ ਰਾਗਿਨੀ, ਰੋਹਿਤ ਕੁਮਾਰ ਪਾਂਸ਼ਟਾ ਨੇ ਬਾਬਾ ਜੀ ਦੇ ਗੁਣ ਗਾਇਨ ਕੀਤੇ। ਉਨ੍ਹਾਂ ਦੱਸਿਆ ਬਾਬਾ ਜੀ ਦੀ ਪੂਜਾ ਅਰਚਨਾ ਕੀਤੀ ਗਈ ਅਤੇ ਝੰਡੇ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਗਈ।ਉਪਰੰਤ ਪੰਜਾਬ ਦੇ ਨਾਮਵਰ ਕਲਾਕਾਰ ਮੁਕੇਸ਼ ਅਨਾਇਤ, ਨਵੀਸ ਚੌਹਾਨ, ਕੰਠ ਕਲੇਰ, ਇੰਟਰਨੈਸ਼ਨਲ ਕਲਾਕਾਰ ਭਜਨ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸਲਾਨਾ ਜੋੜ ਮੇਲੇ ਵਿਚ ਜੋਗੀ ਵਿਵੇਕਾ ਨਾਥ ਜੀ ਮਹਾਕਾਲ ਧਾਮ ਸ਼ਿਵ ਮੰਦਰ ਪਲਾਹੀ ਤੋਂ ਇਲਾਵਾ ਵੱਡੀ ਗਿਣਤੀ ਸੰਤ ਮਹਾਂਪੁਰਸ਼ ਪੁੱਜ ਕੇ ਹਾਜ਼ਰੀ ਭਰੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਕਮੇਟੀ ਪ੍ਰਧਾਨ ਮਾਸਟਰ ਜਗਦੀਸ਼ ਸਿੰਘ, ਪ੍ਰਿੰਸੀਪਲ ਅਸ਼ੋਕ ਕੁਮਾਰ ਪਰਮਾਰ ਸੈਕਟਰੀ, ਅਜੇ ਪਰਮਾਰ ਖਜ਼ਾਨਚੀ, ਹਰਭਜਨ ਸਿੰਘ ਮੈਂਬਰ, ਨਰਿੰਦਰ ਪਰਮਾਰ, ਨੀਰੂ ਪਰਮਾਰ, ਮੀਨਾਕਸ਼ੀ ਭਨੋਟ, ਅਜੀਤ ਸਿੰਘ ਐਨ ਆਰ ਆਈ, ਰਣਵੀਰ ਸਿੰਘ ਪਰਮਾਰ, ਵਿਜੈ ਕੁਮਾਰ, ਦਿਲਾਵਰ ਸਿੰਘ ਪਰਮਾਰ, ਜਗਦੀਸ਼ ਕੁਮਾਰ, ਆਸਾ ਰਾਮ, ਪੰਡਿਤ ਉਮੇਸ਼ ਕੁਮਾਰ, ਦਲਜੀਤ ਸਿੰਘ ਪਰਮਾਰ, ਰਿੰਕੂ ਗਿੱਲ, ਦੀਪਕ ਕੁਮਾਰ ਤੋ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।ਇਸ ਮੌਕੇ ਚਾਹ ਪਕੌੜੇ ਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।

# ਪੰਜਾਬ ਕਲਾ ਮੰਚ ਵੱਲੋਂ ਰੁੜਕੀ ਹੀਰਾਂ ਵਿਖੇ ਪ੍ਰਸ਼ਨ-ਉੱਤਰ ਮੁਕਾਬਲੇ



**ਸ੍ਰੀ ਚਮਕੌਰ ਸਾਹਿਬ , (ਗੁਰਵਿੰਦਰਪਾਲ ਸਿੰਘ ਬੌਬੀ)**-ਪੰਜਾਬ ਕਲਾ ਮੰਚ ਪੰਜਾਬ ਵੱਲੋਂ ਚਮਕੌਰ ਸਾਹਿਬ ਦੇ ਨਜ਼ਦੀਕੀ ਪਿੰਡ ਰੁੜਕੀ ਹੀਰਾਂ ਵਿੱਚ 325ਵੇਂ ਖਾਲਸਾ ਪੰਥ ਸਾਜਨਾ ਦਿਵਸ ਦੇ ਸਬੰਧ ਵਿੱਚ ਲੋਕਲ ਗੁਰਦੁਆਰਾ ਕਮੇਟੀ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਧਾਰਮਿਕ ਪ੍ਰਸ਼ਨ ਉੱਤਰ ਮਕਾਬਲੇ ਕਰਵਾਏ ਗਏ। ਇਸ ਵਿੱਚ ਪੰਜਾਬ ਕਲਾ ਮੰਚ ਦੀ ਟੀਮ ਨੇ ਸਿੱਖ ਇਤਿਹਾਸ ਸਿੰਘਾਂ ਦੀਆਂ ਕੁਰਬਾਨੀਆਂ ਅਤੇ ਖਾਲਸੇ ਦੇ ਸਾਜਨਾ ਦਿਵਸ ਸਬੰਧੀ ਬੱਚਿਆਂ ਨੂੰ ਜਾਣਕਾਰੀ ਦਿੱਤੀ। ਮੰਚ ਦੇ ਮੀਤ ਪ੍ਰਧਾਨ ਕੈਪਟਨ ਹਰਪਾਲ ਸਿੰਘ ਸੰਧੂ ਵੱਲੋਂ ਧਾਰਮਿਕ ਕਵਿਤਾ ਪੇਸ਼ ਕੀਤੀ ਗਈ। ਮੰਚ ਦੇ ਪ੍ਰਧਾਨ ਕੁਲਜਿੰਦਰਜੀਤ ਸਿੰਘ ਬੰਬਰ ਵੱਲੋਂ ਬੱਚਿਆਂ ਦੇ ਧਾਰਮਿਕ ਪ੍ਰਸ਼ਨ ਉੱਤਰ ਮੁਕਾਬਲੇ ਕਰਵਾਏ ਗਏ ਅਤੇ ਸਹੀ ਜਵਾਬ ਦੇਣ ਵਾਲੇ ਬੱਚਿਆਂ ਨੂੰ ਮੈਡਲਾਂ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਭਾਈ ਬਹਾਦਰ ਸਿੰਘ, ਭਾਈ ਜਸਪਾਲ ਸਿੰਘ, ਰਜਿੰਦਰ ਸਿੰਘ, ਗੁਰਮੀਤ ਸਿੰਘ, ਹਰਨੇਕ ਸਿੰਘ, ਅਮਰਜੀਤ ਸਿੰਘ, ਹਰਜਿੰਦਰ ਸਿੰਘ, ਬਲਜੀਤ ਸਿੰਘ, ਸਰਬਜੀਤ ਕੌਰ ਅਤੇ ਸੇਵਾ ਸਿੰਘ ਆਦਿ ਹਾਜ਼ਰ ਸਨ।

# ਮੋਮਬੱਤੀਆਂ ਜਗਾ ਦੇ ਡਾਕਟਰ ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ



**ਫਗਵਾੜਾ (ਜਸਵਿੰਦਰ ਢੱਡਾ)**- ਬਾਬਾ ਸਾਹਿਬ ਡਾ.ਬੀ.ਆਰ.ਅੰਬੇਡਕਰ ਸੁਸਾਇਟੀ ਰਜਿ, ਰੇਲ ਕੋਚ ਫੈਕਟਰੀ, ਕਪੂਰਥਲਾ ਵੱਲੋਂ ਔਰਤਾਂ ਦੇ ਮੁਕਤੀਦਾਤਾ, ਕਰੋੜਾਂ ਲੋਕਾਂ ਦੇ ਮਸੀਹਾ, ਯੁੱਗ ਪੁਰਸ਼ ਅਤੇ ਆਧੁਨਿਕ ਭਾਰਤ ਦੇ ਨਿਰਮਾਤਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੀ 133ਵੀਂ ਜੈਅੰਤੀ ਦੀ ਪੂਰਵ ਸੰਧਿਆ 'ਤੇ ਸੁਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ ਅਤੇ ਜਨਰਲ ਸਕੱਤਰ ਧਰਮ ਪਾਲ ਪੈਂਥਰ ਦੀ ਅਗਵਾਈ ਹੇਠ ਅੰਬੇਡਕਰੀ ਸਾਥੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਦੇ ਸਹਿਯੋਗ ਨਾਲ ਡਾਕਟਰ ਭੀਮ ਰਾਓ ਅੰਬੇਡਕਰ ਚੌਕ ਪ੍ਰਸ਼ਾਸਨਿਕ ਭਵਨ ਦੇ ਸਾਹਮਣੇ 14-14 ਮੋਮਬੱਤੀਆਂ ਜਗਾਈਆਂ ਗਈਆਂ। ਇਸ ਸ਼ੁੱਭ ਮੌਕੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ ਅਤੇ ਜਨਰਲ ਸਕੱਤਰ ਧਰਮ ਪਾਲ ਪੈਂਥਰ ਨੇ ਬਾਬਾ ਸਾਹਿਬ ਦੇ ਜਨਮ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਚੌਕ ਦੀ ਸ਼ਾਨ ਨੂੰ ਬਰਕਰਾਰ ਰੱਖਣ ਅਤੇ ਬਾਬਾ ਸਾਹਿਬ ਦੇ ਵਿਚਾਰਾਂ ਪ੍ਰਤੀ ਜਾਗਰੂਕਤਾ ਫੈਲਾਉਣ ਦੇ ਮਕਸਦ ਨਾਲ ਮੋਮਬੱਤੀਆਂ ਜਗਾਈਆਂ ਅਤੇ ਸਮਾਜ ਵਿੱਚ ਮਿਸ਼ਨ ਪ੍ਰਤੀ ਚੇਤਨਾ ਜਗਾਉਣ ਲਈ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਹੈ। ਜੇਕਰ ਬਾਬਾ ਸਾਹਿਬ ਦਾ ਜਨਮ ਨਾ ਹੁੰਦਾ ਤਾਂ ਇਸ ਦੇਸ਼ ਦੇ ਕਰੋੜਾਂ ਲੋਕਾਂ ਦਾ ਜੀਵਨ ਪੱਧਰ ਅਤੇ ਦੇਸ਼ ਦਾ ਨਕਸ਼ਾ ਵੱਖਰਾ ਹੋਣਾ ਸੀ। ਅੱਜ ਬਾਬਾ ਸਾਹਿਬ ਦੇ ਭਾਰਤੀ ਸੰਵਿਧਾਨ ਵਿਚਲੇ ਲੋਕਤੰਤਰੀ ਸਿਧਾਂਤ ਦਾ ਪੂਰੀ ਦੁਨੀਆ ਵਿਚ ਡੰਕਾ ਵਜ ਰਿਹਾ ਹੈ। ਬੇਸ਼ੱਕ ਸਮੇਂ-ਸਮੇਂ 'ਤੇ ਬਣੀਆਂ ਸਰਕਾਰਾਂ ਨੇ ਲੋਕਤੰਤਰੀ ਢਾਂਚੇ ਨਾਲ ਛੇੜਛਾੜ ਕਰਕੇ ਦੇਸ਼ ਨੂੰ ਤਾਨਾਸ਼ਾਹੀ ਵੱਲ ਧੱਕ ਰਹੀਆਂ ਹਨ, ਜੋ ਭਵਿੱਖ ਲਈ ਖ਼ਤਰੇ ਦੀ ਘੰਟੀ ਹੈ। ਸੁਸਾਇਟੀ ਹਮੇਸ਼ਾ ਸਮੇਂ-ਸਮੇਂ 'ਤੇ ਸੈਮੀਨਾਰ ਕਰਵਾ ਕੇ ਸਮਾਜ ਨੂੰ ਇਸ ਸਬੰਧੀ ਜਾਗਰੂਕ ਕਰਦੀ ਰਹਿੰਦੀ ਹੈ। ਇਸ ਮੌਕੇ ਤੇ ਲਾਰਡ ਬੁੱਧਾ ਐਜੂਕੇਸ਼ਨ ਟਰੱਸਟ ਦੇ ਪ੍ਰਧਾਨ ਪੂਰਨ ਸਿੰਘ, ਮਿਸ਼ਨਰੀ ਲੇਖਕ ਆਰ. ਕੇ. ਪਾਲ, ਚਿੰਤਕ ਨਿਰਵੈਰ ਸਿੰਘ, ਓ ਬੀ ਸੀ ਐਸੋਸੀਏਸ਼ਨ ਦੇ ਜ਼ੋਨਲ ਪ੍ਰਧਾਨ ਅਰਵਿੰਦ ਕੁਮਾਰ, ਸਾਬਕਾ ਪ੍ਰਧਾਨ ਉਮਾਸ਼ੰਕਰ ਸਿੰਘ, ਭਾਰਤੀਆ ਬੋਧ ਮਹਾਂਸਭਾ ਦੇ ਪ੍ਰਧਾਨ ਸੁਰੇਸ਼ ਚੰਦਰ ਬੋਧ, ਬਾਮਸੇਫ ਦੇ ਪ੍ਰਧਾਨ ਸੂਰਜ ਸਿੰਘ, ਐਸ ਸੀ/ਐਸ ਟੀ ਐਸੋਸੀਏਸ਼ਨ ਦੇ ਸਕੱਤਰ ਕਰਨ ਸਿੰਘ, ਦਿਨੇਸ਼ ਕੁਮਾਰ ਅਤੇ ਰੰਗਮੰਚ ਦੇ ਕਲਾਕਾਰ ਰਾਜ ਕੁਮਾਰ ਪ੍ਰਜਾਪਤੀ ਆਦਿ ਨੇ ਸਾਂਝੇ ਤੌਰ 'ਤੇ ਕਿਹਾ ਕਿ ਬੇਸ਼ੱਕ ਚੌਕ ਦਾ ਨਾਂਅ ਬਾਬਾ ਸਾਹਿਬ ਦੇ ਨਾਂਅ 'ਤੇ ਹੈ ਪਰ ਜਦੋਂ ਤੱਕ ਆਰ ਸੀ ਐਫ ਪ੍ਰਸ਼ਾਸਨ ਚੌਕ ਵਿੱਚ ਬੁੱਤ ਨਹੀਂ ਲਗਾਉਂਦਾ, ਉਦੋਂ ਤੱਕ ਐਸ ਸੀ/ਐਸ ਟੀ ਐਸੋਸੀਏਸ਼ਨ, ਓ ਬੀ ਸੀ ਐਸੋਸੀਏਸ਼ਨ ਅਤੇ ਸਮਾਜ ਦੀਆਂ ਹੋਰ ਭਰਾਤਰੀ ਜਥੇਬੰਦੀਆਂ ਵੱਲੋਂ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਸੰਤੋਖ ਰਾਮ ਜਨਾਗਲ, ਮੀਤ ਪ੍ਰਧਾਨ ਨਿਰਮਲ ਸਿੰਘ, ਪੂਰਨ ਚੰਦ ਬੋਧ, ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸੇਵਕ ਸਭਾ ਦੇ ਸਾਬਕਾ ਪ੍ਰਧਾਨ ਅਮਰਜੀਤ ਸਿੰਘ ਮੱਲ, ਕ੍ਰਿਸ਼ਨ ਸਿੰਘ, ਪ੍ਰਮੋਦ ਸਿੰਘ, ਸ਼ਿਵ ਕੁਮਾਰ ਸੁਲਤਾਨਪੁਰੀ, ਸੋਹਨਵੀਰ, ਜਸਵੀਰ ਹਲੂਵਾਲੀਆ, ਸੁਦੇਸ਼ ਪਾਲ ਐੱਸ ਐੱਸ ਈ, ਤੇਜ਼ ਪਾਲ ਬੋਧ, ਐਸ. ਕੇ. ਭਾਰਤੀ, ਰਾਕੇਸ਼ ਕੁਮਾਰ, ਪੰਕਜ ਕੁਮਾਰ, ਸੋਹਣ ਲਾਲ, ਲਾਭ ਸਿੰਘ ਅਤੇ ਮੈਡਮ ਗੀਤਾ ਬੋਧ ਆਦਿ ਨੇ ਭਾਗ ਲਿਆ।

# ਲੋਕਾਂ ਨੂੰ ਜਾਗਰੂਕ ਕਰਨ ਲਈ ਵਿਸ਼ਾਲ ਚੇਤਨਾ ਮਾਰਚ ਕੱਢਿਆ




**ਮਾਹਿਲਪੁਰ (ਸ.ਫਰੀ)**- ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਅੰਬੇਡਕਰ ਦੇ ਜਨਮ ਦਿਵਸ ਮੌਕੇ ਮਾਹਿਲਪੁਰ 'ਚ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਇੱਕਜੁੱਟ ਹੋ ਕੇ ਤਾਨਾਸ਼ਾਹੀ, ਫਿਰਕਾਪ੍ਰਸਤੀ ਤੇ ਨਾਬਰਾਬਰੀ ਵਿਰੁੱਧ ਲਹਿਰ ਉਸਾਰਨ ਦਾ ਸੱਦਾ ਦਿੱਤਾ। ਪੂਰੇ ਦੇਸ਼ ਅੰਦਰ ਅੱਜ ਭਾਰਤੀ ਸਵਿੰਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ 133ਵੀਂ ਜੈਯੰਤੀ ਮੌਕੇ ਉਨ੍ਹਾ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ 'ਤੇ ਬਰਾਬਰੀ ਦਾ ਸਮਾਜ ਸਿਰਜਣ ਦੇ ਸੰਕਲਪ ਨੂੰ ਸਾਰਥਿਕ ਰੂਪ ਦੇਣ ਲਈ ਵਿਸ਼ੇਸ਼ ਸਮਾਗਮਾਂ ਦਾ ਆਯੋਜਨ ਕੀਤਾ ਗਿਆ।ਹਰ ਸਾਲ ਦੀ ਤਰ੍ਹਾਂ ਜੈ ਭੀਮ ਕਾਰਵਾਂ ਸੁਸਾਇਟੀ ਰਜਿ: ਮਾਹਿਲਪੁਰ ਵੱਲੋਂ ਕਸਬਾ ਮਾਹਿਲਪੁਰ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਸ਼ਾਲ ਚੇਤਨਾ ਮਾਰਚ ਕੱਢਿਆ ਗਿਆ।ਇਸ ਚੇਤਨਾ ਮਾਰਚ ਦਾ ਫਗਵਾੜਾ ਰੋਡ ਮਾਹਿਲਪੁਰ ਸਥਿਤ ਭਗਵਾਨ ਸ਼੍ਰੀ ਬਾਲਮੀਕ ਮਹਾਰਾਜ ਜੀ ਦੇ ਮੰਦਿਰ ਵਿਖੇ ਪਹੁੰਚਣ ਤੇ ਇਲਾਕਾ ਮਾਹਿਲਪੁਰ ਚੱਬੇਵਾਲ ਦੇ ਸੰਯੁਕਤ ਕਿਸਾਨ ਮੋਰਚੇ ਦੇ ਸਮੱਰਥਕ ਕਿਸਾਨਾਂ, ਨੌਜਵਾਨਾਂ ਤੇ ਇਲਾਕਾ ਨਿਵਾਸੀਆਂ ਵਲੋਂ ਭਰਵਾਂ ਸੁਆਗਤ ਕੀਤਾ ਗਿਆ। ਕਿਸਾਨ ਆਗੂਆਂ ਵੱਲੋਂ ਚੇਤਨਾ ਮਾਰਚ 'ਚ ਸੁਸ਼ੋਭਿਤ ਡਾਕਟਰ ਭੀਮ ਰਾਓ ਅੰਬੇਡਕਰ ਦੀ ਤਸਵੀਰ 'ਤੇ ਫੁੱਲਾਂ ਦੀ ਵਰਖਾ ਕੀਤੀ ਗਈ ਤੇ ਚੇਤਨਾ ਮਾਰਚ ਦੇ ਸੰਚਾਲਕਾਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਕਿਹਾ ਕਿ ਦੇਸ਼ ਦੇ ਮੌਜੂਦਾ ਚਿੰਤਾਜਨਕ ਹਾਲਾਤਾਂ ਦੇ ਮੱਦੇਨਜ਼ਰ ਸਮਾਜ ਦੇ ਸਾਰੇ ਵਰਗਾਂ ਨੂੰ ਇਕੱਠੇ ਹੋ ਕੇ ਭਾਰਤੀ ਸੰਵਿਧਾਨ ਤੇ ਦੇਸ਼ ਦੀ ਏਕਤਾ ਅਖੰਡਤਾ ਬਚਾਉਣ ਲਈ ਸੰਘਰਸ਼ਾਂ ਦੇ ਮੈਦਾਨ ਵਿੱਚ ਜੂਝਣ ਤੇ ਆਪਸੀ ਭਾਈਚਾਰਕ ਸਾਂਝ ਮਜ਼ਬੂਤ ਕਰਨ ਦੀ ਲੋੜ ਹੈ। ਡਾਕਟਰ ਅੰਬੇਡਕਰ ਦੁਆਰਾ ਆਮ ਨਾਗਰਿਕਾਂ ਨੂੰ ਦਿੱਤੇ ਸਵਿੰਧਾਨ ਤਹਿਤ ਦਿੱਤੇ ਮੌਲਿਕ ਅਧਿਕਾਰਾਂ ਦੀ ਰਾਖੀ ਕਰਨ ਦੇ ਨਾਲ-ਨਾਲ ਆਪਣੇ ਕਰਤੱਵਾਂ ਦੀ ਪਾਲਣਾ ਕਰਨੀ ਵੀ ਅਤਿਅੰਤ ਜ਼ਰੂਰੀ ਹੈ ਤਾਂ ਹੀ ਦੇਸ਼ ਨੂੰ ਆਰਥਿਕ, ਸਮਾਜਿਕ ਤੇ ਰਾਜਨੀਤਕ ਸੰਕਟ ਚੋਂ ਕੱਢਿਆ ਜਾ ਸਕੇਗਾ।ਉਨ੍ਹਾਂ ਕਿਹਾ ਕਿ ਉਹ ਆਪਣੇ ਮਜ਼ਦੂਰ ਭਰਾਵਾਂ ਨਾਲ ਹਰ ਵਕਤ ਮੋਢੇ ਨਾਲ ਮੋਢਾ ਜੋੜ ਕੇ ਖੜਨ ਤੇ ਦੁੱਖ-ਸੁੱਖ ਵਿੱਚ ਸਾਥ ਨਿਭਾਉਣ ਲਈ ਵਚਨਬੱਧ ਹਨ।ਚੇਤਨਾ ਮਾਰਚ ਵਿੱਚ ਸ਼ਾਮਲ ਅੰਬੇਡਕਰ ਦੀ ਸੋਚ 'ਤੇ ਪਹਿਰਾ ਦੇਣ ਵਾਲੇ ਸੰਘਰਸ਼ੀ ਲੋਕਾਂ ਲਈ ਆਈਸ ਕਰੀਮ ਦੇ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ ਸੀ।ਇਸ ਮੌਕੇ ਉੱਘੇ ਪੰਜਾਬੀ ਗੀਤਕਾਰ ਗੁਰਮਿੰਦਰ ਕੈਂਡੋਵਾਲ, ਨਿਰਮਲ ਸਿੰਘ ਮੁੱਗੋਵਾਲ, ਸੀਮਾ ਰਾਣੀ ਬੋਧ, ਨਿਰਮਲ ਕੌਰ ਬੱਧਣ, ਮਲਕੀਤ ਸਿੰਘ ਹੀਰ, ਸੰਦੀਪ ਸਿੰਘ ਠੰਡਲ, ਮਨਦੀਪ ਬਾਬੂ ਮਾਹਿਲਪੁਰੀ, ਅਮਰੀਕ ਸਿੰਘ, ਰਵੀ ਕੁਮਾਰ, ਹਰਪਾਲ ਸਿੰਘ ਤੇ ਕਿਸ਼ਨ ਭਾਰਟਾ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

16-APRIL-PAGE-10.qxd 4/15/2024 10:39 PM Page 1



# ਸੰਧਵਾਂ ਤੇ ਅਨਮੋਲ ਵੱਲੋਂ ਹਲਕਾ ਕੋਟਕਪੂਰਾ ਦੇ ਪਿੰਡਾਂ ਦਾ ਚੋਣ ਦੌਰਾ

## ਮਾਨ ਸਰਕਾਰ ਵੱਲੋਂ ਕੀਤੇ ਕੰਮਾਂ ਦੀ ਬਦੌਲਤ ਵੋਟਾਂ ਦੀ ਕੀਤੀ ਮੰਗ



ਕੋਟਕਪੂਰਾ (ਰਛਪਾਲ ਭੁੱਲਰ)

ਵਿਧਾਨ ਸਭਾ ਹਲਕਾ ਕੋਟਕਪੂਰਾ ਦੇ ਵੱਖ ਵੱਖ ਪਿੰਡਾਂ ਦੇ ਦੌਰੇ ਦੌਰਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਤੇ ਕਰਮਜੀਤ ਅਨਮੋਲ ਵੱਲੋਂ ਵਿਧਾਨ ਸਭਾ ਹਲਕਾ ਕੋਟਕਪੂਰਾ ਦੇ ਪਿੰਡਾਂ ਵਿੱਚ ਮਾਨ ਸਰਕਾਰ ਵੱਲੋਂ ਕੀਤੇ ਕੰਮਾਂ ਦੀ ਬਦੌਲਤ ਵੋਟਾਂ ਦੀ ਮੰਗ ਕੀਤੀ। ਆਪ ਆਗੂਆਂ ਨੇ ਕੋਠੇ ਥੇਹ, ਦੇਵੀ ਵਾਲਾ, ਸਿਰਸੜੀ, ਨੱਥੇ ਵਾਲਾ, ਚਮੇਲੀ, ਨੰਗਲ, ਕੋਟ ਸੁਖੀਆ, ਧੂੜਕੋਟ, ਮੰਡ ਵਾਲਾ ਤੇ ਚੰਦਬਾਜਾ ਪਿੰਡ ਵਿੱਚ ਵੱਖ ਵੱਖ ਨੁੱਕੜ ਮੀਟਿੰਗਾਂ ਜ਼ਰੀਏ ਲੋਕਾਂ ਦੇ ਰੂਬਰੂ ਹੁੰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਘਰੇਲੂ ਖਪਤਕਾਰਾਂ ਨੂੰ ਹਰ ਮਹੀਨੇ 300 ਯੂਨਿਟ ਮੁਫਤ ਬਿਜਲੀ, ਨੌਜਵਾਨਾਂ ਨੂੰ ਮੈਰਿਟ ਦੇ ਆਧਾਰ 'ਤੇ ਰੁਜ਼ਗਾਰ ਤੇ ਘਰ-ਘਰ ਰਾਸ਼ਨ ਸਕੀਮ ਲਿਆਂਦੀ।ਇਸ ਤੋਂ ਇਲਾਵਾ ਕਈ ਦਹਾਕਿਆਂ ਤੋਂ ਸੂਬੇ ਦੇ ਸਿਆਸਤਦਾਨਾਂ ਤੇ ਗੈਰ-ਸਿਆਸਤਦਾਨਾਂ ਵੱਲੋਂ ਪੰਚਾਇਤੀ ਜ਼ਮੀਨਾਂ 'ਤੇ ਕਬਜ਼ਾ ਕੀਤਾ ਹੋਇਆ ਸੀ, ਜਿਸ ਵਿੱਚੋਂ ਸਰਕਾਰ ਨੇ 12 ਹਜ਼ਾਰ ਏਕੜ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਹਟਵਾਏ ਹਨ।ਇਸ ਤੋਂ ਇਲਾਵਾ ਇੱਕ ਵਿਧਾਇਕ ਇੱਕ ਪੈਨਸ਼ਨ ਸਕੀਮ ਸ਼ੁਰੂ ਕੀਤੀ, 24 ਘੰਟੇ ਬਿਜਲੀ ਸਪਲਾਈ ਮੁਹੱਈਆ ਕਰਵਾਈ, ਪਿਛਲੀਆਂ ਸਰਕਾਰਾਂ ਵੱਲੋਂ ਸਰਕਾਰੀ ਜਾਇਦਾਦਾਂ ਵੇਚੀਆਂ ਗਈਆਂ, ਪਰ ਆਪ ਸਰਕਾਰ ਵੱਲੋਂ ਪ੍ਰਾਈਵੇਟ ਥਰਮਲ ਖਰੀਦ ਕੀਤੇ ਗਏ, ਮਹਿਲਾਵਾਂ ਲਈ ਮੁਫ਼ਤ ਬੱਸ ਸਫ਼ਰ ਸ਼ੁਰੂ ਕੀਤਾ ਗਿਆ, ਧਾਰਮਿਕ ਅਸਥਾਨਾਂ ਦੀ ਯਾਤਰਾ ਲਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਚਲਾਈ ਗਈ, ਕੱਚੇ ਅਧਿਆਪਕ ਪੱਕੇ ਕੀਤੇ ਗਏ, ਬਾਕੀ ਵਰਗਾ ਨੂੰ ਪੱਕੇ ਕਰਨ ਦੀ ਪ੍ਰਕਿਰਿਆ ਜਾਰੀ ਹੈ, ਐੱਸ ਐੱਸ ਐੱਫ ਦੀ ਸਥਾਪਨਾ ਕੀਤੀ ਗਈ, ਨਹਿਰੀ ਪਾਣੀ ਉਪਲੱਬਧ ਕਰਵਾਉਣ ਲਈ ਕਰੋੜਾਂ ਰੁਪਏ ਦੇ ਪ੍ਰੋਜੈਕਟ ਚਲਾਏ ਗਏ, ਸੂਏ ਕੱਸੀਆਂ ਪੱਕੇ ਕੀਤੇ ਗਏ, ਸਿਹਤ ਸਹੂਲਤਾਂ ਨੂੰ ਮਿਆਰੀ ਬਣਾਉਣ ਲਈ ਮੁਹੱਲਾ ਕਲੀਨਿਕ ਸਥਾਪਤ ਕੀਤੇ ਗਏ, ਅਨੇਕਾਂ ਟੋਲ ਪਲਾਜ਼ੇ, ਜਿਨ੍ਹਾਂ ਨੂੰ ਪਿਛਲੀਆਂ ਸਰਕਾਰਾਂ ਵੱਲੋਂ ਮਿਆਦ ਵਧਾ ਕੇ ਚਲਾਇਆ ਜਾ ਰਿਹਾ ਸੀ, ਉਹ ਪੱਕੇ ਤੌਰ 'ਤੇ ਬੰਦ ਕੀਤੇ, ਸਪੀਕਰ ਸੰਧਵਾਂ ਵੱਲੋਂ ਆਪਣੇ ਅਖਤਿਆਰੀ ਕੋਟੇ 'ਚੋਂ ਕਰੋੜਾਂ ਰੁਪਏ ਦੇ ਫੰਡ ਯੂਥ ਕਲੱਬਾਂ ਨੂੰ ਦਿੱਤੇ ਗਏ, ਨਹਿਰੀ ਪਾਣੀ ਟੇਲਾਂ ਤੱਕ ਪੁੱਜਦਾ ਕਰਨ ਲਈ ਸਪੀਕਰ ਸੰਧਵਾਂ ਵੱਲੋਂ ਕੋਟਕਪੂਰਾ ਹਲਕੇ ਦੇ ਪਿੰਡਾਂ ਵਿੱਚ ਸੱਤ ਕਰੋੜ ਰੁਪਏ ਦੀਆਂ ਪਾਈਪ ਲਾਈਨਾਂ ਪਵਾਈਆਂ ਗਈਆਂ, ਬੀੜ ਸਿੱਖਾਂ ਵਾਲਾ ਦਾ ਬੰਦ ਪਿਆ ਸੀਡ ਫਾਰਮ ਸ਼ੁਰੂ ਕਰਵਾਇਆ ਗਿਆ, ਫਰੀਦਕੋਟ ਦੇ ਬਰਜਿੰਦਰਾ ਕਾਲਜ ਵਿੱਚ ਬੀ ਐੱਸ ਸੀ ਐਗਰੀਕਲਚਰ ਦੀ ਪੜ੍ਹਾਈ ਮੁੜ ਸ਼ੁਰੂ ਕਰਵਾਈ ਗਈ, ਸਰਕਾਰੀ ਹਸਪਤਾਲਾਂ ਵਿੱਚ ਮੁਢਲੀਆਂ ਸਹੂਲਤਾਂ ਤੋਂ ਇਲਾਵਾ ਕਮਰਿਆਂ 'ਚ 13 ਲਗਵਾਏ ਗਏ।ਅੱਠਵੀਂ, ਦਸਵੀਂ ਤੇ ਬਾਰਵੀਂ ਜਮਾਤ 'ਚੋਂ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ 31-31 ਹਜ਼ਾਰ ਰੁਪਏ ਨਗਦ ਇਨਾਮ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ। ਇਸ ਤੋਂ ਇਲਾਵਾ ਆਮ ਆਦਮੀ ਕਲੀਨਿਕ ਸਥਾਪਤ ਕੀਤੇ ਗਏ।ਪੰਜਾਬ ਵਿੱਚ ਅੱਠ ਅੰਤਰਰਾਸ਼ਟਰੀ ਪੱਧਰ ਦੇ ਹਸਪਤਾਲ ਖੋਲ੍ਹੇ ਗਏ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਖਜੀਤ ਸਿੰਘ ਢਿੱਲਵਾਂ, ਜ਼ਿਲ੍ਹਾ ਯੂਥ ਪ੍ਰਧਾਨ ਸੁਖਵੰਤ ਸਿੰਘ ਸਰਾਂ ਨੇ ਕਿਹਾ ਕਿ ਆਪ ਸਰਕਾਰ ਵੱਲੋਂ ਜੋ ਲੋਕ ਪੱਖੀ ਨੀਤੀਆਂ ਅਪਣਾਈਆਂ ਗਈਆਂ ਹਨ, ਉਨ੍ਹਾਂ ਦੀ ਬਦੌਲਤ ਪੰਜਾਬ ਦੇ ਲੋਕ ਤੇਰਾਂ ਦੀਆਂ ਤੇਰਾਂ ਸੀਟਾਂ ਜਿੱਤ ਕੇ ਭਗਵੰਤ ਸਿੰਘ ਮਾਨ ਦੀ ਝੋਲੀ ਪਾਉਣਗੇ।

# ਪੰਜਾਬ-ਹਰਿਆਣਾ ਪੁਲਸ ਵੱਲੋਂ ਸਾਂਝਾ ਸਰਚ ਅਭਿਆਨ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਸ਼੍ਰੀ ਦੀਪਕ ਪਾਰੀਕ ਆਈ.ਪੀ.ਐੱਸ, ਐੱਸ ਐੱਸ ਪੀ ਬਠਿੰਡਾ, ਸ੍ਰੀ ਗੁਰਮੀਤ ਸਿੰਘ ਪੀ.ਪੀ.ਐੱਸ, ਐੱਸ ਪੀ (ਹੈੱਡਕੁਆਰਟਰ) ਬਠਿੰਡਾ ਵੱਲੋਂ ਜ਼ਿਲ੍ਹਾ ਬਠਿੰਡਾ ਅੰਦਰ ਆਪ੍ਰੇਸ਼ਨ ਸੀਲ-6 ਤਹਿਤ ਐਕਸਾਈਜ਼ ਡਿਪਾਰਟਮੈਂਟ ਪੰਜਾਬ ਨਾਲ ਮਿਲ ਕੇ ਹਰਿਆਣਾ ਨਾਲ ਲੱਗਦੀਆਂ ਹੱਦਾਂ ਨੂੰ ਸੀਲ ਕੀਤਾ ਗਿਆ ਤੇ ਹਰਿਆਣਾ ਪੁਲਸ ਨਾਲ ਸਾਂਝੇ ਤੌਰ 'ਤੇ ਸਰਚ ਅਭਿਆਨ ਚਲਾਇਆ ਗਿਆ।ਸ਼੍ਰੀ ਦੀਪਕ ਪਾਰੀਕ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਗਾਮੀ ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਸ਼ੱਕੀ, ਸ਼ਰਾਰਤੀ ਅਨਸਰਾਂ ਤੇ ਕਿਸੇ ਵੀ ਤਰ੍ਹਾਂ ਦਾ ਨਸ਼ਾਂ ਤਸਕਰ ਸਮਾਜ ਵਿਰੋਧੀ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

ਹਰਿਆਣਾ ਪੁਲਸ ਦੇ ਸਾਂਝੇ ਓਪਰੇਸ਼ਨ ਦੌਰਾਨ ਸ਼ੱਕੀ ਵਹੀਕਲਾਂ ਦੀ ਵਾਹਨ ਐਪ ਦੀ ਵਰਤੋਂ ਕਰਕੇ ਚੈਕਿੰਗ ਕੀਤੀ ਗਈ ਤੇ ਪਾਈਸ ਐੱਪ ਨਾਲ ਸ਼ੱਕੀ ਪੁਰਸ਼ਾ ਦੀ ਚੈਕਿੰਗ ਕੀਤੀ ਗਈ।ਇਸ ਦੌਰਾਨ ਨਾਕਿਆਂ 'ਤੇ ਸ਼ੱਕੀ ਵਹੀਕਲਾਂ ਤੇ ਨਸ਼ਾ ਤਸਕਰਾਂ 'ਤੇ ਨਕੇਲ ਕੱਸਣ ਲਈ ਨਾਕਿਆਂ 'ਤੇ ਕੈਮਰੇ ਲਗਾਏ ਗਏ ਹਨ।ਬਠਿੰਡਾ ਪੁਲਸ ਵੱਲੋਂ 220 ਅੰਤਰਰਾਜੀ ਨਾਕੇ ਲਗਾਏ ਗਏ।ਨਾਕਿਆਂ 'ਤੇ ਤਾਇਨਾਤ ਪੁਲਸ ਫੋਰਸ ਨੂੰ ਉਨ੍ਹਾਂ ਦੀ ਡਿਊਟੀ ਸਬੰਧੀ ਬਰੀਫ ਕੀਤਾ ਗਿਆ। ਹਰ ਇੱਕ ਨਾਕੇ ਦੀ ਸੁਪਰਵੀਜ਼ਨ ਡੀ.ਐੱਸ.ਪੀ. ਵੱਲੋਂ ਕੀਤੀ ਜਾ ਰਹੀ ਹੈ।ਇਨ੍ਹਾਂ ਨਾਕਿਆਂ 'ਤੇ ਕੁੱਲ 500 ਮੁਲਾਜ਼ਮ ਤਾਇਨਾਤ ਕੀਤੇ ਗਏ।

# ਲੋਕ ਸੇਵਾ ਸੁਸਾਇਟੀ ਵੱਲੋਂ ਪ੍ਰਧਾਨ ਜਿੰਦਰ ਪਾਲ ਦਾ ਸਨਮਾਨ



ਜਗਰਾਉਂ (ਅਮਿਤ ਖੰਨਾ)-ਜਗਰਾਉਂ ਦੀ ਸਭ ਤੋਂ ਵੱਡੀ ਸਮਾਜ ਸੇਵੀ ਸੰਸਥਾ ਲੋਕ ਸੇਵਾ ਸੁਸਾਇਟੀ ਨੇ ਜਗਰਾਉਂ ਸ਼ਹਿਰ ਦੇ ਸ਼ਮਸ਼ਾਨਘਾਟ ਦੀ ਦਿੱਖ ਬਦਲਣ ਦਾ ਅਹਿਮ ਉਪਰਾਲਾ ਕੀਤਾ ਹੈ। ਅੱਜ ਲੋਕ ਸੇਵਾ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਿੰਸੀਪਲ ਮਨੋਹਰ ਸਿੰਘ ਟੱਕਰ, ਸਕੱਤਰ ਕੁਲਭੂਸ਼ਣ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਸ਼ਹਿਰ ਦੇ ਪਤਵੰਤਿਆਂ ਨੂੰ ਸਥਾਨਕ ਡਾਲਾ ਰੋਡ 'ਤੇ ਸਥਿਤ ਸ਼ਮਸ਼ਾਨਘਾਟ ਦੇ ਨਵੀਨੀਕਰਨ ਦੇ ਕੰਮਾਂ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਸੁਸਾਇਟੀ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਵੇਗਾ। ਸ਼ਹਿਰ ਦੇ ਸ਼ਮਸ਼ਾਨਘਾਟ ਵਿੱਚ ਛੇ ਭੱਠੀਆਂ, ਪੰਜ ਪਲੇਟਫਾਰਮ, ਬਾਉਂਡਰੀ ਵਾਲ ਪਲਾਸਟਰਿੰਗ, ਸਬ ਫਲੋਰ, ਫਰੰਟ ਵਾਲ ਪਲਾਸਟਰਿੰਗ ਤੇ ਪੇਂਟਿੰਗ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ।ਉਨ੍ਹਾ ਦੱਸਿਆ ਕਿ ਇਸ ਸਮੁੱਚੇ ਕਾਰਜ ਵਿੱਚ ਸੁਸਾਇਟੀ ਦੇ ਮੈਂਬਰਾਂ ਨੇ ਆਪਣੀ ਜੇਬ ਵਿੱਚੋਂ ਦਾਨ ਦੇ ਕੇ ਕਰੀਬ 6 ਲੱਖ ਰੁਪਏ ਖਰਚ ਕੀਤੇ ਹਨ।ਉਨ੍ਹਾਂ ਕਿਹਾ ਕਿ ਸੁਸਾਇਟੀ ਜਿੱਥੇ ਪਿਛਲੇ 28 ਸਾਲਾਂ ਤੋਂ ਦਾਨੀ ਸੱਜਣਾਂ ਦੇ ਭਰਵੇਂ ਸਹਿਯੋਗ ਸਦਕਾ ਸਮਾਜ ਸੇਵਾ ਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕਰਨ ਲਈ ਹਮੇਸ਼ਾ ਯਤਨਸ਼ੀਲ ਹੈ, ਉੱਥੇ ਹੀ ਸ਼ਮਸ਼ਾਨਘਾਟ ਦੀ ਮੁਰੰਮਤ ਦਾ ਅਹਿਮ ਫ਼ੈਸਲਾ ਵੀ ਸੁਸਾਇਟੀ ਦੇ ਸਹਿਯੋਗ ਨਾਲ ਹੀ ਲੈਣਾ ਪਿਆ, ਜਿਸ ਤਹਿਤ ਸੁਸਾਇਟੀ ਦੇ ਮੈਂਬਰਾਂ ਦੇ ਸਹਿਯੋਗ ਨਾਲ ਸ਼ਮਸ਼ਾਨਘਾਟ ਦੀ ਮੁਕੰਮਲ ਮੁਰੰਮਤ ਕਰਵਾਈ ਗਈ ਹੈ।

ਬਿਲਡਿੰਗ ਠੇਕੇਦਾਰਐਸੋਸੀਏਸ਼ਨ ਦੇ ਪ੍ਰਧਾਨ ਜਿੰਦਰ ਪਾਲ ਧੀਮਾਨ ਸਮੇਤ ਕਈ ਹੋਰ ਸੰਸਥਾਵਾਂ ਦੇ ਆਗੂਆਂ ਤੇ ਸ਼ਹਿਰ ਦੇ ਪਤਵੰਤਿਆਂ ਨੇ ਇਸ ਸ਼ਾਨਦਾਰ ਕਾਰਜ ਦੀ ਸ਼ਲਾਘਾ ਕੀਤੀ।ਲੋਕ ਸੇਵਾ ਸੁਸਾਇਟੀ ਰਾਹੀਂ ਉਨ੍ਹਾ ਕਿਹਾ ਕਿ ਜੋ ਕੰਮ ਸਰਕਾਰ ਨੂੰ ਹੋਣਾ ਚਾਹੀਦਾ ਸੀ, ਉਹ ਕੰਮ ਜਗਰਾਉਂ ਦੀ ਸਮਾਜ ਸੇਵੀ ਸੰਸਥਾ ਲੋਕ ਸੇਵਾ ਸੁਸਾਇਟੀ ਵੱਲੋਂ ਕੀਤਾ ਜਾ ਰਿਹਾ ਹੈ।ਇਸ ਮੌਕੇ ਸ਼ਮਸ਼ਾਨਘਾਟ ਦੀ ਨੁਹਾਰ ਬਦਲਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੇ ਪ੍ਰਧਾਨ ਜਿੰਦਰ ਪਾਲ ਧੀਮਾਨ ਦਾ ਸੁਸਾਇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਇਸ ਮੌਕੇ ਠੇਕੇਦਾਰ ਕਸ਼ਮੀਰੀ ਲਾਲ, ਠੇਕੇਦਾਰ ਗੁਰਮੇਲ ਸਿੰਘ ਢੁੱਡੀਕੇ, ਪ੍ਰਿਤਪਾਲ ਸਿੰਘ ਮਣਕੂ, ਕਰਮ ਸਿੰਘ, ਪ੍ਰੀਤਮ ਸਿੰਘ ਗੈਦੂ, ਪ੍ਰਧਾਨ ਜਿੰਦਰਪਾਲ ਸਿੰਘ ਧੀਮਾਨ, ਸੀਨੀਅਰ ਮੀਤ ਪ੍ਰਧਾਨ ਠੇਕੇਦਾਰ ਅਮਰਜੀਤ ਸਿੰਘ ਘਟੋੜੇ, ਸੀਨੀਅਰ ਮੀਤ ਪ੍ਰਧਾਨ ਠੇਕੇਦਾਰ ਮੰਗਲ ਸਿੰਘ ਸਿੱਧੂ, ਖਜ਼ਾਨਚੀ ਠੇਕੇਦਾਰ ਹਰਨੇਕ ਸਿੰਘ. ਸੋਹੀ, ਜਸਪਾਲ ਸਿੰਘ ਕਲਿਆਣ ਜਨਰਲ ਸਕੱਤਰ, ਜਗਰੂਪ ਸਿੰਘ ਗੈਦੂ, ਜਗਦੀਸ਼ ਸਿੰਘ ਦੀਸ਼ਾ, ਪ੍ਰੀਤਮ ਸਿੰਘ ਜੰਡੂ, ਤਰਲੋਚਨ ਸਿੰਘ ਸੀਹਰਾ, ਸੁਦਾਗਰ ਸਿੰਘ ਕਲਸੀ, ਸੁਰਿੰਦਰ ਸਿੰਘ ਮਠਾੜੂ, ਨਿਰਮਲ ਸਿੰਘ ਨਿੰਮਾ, ਪੱਪੂ ਯਾਦਵ, ਭੀਮ ਸਿੰਘ, ਬਲਜੀਤ ਸਿੰਘ, ਸੁਖਵਿੰਦਰ ਸਿੰਘ ਸੀਹਰਾ, ਪ੍ਰੀਤਮ ਸਿੰਘ ਗੈਂਦੂ, ਕੁਲਦੀਪ ਸਿੰਘ ਸਹੋਤਾ, ਹਰਦਿਆਲ ਸਿੰਘ ਭਮਰਾ, ਵਿਸ਼ਾਲ ਗਰੁੱਪ ਮੈਂਬਰ ਆਦਿ ਹਾਜ਼ਰ ਸਨ।

## ਕਾਤਰਾਂ

### ਰੁੜਕੀ ਦੇ ਸੇਵਾ ਕੇਂਦਰ 'ਚੋਂ ਸਾਮਾਨ ਚੋਰੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪਿੰਡ ਰੁੜਕੀ ਦੇ ਸੇਵਾ ਕੇਂਦਰ 'ਚੋਂ ਸਾਮਾਨ ਚੋਰੀ ਹੋਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸੂਰਜ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਪਿੰਡ ਰੁੜਕੀ ਦੇ ਸੇਵਾ ਕੇਂਦਰ 'ਚ ਹੈਲਪ ਡੈਸਕ ਓਪਰੇਟਰ ਵਜੋਂ ਨੌਕਰੀ ਕਰਦਾ ਹੈ ਤੇ ਬੀਤੀ 4 ਅਪ੍ਰੈਲ ਦੀ ਸ਼ਾਮ 5 ਵਜੇ ਉਹ ਤੇ ਦੂਸਰੇ ਸਟਾਫ ਮੈਂਬਰ ਸੇਵਾ ਕੇਂਦਰ ਨੂੰ ਤਾਲਾ ਲਗਾ ਕੇ ਆਪੋ-ਆਪਣੇ ਘਰ ਚਲੇ ਗਏ ਸਨ।ਅਗਲੀ ਸਵੇਰ ਕਰੀਬ 9 ਵਜੇ ਉਹ ਡਿਊਟੀ 'ਤੇ ਸੇਵਾ ਕੇਂਦਰ 'ਚ ਪਹੁੰਚਿਆ ਤਾਂ ਸੇਵਾ ਕੇਂਦਰ ਦੇ ਜਿੰਦਰੇ ਟੁੱਟੇ ਹੋਏ ਸਨ ਤੇ ਸੇਵਾ ਕੇਂਦਰ 'ਚੋਂ ਇੱਕ ਲੈਪਟਾਪ, ਇੱਕ ਲੈਮੀਨੇਸ਼ਨ ਮਸ਼ੀਨ, ਇੱਕ ਜਨਰੇਟਰ ਦੀ ਬੈਟਰੀ ਤੇ ਇੱਕ ਐੱਨ.ਵੀ.ਆਰ. ਚੋਰੀ ਹੋ ਚੁੱਕੇ ਸਨ।ਸੂਰਜ ਸਿੰਘ ਨੇ ਪੁਲਸ ਨੂੰ ਦੱਸਿਆ ਕਿ 4 ਤੇ 5 ਅਪ੍ਰੈਲ ਦੀ ਦਰਮਿਆਨੀ ਰਾਤ ਨੂੰ ਨਾਮਾਲੂਮ ਵਿਅਕਤੀਆਂ ਵੱਲੋਂ ਚੋਰੀ ਦੀ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ।ਨਾਮਾਲੂਮ ਵਿਅਕਤੀਆਂ ਵਿਰੁੱਧ ਅ/ਧ 457,380 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਅਮਲੋਹ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਵਿਕਾਸ ਖੁਰਾਣਾ ਵੱਲੋਂ ਸੁਖਵਿੰਦਰ ਬਿੰਦਰਾ ਨੂੰ ਗੁਲਦਸਤਾ ਭੇਟ



ਫਿਰੋਜ਼ਪੁਰ (ਗੁਰਬਚਨ ਸਿੰਘ ਸੋਨੂੰ)-ਭਾਜਪਾ ਦੇ ਸੀਨੀਅਰ ਆਗੂ ਸੁਖਵਿੰਦਰ ਸਿੰਘ ਬਿੰਦਰਾ ਨੂੰ ਭਾਜਪਾ ਹਾਈ ਕਮਾਂਡ ਵੱਲੋਂ ਨੈਸ਼ਨਲ ਮੈਂਬਰ (ਐੱਨ.ਆਈ.ਐੱਸ.ਡੀ.), ਕੇਂਦਰੀ ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲੇ ਦਾ ਨਿਯੁਕਤ ਕਰਨ 'ਤੇ ਭਾਜਪਾ ਆਗੂ ਵਿਕਾਸ ਖੁਰਾਣਾ ਵੱਲੋਂ ਸੁਖਵਿੰਦਰ ਸਿੰਘ ਬਿੰਦਰਾ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਨਮਾਨਤ ਕੀਤਾ ਗਿਆ ਅਤੇ ਉਨ੍ਹਾਂ ਦੀ ਇਸ ਨਿਯੁਕਤੀ 'ਤੇ ਵਧਾਈ ਦਿੱਤੀ ਗਈ ਤੇ ਫਿਰੋਜ਼ਪੁਰ ਆਉਣ ਲਈ ਵੀ ਵਿਸ਼ੇਸ਼ ਸੱਦਾ ਦਿੱਤਾ ਗਿਆ। ਇਸ ਮੌਕੇ ਸੁਖਵਿੰਦਰ ਸਿੰਘ ਬਿੰਦਰਾ ਨੇ ਕਿਹਾ ਕਿ ਉਹ ਕੇਂਦਰ ਸਰਕਾਰ ਵੱਲੋਂ ਸੌਂਪੀ ਗਈ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਵਿਕਾਸ ਖੁਰਾਣਾ ਦੇ ਨਾਲ ਉਸ ਦੇ ਹੋਰ ਵੀ ਸਾਥੀ ਮੌਜੂਦ ਸਨ।

### ਨਸ਼ੇ ਦੀਆਂ ਗੋਲੀਆਂ ਸਮੇਤ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਅਮਲੋਹ ਪੁਲਸ ਵੱਲੋਂ ਨਸ਼ੇ ਦੀਆਂ 500 ਗੋਲੀਆਂ ਸਮੇਤ ਇੱਕ ਨੌਜਵਾਨ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਅਮਲੋਹ ਦੇ ਗੁਰਦੁਆਰਾ ਭਗਤ ਰਵਿਦਾਸ ਨਜ਼ਦੀਕ ਗਸ਼ਤ ਕਰ ਰਹੀ ਪੁਲਸ ਪਾਰਟੀ ਨੂੰ ਦੇਖ ਕੇ ਪੈਦਲ ਤੁਰਿਆ ਆ ਰਿਹਾ ਇੱਕ ਨੌਜਵਾਨ ਘਬਰਾ ਗਿਆ, ਜਿਸ ਨੂੰ ਕਾਬੂ ਕਰਕੇ ਪੁਲਸ ਕਰਮਚਾਰੀਆਂ ਵੱਲੋਂ ਉਸ ਦਾ ਨਾਮ ਪਤਾ ਪੁੱਛਿਆ ਗਿਆ ਤਾਂ ਉਸ ਨੇ ਆਪਣੀ ਪਹਿਚਾਣ ਮਨਪ੍ਰੀਤ ਸਿੰਘ ਉਰਫ ਗੋਪੀ ਵਾਸੀ ਅਮਲੋਹ ਵਜੋਂ ਦੱਸੀ।ਤਲਾਸ਼ੀ ਦੌਰਾਨ ਮਨਪ੍ਰੀਤ ਸਿੰਘ ਦੇ ਕਬਜ਼ੇ 'ਚੋਂ 50 ਪੱਤੇ ਐਲਪ੍ਰਾਜ਼ੋਲਮ (ਕੁੱਲ 500 ਗੋਲੀਆਂ) ਬਰਾਮਦ ਹੋਈਆਂ।ਥਾਣਾ ਅਮਲੋਹ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਮਨਪ੍ਰੀਤ ਸਿੰਘ ਉਰਫ ਗੋਪੀ ਨੂੰ ਗ੍ਰਿਫਤਾਰ ਕਰਕੇ ਸਬ-ਇੰਸਪੈਕਟਰ ਬਲਵਿੰਦਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਨਜਾਇਜ਼ ਸ਼ਰਾਬ ਤੇ ਦੜੇ-ਸੱਟੇ ਦੇ ਦੋਸ਼ 'ਚ 2 ਕਾਬੂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਪੁਲਸ ਨੇ ਵੱਖ-ਵੱਖ ਮਾਮਲਿਆਂ ਵਿੱਚ ਨਜਾਇਜ਼ ਸ਼ਰਾਬ ਸਮੇਤ ਕੈਲਾਸ਼ ਸਾਹਨੀ ਵਾਸੀ ਬਲੀਬੇਗ ਬਸਤੀ ਅਤੇ ਦੜੇ ਸੱਟੇ ਦੇ ਕਥਿਤ ਦੋਸ਼ ਹੇਠ ਰਵੀ ਪਾਲ ਸਿੰਘ ਵਾਸੀ ਮਾਛੀਵਾੜਾ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਇੰਸਪੈਕਟਰ ਭਿੰਦਰ ਸਿੰਘ ਖੰਗੂੜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਹਾਇਕ ਥਾਣੇਦਾਰ ਜਸਵੰਤ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਗਸ਼ਤ ਕੀਤੀ ਜਾ ਰਹੀ ਸੀ ਕਿ ਇੱਕ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਕੈਲਾਸ਼ ਸਾਹਨੀ ਜੋ ਬਾਹਰੋਂ ਸਸਤੇ ਭਾਅ ਸ਼ਰਾਬ ਲਿਆ ਕੇ ਇੱਥੇ ਮਹਿੰਗੇ ਭਾਅ ਵੇਚਦਾ ਹੈ ਤੇ ਅੱਜ ਵੀ ਰੱਤੀਪੁਰ ਰੋਡ ਤੋਂ ਸ਼ਰਾਬ ਵੇਚਣ ਲਈ ਬਲੀਬੇਗ ਕਾਲੋਨੀ ਵੱਲ ਆ ਰਿਹਾ ਹੈ। ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਕੈਲਾਸ਼ ਸਾਹਨੀ ਨੂੰ ਕਾਬੂ ਕਰ ਲਿਆ, ਜਿਸ ਤੋਂ 24 ਬੋਤਲਾਂ ਦੇਸੀ ਨਜਾਇਜ਼ ਸ਼ਰਾਬ ਬਰਾਮਦ ਹੋਈ। ਇਸੇ ਤਰ੍ਹਾਂ ਹੀ ਇੱਕ ਹੋਰ ਮਾਮਲੇ ਵਿੱਚ ਸਹਾਇਕ ਥਾਣੇਦਾਰ ਸੰਜੀਵ ਕੁਮਾਰ ਵੱਲੋਂ ਗਸ਼ਤ ਕੀਤੀ ਜਾ ਰਹੀ ਸੀ ਕਿ ਰਵੀ ਪਾਲ ਸਿੰਘ ਗੁਰਦੁਆਰਾ ਰਵੀਦਾਸ ਸਾਹਿਬ ਨੇੜੇ ਤੁਰ ਫਿਰ ਕੇ ਦੜੇ ਸੱਟੇ ਦੀ ਪਰਚੀ ਲਿਖ ਰਿਹਾ ਹੈ ਤੇ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਉਸ ਨੂੰ ਵੀ ਕਾਬੂ ਕਰ ਲਿਅ, ਜਿਸ ਤੋਂ ਸੱਟੇ ਦੇ 3420 ਰੁਪਏ ਬਰਾਮਦ ਹੋਏ।

# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੀਆਂ ਜ਼ੋਨ ਇਕਾਈਆਂ ਦੀ ਮੀਟਿੰਗ

## ਵੋਟ ਮੰਗਣ ਲਈ ਆਉਣ ਵਾਲੇ ਭਾਜਪਾ ਲੀਡਰਾਂ ਨੂੰ ਘੇਰ ਕੇ ਪੁੱਛੇ ਜਾਣ ਸਵਾਲ : ਤਲਵੰਡੀ, ਨਿਜ਼ਾਮਦੀਨ ਵਾਲਾ



ਮੱਖੂ (ਰਛਪਾਲ ਸਿੰਘ ਸੰਧੂ)

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ੋਨ ਮਖੂ ਦੀਆਂ ਇਕਾਈਆਂ ਦੀ ਮੀਟਿੰਗ ਜ਼ੋਨ ਪ੍ਰਧਾਨ ਵੀਰ ਸਿੰਘ ਨਿਜ਼ਾਮਦੀਨ ਵਾਲਾ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਗੁਰੂ ਅਮਰਦਾਸ ਅੰਮ੍ਰਿਤਸਰ-ਬਠਿੰਡਾ ਹਾਈਵੇ 'ਤੇ ਸਥਿਤ ਵਿਖੇ ਹੋਈ।ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਮੀਟਿੰਗ ਸਬੰਧੀ ਲਿਖਤੀ ਪ੍ਰੈੱਸ ਨੋਟ ਰਾਹੀਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ਨੇ ਦੱਸਿਆ ਕਿ ਅੰਦੋਲਨ ਦੇ ਐਲਾਨ ਅਨੁਸਾਰ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਚੋਣ ਪ੍ਰਚਾਰ ਲਈ ਪਿੰਡਾਂ ਵਿੱਚ ਆਉਣ 'ਤੇ ਲੋਕਾਂ ਨੂੰ ਅਪੀਲ ਕੀਤੀ ਕਿ ਖ਼ਾਸ ਕਰਕੇ ਭਾਜਪਾ ਲੀਡਰਾਂ ਨੂੰ ਘੇਰ ਕੇ ਦਿੱਲੀ ਕੂਚ ਦੌਰਾਨ ਭਾਜਪਾ ਦੀ ਸਰਕਾਰ ਵੱਲੋਂ ਕਿਸਾਨਾਂ ਮਜ਼ਦੂਰਾਂ 'ਤੇ ਕੀਤੇ ਤਸ਼ੱਦਦ ਬਾਰੇ ਸਵਾਲ ਕੀਤੇ ਜਾਣ ਤੇ ਕਿਵੇਂ ਦਿੱਲੀ ਜਾਣ ਮੌਕੇ ਰਸਤੇ ਬੰਦ ਕਰਕੇ ਕਿੱਲ ਲਾਏ ਗਏ ਸਨ ਤੇ ਅੱਥਰੂ ਗੈਸ ਦੇ ਗੋਲੇ ਡਰੋਨਾਂ ਰਾਹੀਂ ਛੱਡ ਕੇ ਜੋ ਅੱਤਿਆਚਾਰ ਕੀਤਾ ਗਿਆ ਸੀ ਅਤੇ ਮੋਰਚੇ ਦੀਆਂ ਬਾਕੀ ਮੰਗਾਂ ਪ੍ਰਤੀ ਉਨ੍ਹਾਂ ਨੂੰ ਸਵਾਲ ਕੀਤੇ ਜਾਣ ਤੇ ਕਿਸੇ ਵੀ ਤਰ੍ਹਾਂ ਦੇ ਅਪਸ਼ਬਦ ਨਾ ਬੋਲੇ ਜਾਣ।ਆਗੂਆਂ ਨੇ ਕਿਹਾ ਕਿ ਭਾਜਪਾ ਵਾਲੇ ਪਿੰਡਾਂ ਵਿੱਚ ਆ ਕੇ ਆਪਣੀ ਹਾਈਕਮਾਂਡ ਦੇ ਇਸ਼ਾਰਿਆਂ 'ਤੇ ਲੋਕਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਲੋਕ ਕਾਫ਼ੀ ਸੰਜਮ ਤੋਂ ਕੰਮ ਲੈ ਰਹੇ ਹਨ ਤੇ ਚੱਲ ਰਿਹਾ ਮੋਰਚਾ ਪੂਰੇ ਦੇਸ਼ ਅੰਦਰ ਜ਼ੋਰ ਫੜ ਚੁੱਕਾ ਹੈ, ਜਿਸ ਦੇ ਚਲਦੇ ਹਰਿਆਣਾ, ਤਾਮਿਲਨਾਡੂ, ਰਾਜਸਥਾਨ, ਕਰਨਾਟਕ ਸਮੇਤ ਹੋਰ ਰਾਜਾਂ ਵਿੱਚ ਭਾਜਪਾ ਲੀਡਰਾਂ ਦਾ ਖੁੱਲ੍ਹ ਕੇ ਵਿਰੋਧ ਹੋ ਰਿਹਾ ਹੈ ਤੇ ਪਿੰਡਾਂ ਵਿੱਚ ਮੋਰਚੇ ਦੀਆਂ ਮੰਗਾਂ ਦੇ ਬੈਨਰ ਲਾਏ ਜਾਣ।ਇਹ ਅੰਦੋਲਨ ਸਾਰੀਆਂ ਫ਼ਸਲਾਂ ਦੀ ਖਰੀਦ ਗਰੰਟੀ ਕਨੂੰਨ ਬਣਾਉਣ, ਕਿਸਾਨਾਂ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ, ਅੰਦੋਲਨ ਦੇ ਸ਼ਹੀਦਾਂ ਦੇ ਪਰਵਾਰਾਂ ਨੂੰ ਇਨਸਾਫ ਦੇਣ, ਬਿਜਲੀ ਦੇ ਨਿੱਜੀਕਰਨ ਰੋਕਣ, ਭਾਰਤ ਮਾਲਾ ਤਹਿਤ ਬਣ ਰਹੇ ਹਾਈਵੇ ਲਈ ਕਿਸਾਨਾਂ ਦੀ ਸਹਿਮਤੀ ਤੋਂ ਬਿਨਾਂ ਜ਼ਮੀਨਾਂ ਨੂੰ ਐਕਵਾਇਰ ਨਾ ਕੀਤਾ ਜਾਵੇ, ਪੈਨਸ਼ਨ ਸਕੀਮ, ਭਾਰਤ ਨੂੰ ਵਿਸ਼ਵ ਵਪਾਰ ਸੰਸਥਾ 'ਚੋਂ ਬਾਹਰ ਕੱਢਣ, ਆਦਿਵਾਸੀਆਂ ਦੇ ਅਧਿਕਾਰਾਂ ਸਮੇਤ ਹੋਰ ਅਹਿਮ ਮੰਗਾਂ ਦੀ ਪ੍ਰਾਪਤੀ ਤੱਕ ਸ਼ਾਂਤਮਈ ਤਰੀਕੇ ਨਾਲ ਅੰਦੋਲਨ ਜਾਰੀ ਰਹੇਗਾ।

# ਐੱਸ ਓ ਆਈ ਆਗੂ ਸੰਧੂ ਸਾਥੀਆਂ ਸਮੇਤ ਆਪ 'ਚ ਸ਼ਾਮਲ

## ਆਪ ਉਮੀਦਵਾਰ ਡਾਕਟਰ ਬਲਬੀਰ ਸਿੰਘ ਦੇ ਹੱਕ 'ਚ ਚੋਣ ਮੀਟਿੰਗ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਲੋਕ ਸਭਾ ਹਲਕਾ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਸੂਬੇ ਦੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਵੱਲੋਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਆਪਣੀ ਚੋਣ ਮੁਹਿੰਮ ਨੂੰ ਤੇਜ਼ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੀ ਅਗਵਾਈ ਵਿੱਚ ਚੋਣ ਮੀਟਿੰਗ ਕੀਤੀ ਗਈ, ਜਿਸ ਵਿੱਚ ਸੀਨੀਅਰ ਆਪ ਆਗੂ ਦਲਵੀਰ ਸਿੰਘ ਗਿੱਲ ਯੂ ਕੇ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਦੌਰਾਨ ਨਗਰ ਕੌਂਸਲ ਪਾਤੜਾਂ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਸੋਨੀ ਜਲੂਰ ਦੀ ਪ੍ਰੇਰਣਾ ਸਦਕਾ ਸ਼੍ਰੋਮਣੀ ਅਕਾਲੀ ਦਲ ਦੀ ਵਿਦਿਆਰਥੀ ਜਥੇਬੰਦੀ ਐੱਸ ਓ ਆਈ ਦੇ ਹਲਕਾ ਪ੍ਰਧਾਨ ਜਗਦੇਵ ਸਿੰਘ ਸੰਧੂ ਦੀ ਅਗਵਾਈ ਵਿੱਚ ਕੀਰਤ ਸਿੰਗਲਾ, ਪਰਮਜੀਤ ਸਿੰਘ ਕਾਲਾ, ਗੁਰਪਾਲ ਸਿੰਘ ਪਾਲਾ, ਮਨਜੀਤ ਸਿੰਘ ਰਿੰਕੂ ਗੋਇਲ ਤੋਂ ਇਲਾਵਾ ਦੋ ਦਰਜਨ ਦੇ ਕਰੀਬ ਪਰਿਵਾਰਾਂ ਨੇ ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਦਾ ਐਲਾਨ ਕੀਤਾ, ਜਿਨ੍ਹਾਂ ਦਾ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਤੇ ਕੈਬਨਿਟ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਭਰਵਾਂ ਸਵਾਗਤ ਕਰਦਿਆਂ ਮਾਨ ਸਨਮਾਨ ਦਾ ਭਰੋਸਾ ਦਿੱਤਾ।ਇਕੱਠ ਨੂੰ ਸੰਬੋਧਨ ਕਰਦਿਆਂ ਆਪ ਉਮੀਦਵਾਰ ਡਾਕਟਰ ਬਲਬੀਰ ਸਿੰਘ ਨੇ ਕਿਹਾ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਲਗਾਤਾਰ ਲੋਕ ਭਲਾਈ ਦੇ ਕੰਮਾਂ ਲਈ ਜੀ ਜਾਨ ਨਾਲ ਕੋਸ਼ਿਸ਼ਾਂ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਆਗੂਆਂ ਨੇ ਸੂਬੇ ਦੇ ਕੁਦਰਤੀ ਸਾਧਨਾਂ ਦੀ ਰੱਜ ਕੇ ਲੁੱਟ ਖਸੁੱਟ ਕਰਕੇ ਆਰਥਿਕ ਤੌਰ 'ਤੇ ਸੂਬੇ ਨੂੰ ਕੰਗਾਲ ਕਰਕੇ ਰੱਖ ਦਿੱਤਾ।ਕੇਂਦਰ ਦੀ ਭਾਜਪਾ ਸਰਕਾਰ ਉੱਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਦੇਸ਼ ਨੂੰ ਹਿੰਦੂਤਵ ਦੇ ਨਾਂ ਉੱਤੇ ਵੰਡਿਆ ਜਾ ਰਿਹਾ ਹੈ, ਪਰ ਭਾਰਤ ਵੱਖ-ਵੱਖ ਭਾਸ਼ਾਵਾਂ ਤੇ ਧਰਮਾਂ ਦੇ ਸੁਮੇਲ ਵਾਲਾ ਦੇਸ਼ ਹੈ। ਇਸ ਲਈ ਜਮਹੂਰੀਅਤ ਦੀ ਰਾਖੀ ਲਈ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨਾ ਸਮੇਂ ਦੀ ਮੁੱਖ ਲੋੜ ਹੈ।ਇਸ ਮੌਕੇ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਤੇ ਵਰਕਰ ਮੌਜੂਦ ਸਨ।

# ਦਿਆਲਪੁਰਾ ਸਕੂਲ 'ਚ ਲਾਇਬ੍ਰੇਰੀ ਦੀ ਸਥਾਪਨਾ



ਬਰੇਟਾ (ਰੀਤਵਾਲ)-ਭਾਰਤੀ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਤ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦਿਆਲਪੁਰਾ ਦੀ ਲਾਇਬ੍ਰੇਰੀ ਦਾ ਉਦਘਾਟਨ ਜ਼ਿਲ੍ਹਾ ਸਿੱਖਿਆ ਅਫਸਰ (ਐਲਮੈਂਟਰੀ) ਮਾਨਸਾ ਮਲਿਕਾ ਰਾਣੀ ਨੇ ਕੀਤਾ।ਸਕੂਲ ਮੁਖੀ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਵਿੱਦਿਅਕ ਸੈਸ਼ਨ ਦੌਰਾਨ ਸਕੂਲ ਨੂੰ ਜ਼ਿਲ੍ਹਾ ਸਿੱਖਿਆ ਦਫਤਰ ਵੱਲੋਂ ਬੈਸਟ ਸਕੂਲ ਦੀ ਰਾਸ਼ੀ ਪ੍ਰਾਪਤ ਹੋਈ ਸੀ।ਸਕੂਲ ਸਟਾਫ ਵੱਲੋਂ ਇਸ ਦੀ ਯੋਗ ਵਰਤੋਂ ਕਰਦਿਆਂ ਸਮਾਰਟ ਲਾਇਬ੍ਰੇਰੀ-ਕਮ-ਲਿਸਨਿੰਗ ਲੈਬ ਤਿਆਰ ਕੀਤੀ।ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਖੇਡ ਪ੍ਰਾਪਤੀਆਂ, ਸਕੂਲ ਵੈਨ, ਅੰਗਰੇਜ਼ੀ ਮਾਧਿਅਮ, ਅਨੁਸਾਸ਼ਨ, ਯੂਨੀਫਾਰਮ ਆਦਿ ਲਈ ਸਕੂਲ ਸਟਾਫ ਦੀ ਸ਼ਲਾਘਾ ਕੀਤੀ।

# ਪੰਜਾਬ ਦਾ ਭਲਾ ਸਿਰਫ ਖੇਤਰੀ ਪਾਰਟੀ ਅਕਾਲੀ ਦਲ ਹੀ ਕਰ ਸਕਦੀ : ਹਰਸਿਮਰਤ ਬਾਦਲ

## ਬਾਬਾ ਸਾਹਿਬ ਨੂੰ ਭੇਟ ਕੀਤੇ ਸ਼ਰਧਾ ਦੇ ਫੁੱਲ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਵੱਲੋਂ ਪਛੜੇ ਸਮਾਜ ਦੀ ਉੱਨਤੀ ਲਈ ਕੀਤੇ ਗਏ ਉਪਰਾਲਿਆਂ ਸਦਕਾ ਅੱਜ ਪੱਛੜਾ ਸਮਾਜ ਤਰੱਕੀ ਵੱਲ ਵਧ ਰਿਹਾ ਹੈ ਅਤੇ ਬਾਦਲ ਸਾਹਿਬ ਵੀ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦੇ ਦਰਸਾਏ ਮਾਰਗ 'ਤੇ ਚੱਲ ਕੇ ਪੱਛੜੇ ਵਰਗ ਦੇ ਵਿਕਾਸ ਲਈ ਕੰਮ ਕਰਦੇ ਰਹੇ ਹਨ।ਉਪਰੋਕਤ ਵਿਚਾਰ ਸਾਬਕਾ ਕੇਂਦਰੀ ਮੰਤਰੀ ਤੇ ਬਠਿੰਡਾ ਤੋਂ ਸੰਸਦ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਨੇ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਨੂੰ ਉਨ੍ਹਾਂ ਦੇ ਜਨਮ ਦਿਨ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਡਾ: ਅੰਬੇਡਕਰ ਭਵਨ ਬਾਦਲ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਦੇ ਵਿਕਾਸ ਲਈ ਕੀਤੇ ਕੰਮਾਂ ਵਿੱਚੋਂ ਇੱਕ ਹੈ, ਪਰ ਕਾਂਗਰਸ ਤੇ ਮੌਜੂਦਾ ਸਰਕਾਰ ਨੇ ਉਕਤ ਇਮਾਰਤ ਵੱਲ ਕੋਈ ਧਿਆਨ ਨਹੀਂ ਦਿੱਤਾ।ਉਨ੍ਹਾਂ ਕਿਹਾ ਕਿ ਅੰਬੇਡਕਰ ਭਵਨ ਦੀ ਦੇਖ-ਰੇਖ ਲਈ ਸਰਕਾਰ ਵੱਲੋਂ ਇਕ ਕਮੇਟੀ ਬਣਾਈ ਜਾਵੇ, ਜਿਸ ਵਿਚ ਪੱਛੜੀਆਂ ਸ਼੍ਰੇਣੀਆਂ ਦੇ ਨੁਮਾਇੰਦਿਆਂ ਦੇ ਨਾਲ-ਨਾਲ ਅਧਿਕਾਰੀਆਂ ਨੂੰ ਵੀ ਸ਼ਾਮਲ ਕੀਤਾ ਜਾਵੇ, ਤਾਂ ਜੋ ਉਕਤ ਕਮੇਟੀ ਵੱਲੋਂ ਇਮਾਰਤ ਦੀ ਦੇਖ-ਭਾਲ ਕਰਨ ਦੇ ਨਾਲ-ਨਾਲ ਪੱਛੜੀਆਂ ਸ਼੍ਰੇਣੀਆਂ ਦੇ ਸੁਧਾਰ ਲਈ ਯਤਨ ਕੀਤੇ ਜਾਣ।ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਪੁੱਤਰ ਤੇ ਨੂੰਹ ਵੱਲੋਂ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਬਾਰੇ ਬੀਬਾ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਅੱਜ ਕੱਲ੍ਹ ਪਰਿਵਾਰ ਵਿੱਚ ਬੱਚੇ ਆਪਣੇ ਬਜ਼ੁਰਗਾਂ ਦੀ ਗੱਲ ਨਹੀਂ ਸੁਣਦੇ, ਜੋ ਕਿ ਗਲਤ ਹੈ।ਉਨ੍ਹਾਂ ਕਿਹਾ ਕਿ ਸਿਕੰਦਰ ਸਿੰਘ ਮਲੂਕਾ ਪਾਰਟੀ ਦੇ ਵਫ਼ਾਦਾਰ ਸਿਪਾਹੀ ਹਨ, ਜੋ ਪਾਰਟੀ ਲਈ ਦਿਨ-ਰਾਤ ਮੈਦਾਨ ਵਿੱਚ ਡਟੇ ਹੋਏ ਹਨ, ਇਸ ਲਈ ਉਨ੍ਹਾਂ ਦੇ ਪੁੱਤਰ ਤੇ ਨੂੰਹ ਨੂੰ ਵੀ ਆਪਣੇ ਪਿਤਾ ਦਾ ਕਹਿਣਾ ਮੰਨ ਕੇ ਪਾਰਟੀ ਲਈ ਕੰਮ ਕਰਨਾ ਚਾਹੀਦਾ ਸੀ, ਪਰ ਭਾਜਪਾ ਵਿੱਚ ਸ਼ਾਮਲ ਹੋਣ ਲਈ ਉਕਤ ਜੋੜੇ ਨੂੰ ਸ਼ੁੱਭ-ਕਾਮਨਾਵਾਂ।ਉਨ੍ਹਾ ਕਿਹਾ ਕਿ ਭਾਜਪਾ ਨੇ ਪੰਜਾਬ ਦੇ 700 ਕਿਸਾਨਾਂ ਨੂੰ ਸ਼ਹੀਦ ਕਰਨ ਤੋਂ ਬਾਅਦ ਮੁਆਫ਼ੀ ਮੰਗ ਕੇ ਤਿੰਨ ਕਾਨੂੰਨ ਵਾਪਸ ਲਏ, ਜੋ ਲਗਾਤਾਰ ਪੰਜਾਬੀਆਂ ਦੇ ਧਾਰਮਿਕ ਸਥਾਨਾਂ 'ਤੇ ਕਬਜ਼ਾ ਕਰਕੇ ਪੰਜਾਬ ਨੂੰ ਤਬਾਹ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।

ਬੀਬਾ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਆਪਣੀ ਖੇਤਰੀ ਪਾਰਟੀ ਹੈ, ਜੋ ਪੰਜਾਬ ਤੇ ਪੰਜਾਬੀਆਂ ਦੀ ਭਲਾਈ ਲਈ ਹੀ ਕੰਮ ਕਰਦੀ ਹੈ, ਇਸ ਲਈ ਹਰ ਵਿਅਕਤੀ ਨੂੰ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਕੰਮ ਕਰਨਾ ਚਾਹੀਦਾ ਹੈ, ਕਿਉਂਕਿ ਕੌਮੀ ਪਾਰਟੀਆਂ ਰਾਜਾਂ ਨੂੰ ਖਤਮ ਕਰਨ ਲਈ ਕੌਮੀ ਏਜੰਡੇ ਹੀ ਚਲਾਉਂਦੀਆਂ ਹਨ।ਇਸ ਦੌਰਾਨ ਉਨ੍ਹਾਂ ਨਾਲ ਸ਼੍ਰੋਮਣੀ ਅਕਾਲੀ ਦਲ ਬਠਿੰਡਾ ਸ਼ਹਿਰੀ ਦੇ ਹਲਕਾ ਇੰਚਾਰਜ ਇਕਬਾਲ ਸਿੰਘ ਬਬਲੀ ਢਿੱਲੋਂ, ਬਠਿੰਡਾ ਦੇ ਪਹਿਲੇ ਮੇਅਰ ਬਲਜੀਤ ਸਿੰਘ ਬੀੜ ਬਹਿਮਣ, ਦਲਜੀਤ ਸਿੰਘ ਬਰਾੜ, ਮੋਹਿਤ ਗੁਪਤਾ, ਰਾਜਵਿੰਦਰ ਸਿੰਘ ਸਿੱਧੂ ਅਤੇ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

# ਖਹਿਰਾ ਵੱਡੇ ਫ਼ਰਕ ਨਾਲ ਲੋਕ ਸਭਾ ਹਲਕਾ ਸੰਗਰੂਰ ਤੋਂ ਜਿੱਤਣਗੇ : ਸ਼ੁਭਮ ਸ਼ਰਮਾ



ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਨੇ ਲੋਕ ਸਭਾ ਚੋਣਾਂ ਲਈ ਲੋਕ ਸਭਾ ਹਲਕਾ ਸੰਗਰੂਰ ਤੋਂ ਪਾਰਟੀ ਦੇ ਦਿੱਗਜ ਨੇਤਾ ਸੁਖਪਾਲ ਸਿੰਘ ਖਹਿਰਾ ਨੂੰ ਚੋਣ ਮੈਦਾਨ ਵਿੱਚ ਭੇਜੇ ਜਾਣ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਪਾਰਟੀ ਦਾ ਧੰਨਵਾਦ ਕਰਦਿਆਂ ਸੁਖਪਾਲ ਸਿੰਘ ਖਹਿਰਾ ਨੂੰ ਮੁਬਾਰਕਬਾਦ ਦਿੱਤੀ ਹੈ।ਉਨ੍ਹਾ ਕਿਹਾ ਕਿ ਹਲਕਾ ਸੰਗਰੂਰ ਨੂੰ ਆਮ ਆਦਮੀ ਪਾਰਟੀ ਆਪਣੀ ਰਾਜਧਾਨੀ ਕਹਿੰਦੀ ਹੈ, ਪਰ ਹੁਣ ਪੰਜਾਬ ਵਿੱਚ ਸਿਆਸੀ ਤੌਰ 'ਤੇ ਆਮ ਆਦਮੀ ਪਾਰਟੀ ਨੂੰ ਸਿਉਂਕ ਲੱਗਣੀ ਸ਼ੁਰੂ ਹੋ ਚੁੱਕੀ ਹੈ, ਕਿਉਂਕਿ ਹੁਣ ਸੁਖਪਾਲ ਸਿੰਘ ਖਹਿਰਾ ਆਮ ਉਮੀਦਵਾਰ ਨੂੰ ਵੱਡੀ ਹਾਰ ਦੇਣਗੇ।ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਭਾਜਪਾ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਮੂੰਹ ਤੋੜਵਾਂ ਜਵਾਬ ਦੇਣ ਲਈ ਕੇਂਦਰ ਵਿੱਚ ਮੁੜ ਕਾਂਗਰਸ ਦੀ ਸਰਕਾਰ ਬਣਾਉਣੀ ਜ਼ਰੂਰੀ ਹੈ, ਕਿਉਂਕਿ ਕਾਂਗਰਸ ਨੇ ਹਮੇਸ਼ਾ ਹੀ ਲੋਕ ਭਲਾਈ ਸਕੀਮਾਂ ਲਿਆਂਦੀਆਂ ਹਨ।

# ਸਰਫੇਸ ਸੀਡਰ ਤਕਨੀਕ ਨਾਲ ਬੀਜੀ ਕਣਕ ਦਾ ਜਾਇਜ਼ਾ



ਕੇ ਏ ਪੀ ਸਿਨਹਾ ਮੌਕੇ 'ਤੇ ਸਰਫੇਸ ਸੀਡਰ ਨਾਲ ਬੀਜੀ ਕਣਕ ਦਾ ਜਾਇਜ਼ਾ ਲੈਂਦੇ ਹੋਏ।

ਸਮਰਾਲਾ (ਸੁਰਜੀਤ ਸਿੰਘ)-ਕੇ ਏ ਪੀ ਸਿਨਹਾ ਵਿਸ਼ੇਸ਼ ਮੁੱਖ ਸਕੱਤਰ ਖੇਤੀਬਾੜੀ ਤੇ ਕਿਸਾਨ ਭਲਾਈ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ: ਸਤਬੀਰ ਸਿੰਘ ਗੋਸਲ ਨੇ ਆਪਣੇ ਸਾਥੀਆਂ ਡਾ. ਅਜਮੇਰ ਸਿੰਘ ਢੱਟ, ਖੋਜ ਨਿਰਦੇਸ਼ਕ, ਪੀਏਯੂ ਤੇ ਕੇ ਵੀ ਕੇ ਸਮਰਾਲਾ ਦੇ ਖੇਤੀ ਵਿਗਿਆਨੀਆਂ ਸਮੇਤ ਪਿੰਡ ਬੌਂਦਲੀ ਤੇ ਪਪੜੌਦੀ ਵਿੱਚ ਲੱਗੀ ਸਰਫੇਸ ਸੀਡਰ ਤਕਨੀਕ ਨਾਲ ਬੀਜੀ ਕਣਕ ਦੇ ਖੇਤਾਂ ਦਾ ਦੌਰਾ ਕੀਤਾ।ਕੇ ਏ ਪੀ ਸਿਨਹਾ ਭਰਪੂਰ ਫਸਲ ਦੇਖ ਕੇ ਖੁਸ਼ ਹੋਏ ਤੇ ਕਿਸਾਨਾਂ ਵੱਲੋਂ ਸਰਫੇਸ ਸੀਡਰ ਵਰਗੀ ਵਾਤਾਵਰਣ ਪੱਖੀ ਤਕਨੀਕ ਨਾਲ ਕਣਕ ਦੀ ਬਿਜਾਈ ਕਰਨ ਦੀ ਸ਼ਲਾਘਾ ਕੀਤੀ।ਇਸ ਦੌਰੇ ਦੌਰਾਨ ਡਾ. ਸਤਬੀਰ ਸਿੰਘ ਗੋਸਲ ਨੇ ਕਿਹਾ ਕਿ ਸਰਫੇਸ ਸੀਡਰ ਨਾਲ ਬੀਜੀ ਗਈ ਕਣਕ ਵੱਖ-ਵੱਖ ਥਾਵਾਂ 'ਤੇ ਇਕਸਾਰ, ਚੰਗੀ ਤਰ੍ਹਾਂ ਖੜ੍ਹੀ, ਢਹਿਣ ਤੋਂ ਬਚੀ ਹੋਈ ਹੈ।ਵਾਈਸ ਚਾਂਸਲਰ ਨੇ ਸਰਫੇਸ ਸੀਡਿੰਗ-ਕਮ-ਮਲਚਿੰਗ ਟੈਕਨਾਲੋਜੀ ਦੇ ਲਾਭ ਨੂੰ ਉਜਾਗਰ ਕੀਤਾ।ਉਨ੍ਹਾ ਕਿਹਾ ਕਿ ਇਸ ਤਰ੍ਹਾਂ ਬੀਜੀ ਕਣਕ ਦੀ ਫਸਲ ਜੜ੍ਹਾਂ ਤੋਂ ਮਜ਼ਬੂਤ ਰਹਿੰਦੀ ਹੈ, ਸੰਘਣੀ ਮਲਚ ਤਹਿ ਦੇ ਕਾਰਨ ਘੱਟ ਸਿੰਚਾਈ ਦੀ ਲੋੜ ਪੈਂਦੀ ਹੈ ਤੇ ਇਸ ਵਿੱਚ ਨਦੀਨਾਂ ਦਾ ਜੰਮ ਵੀ ਘੱਟ ਹੁੰਦਾ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਵਿਧੀ ਨਾ ਸਿਰਫ ਲਾਗਤ ਖਰਚੇ ਘਟਾਉਂਦੀ ਹੈ, ਬਲਕਿ ਵਾਤਾਵਰਣ ਪੱਖੀ ਵੀ ਹੈ।ਉਨ੍ਹਾਂ ਮਿੱਟੀ ਦੀ ਸਿਹਤ, ਖਾਸ ਤੌਰ 'ਤੇ ਕਾਰਬਨ ਦੀ ਮਾਤਰਾ ਨੂੰ ਵਧਾਉਣ ਤੇ ਫਸਲਾਂ ਦੀ ਪੈਦਾਵਾਰ ਨੂੰ ਵਧਾਉਣ ਲਈ ਇਸ ਤਕਨੀਕ ਦੇ ਮਹੱਤਵ ਬਾਰੇ ਵੀ ਦੱਸਿਆ।ਉਨ੍ਹਾਂ ਝੋਨੇ ਦੀ ਵਾਢੀ ਤੇ ਕਣਕ ਦੀ ਬਿਜਾਈ ਵਿਚਕਾਰ ਤਿੰਨ ਤੋਂ ਚਾਰ ਹਫ਼ਤਿਆਂ ਦੇ ਵਕਫੇ ਦੌਰਾਨ ਪਰਾਲੀ ਦੀ ਢੁੱਕਵੀਂ ਸੰਭਾਲ ਕਰਨ ਵਿੱਚ ਇਸ ਤਰੀਕੇ ਨੂੰ ਕਾਰਗਰ ਕਿਹਾ, ਜਿਸ ਨਾਲ ਵਾਤਾਵਰਨ ਪੱਖੀ ਖੇਤੀ ਨੂੰ ਹੁਲਾਰਾ ਮਿਲਦਾ ਹੈ।

ਡਾ. ਅਜਮੇਰ ਸਿੰਘ ਢੱਟ ਨੇ ਸਰਫੇਸ ਸੀਡਿੰਗ-ਕਮ-ਮਲਚਿੰਗ ਨੂੰ ਲਾਗੂ ਕਰਨ ਦੀ ਸੌਖ ਤੇ ਘੱਟ ਖਰਚਿਆਂ ਦਾ ਜ਼ਿਕਰ ਕੀਤਾ, ਜਿਸ ਵਿੱਚ ਪਰਾਲੀ ਸਾੜਨ ਤੋਂ ਬਾਅਦ ਰਵਾਇਤੀ ਤਰੀਕਿਆਂ ਨਾਲੋਂ ਇਸ ਤਕਨੀਕ ਬਿਜਾਈ ਕਰਨੀ ਸਸਤੀ ਪੈਂਦੀ ਹੈ। ਉਨ੍ਹਾਂ ਸਰਫੇਸ ਸੀਡਰ ਮਸ਼ੀਨ ਦੀ ਕਾਰਜਕੁਸ਼ਲਤਾ ਤੇ ਖੇਤਾਂ ਵਿੱਚ ਇਸ ਦੇ ਸੰਚਾਲਨ ਲਈ ਜ਼ਰੂਰੀ ਸਾਵਧਾਨੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਦੌਰੇ ਦੌਰਾਨ ਕਿਸਾਨਾਂ ਨੇ ਸਰਫੇਸ ਸੀਡਰ ਬਾਰੇ ਆਪਣੀ ਤਸੱਲੀ ਪ੍ਰਗਟਾਈ, ਜਿਸ ਵਿੱਚ ਕੰਮ ਦੀ ਸੌਖ, ਘੱਟ ਲਾਗਤ ਤੇ ਨਦੀਨਾਂ ਦੀ ਰੋਕਥਾਮ ਨੂੰ ਉਭਾਰਿਆ ਗਿਆ ਸੀ।

# ਤਰਕਸ਼ੀਲ ਸੁਸਾਇਟੀ ਵੱਲੋਂ ਸੁੰਘ ਕੇ ਪੜ੍ਹਨ ਦੇ ਦਾਅਵੇਦਾਰ ਨੂੰ ਖੁੱਲ੍ਹੀ ਚਣੌਤੀ

## 5 ਲੱਖ ਦਾ ਇਨਾਮ ਦੇਣ ਦੀ ਕੀਤੀ ਪੇਸ਼ਕਸ਼



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸਥਾਨਕ ਇਕਾਈ ਨੇ ਰਾਮਪੁਰਾ ਫੂਲ ਦੇ ਇੱਕ ਵਿਅਕਤੀ ਨਵਦੀਪ ਬਾਂਸਲ ਵੱਲੋਂ ਸੁੰਘ ਕੇ ਪੜ੍ਹਨਾ ਸਿਖਾਉਣ ਦੇ ਦਾਅਵੇ ਦਾ ਨੋਟਿਸ ਲਿਆ ਹੈ।ਇਹ ਦਾਅਵਾ ਸੋਸ਼ਲ ਮੀਡੀਆ ਦੇ ਇੱਕ ਯੂ ਟਿਊਬ ਚੈਨਲ ਰਾਹੀਂ ਕੀਤਾ ਗਿਆ ਸੀ।ਇਸ ਵੀਡੀਓ ਵਿੱਚ ਸੁੰਘ ਕੇ ਪੜ੍ਹਨ ਦਾ ਪ੍ਰਦਰਸ਼ਨ ਕੀਤਾ ਗਿਆ ਤੇ ਕਿਸੇ ਵੀ ਵਿਅਕਤੀ ਦੁਆਰਾ ਇਹ ਹੁਨਰ (ਸੁੰਘ ਕੇ ਪੜ੍ਹਨ) ਦੀ ਜਾਂਚ ਕਰਨ ਦੀ ਖੁੱਲ੍ਹੀ ਚੁਣੌਤੀ ਦਿੱਤੀ ਗਈ।ਪੇਸ਼ਕਾਰੀ ਇੰਨੀ ਵਧੀਆ ਢੰਗ ਨਾਲ ਪੇਸ਼ ਕੀਤੀ ਗਈ ਕਿ ਬੱਚਾ ਸੱਚਮੁੱਚ ਹੀ ਬਿਨਾਂ ਅੱਖਾਂ ਦੀ ਮਦਦ ਤੋਂ ਪੜ੍ਹਦਾ ਪ੍ਰਤੀਤ ਹੁੰਦਾ ਹੈ, ਜਿਸ ਕਰਕੇ ਇਹ ਵੀਡੀਓ ਬਹੁਤ ਵਾਇਰਲ ਹੋਈ।ਤਰਕਸ਼ੀਲਾਂ ਵੱਲੋਂ ਇਸ ਤਰ੍ਹਾਂ ਦੇ ਵਰਤਾਰਿਆਂ ਦੀ ਪਹਿਲਾਂ ਕੀਤੇ ਪੜਦਾਫਾਸ਼ਾਂ ਦੇ ਚਲਦੇ, ਸਥਾਨਕ ਲੋਕਾਂ ਤੋਂ ਬਿਨਾਂ ਹੋਰ ਲੋਕਾਂ ਦੇ ਫੋਨ, ਸਥਾਨਕ ਤਰਕਸ਼ੀਲਾਂ ਨੂੰ ਆਉਣੇ ਸ਼ੁਰੂ ਹੋ ਗਏ।ਸੁਸਾਇਟੀ ਨੇ ਨਵਦੀਪ ਬਾਂਸਲ ਤੋਂ ਸਮਾਂ ਲੈ ਕੇ ਜਾਂਚ ਕਰਨ ਦਾ ਸਮਾਂ ਰੱਖਿਆ ਤਾਂ ਨਵਦੀਪ ਬਾਂਸਲ ਆਨ ਰਿਕਾਰਡ ਗੱਲਬਾਤ ਤੋਂ ਹੀ ਭੱਜ ਗਿਆ।ਸੁਸਾਇਟੀ ਵੱਲੋਂ ਨਵਦੀਪ ਬਾਂਸਲ ਨਾਲ ਹੋਈ ਗੱਲਬਾਤ ਦੀ ਵੀਡੀਓ ਵੀ ਸੋਸ਼ਲ ਨੈੱਟਵਰਕ 'ਤੇ ਪਾਈ ਗਈ।ਇਹ ਵੀਡੀਓ ਵੀ ਕਾਫੀ ਵਾਇਰਲ ਹੋਈ।

ਸੁਸਾਇਟੀ ਲੋਕਾਂ ਨੂੰ 'ਪਹਿਲਾਂ ਸੋਚੋ ਫਿਰ ਵਿਸ਼ਵਾਸ ਕਰੋ' ਦਾ ਹੋਕਾ ਦਿੰਦੀ ਹੈ।ਸੁਸਾਇਟੀ ਲੋਕਾਂ ਤੇ ਮੀਡੀਆ ਦੀ ਹਾਜ਼ਰੀ ਵਿੱਚ ਸੁੰਘ ਕੇ ਪੜ੍ਹ ਕੇ ਦਿਖਾਉਣ ਵਾਲੇ ਕਿਸੇ ਵੀ ਬੱਚੇ ਜਾਂ ਬੱਚਿਆਂ ਨੂੰ ਸਿਖਾਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਪੰਜ ਲੱਖ ਰੁਪਏ ਦੇਣ ਦਾ ਇਨਾਮ ਦੇ ਦੇਣ ਐਲਾਨ ਕਰਦੀ ਹੈ।ਚੁਣੌਤੀ ਕਬੂਲਣ ਵਾਲੇ ਨੂੰ 10 ਹਜ਼ਾਰ ਰੁਪਏ ਦੀ ਜਮਾਨਤ ਜਮ੍ਹਾਂ ਕਰਵਾਉਣੀ ਹੋਵੇਗੀ, ਜੋ ਉਸ ਦੇ ਦਾਅਵੇ ਦੇ ਸੱਚ ਹੋਣ 'ਤੇ ਉਸ ਨੂੰ ਇਨਾਮ ਦੇ ਨਾਲ ਵਾਪਸ ਕਰ ਦਿੱਤੀ ਜਾਵੇਗੀ। ਇਹ ਜਾਣਕਾਰੀ ਮੀਡੀਆ ਮੁਖੀ ਮਾਸਟਰ ਸੁਰਿੰਦਰ ਰਾਮਪੁਰਾ ਵੱਲੋਂ ਦਿੱਤੀ ਗਈ।ਪ੍ਰੈਸ ਰਾਹੀਂ ਚੁਣੌਤੀ ਦੇਣ ਦਾ ਫੈਸਲਾ ਲੈਣ ਸਮੇਂ ਸੁਸਾਇਟੀ ਦੇ ਸਥਾਨਕ ਜਥੇਬੰਦਕ ਮੁਖੀ ਗਗਨ ਰਾਮਪੁਰਾ ਤੇ ਮੈਂਬਰ ਹੈੱਡਮਾਸਟਰ ਸੁਖਮੰਦਰ ਸਿੰਘ, ਜੰਟਾ ਸਿੰਘ, ਬੰਤ ਸਿੰਘ ਭੂੰਦੜ, ਲੈਕਚਰਾਰ ਗੁਰਮੇਲ ਸਿੰਘ, ਮੇਜਰ ਸਿੰਘ, ਰਾਮ ਸਿੰਘ ਲਹਿਰਾ ਧੂਰਕੋਟ, ਗੁਰਜੀਤ ਸਿੰਘ, ਗੁਰਦੀਪ ਸਿੰਘ, ਤੇਜ ਸਿੰਘ ਮਾਫੀਦਾਰ ਆਦਿ ਸ਼ਾਮਲ ਸਨ।

# ਆਈ ਐੱਸ ਐੱਫ ਕਾਲਜ ਦੇ ਵਿਦਿਆਰਥੀਆਂ ਦਾ ਉਦਯੋਗਿਕ ਦੌਰਾ



ਮੋਗਾ (ਇਕਬਾਲ ਸਿੰਘ ਖਹਿਰਾ)-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ ਐੱਸ ਐੱਫ ਕਾਲਜ ਆਫ਼ ਫਾਰਮੇਸੀ ਦੇ ਡੀ. ਫ਼ਾਰਮ ਦੇ ਵਿਦਿਆਰਥੀਆਂ ਦਾ ਪ੍ਰਾਈਸਪਗ ਗਿਲੋਨ ਫਾਰਮਾ ਜਗਰਾਉਂ ਵਿਖੇ ਉਦਯੋਗਿਕ ਟੂਰ ਕੀਤਾ ਗਿਆ। ਸੰਸਥਾ ਦੇ ਡਾਇਰੈਕਟਰ ਡਾ. ਜੀ. ਡੀ. ਗੁਪਤਾ ਨੇ ਦੱਸਿਆ ਕਿ ਫਾਰਮੇਸੀ ਕੌਂਸਲ ਆਫ਼ ਇੰਡੀਆ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਡਿਪਲੋਮਾ ਪਹਿਲੇ ਸਾਲ ਦੇ ਵਿਦਿਆਰਥੀਆਂ ਲਈ ਉਦਯੋਗਿਕ ਟੂਰ ਕੀਤਾ ਗਿਆ। ਇਸ ਟੂਰ ਨੂੰ ਸੰਸਥਾ ਦੇ ਡਾਇਰੈਕਟਰ ਡਾ. ਜੀ. ਡੀ. ਗੁਪਤਾ ਤੇ ਆਈ.ਐੱਸ.ਐੱਫ.ਸੀ.ਪੀ.ਆਰ. ਦੇ ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ ਨੇ ਰਵਾਨਾ ਕੀਤਾ। ਡਾ. ਜੀ. ਡੀ. ਗੁਪਤਾ ਨੇ ਦੱਸਿਆ ਕਿ ਇਹ ਟੂਰ ਡਿਪਲੋਮਾ ਹੈੱਡ ਕਰਿਸ਼ਮਾ ਅਗਰਵਾਲ ਤੇ ਸਾਕਸ਼ੀ ਗੁਪਤਾ ਦੀ ਅਗਵਾਈ ਹੇਠ ਕੀਤਾ ਗਿਆ। ਇਸ ਟੂਰ ਦੌਰਾਨ ਵਿਦਿਆਰਥੀਆਂ ਨੇ ਐੱਮ. ਡੀ. ਗਿਲੋਨ ਫਾਰਮਾ ਜਗਰਾਉਂ ਨਾਲ ਮੁਲਾਕਾਤ ਕੀਤੀ। ਸਰਬਜੀਤ ਸਿੰਘ ਗਿੱਲ, ਮੈਨੂਫੈਕਚਰਿੰਗ ਕੈਮਿਸਟ ਪਰਮਜੀਤ ਸਿੰਘ ਗਿੱਲ, ਕੁਆਲਿਟੀ ਕੰਟਰੋਲ ਕੈਮਿਸਟ ਮਨੀਸ਼ ਕੁਮਾਰ ਨੇ ਟੈਬਲੈੱਟ ਸੈਕਸ਼ਨ, ਕੈਪਸੂਲ ਸੈਕਸ਼ਨ ਤੇ ਲਿਕਵਿਡ ਸੈਕਸ਼ਨ ਦੇ ਨਾਲ ਲੈਬਾਰਟਰੀ ਵਿੱਚ ਕੰਮ ਕਰਨ ਦੀ ਵਿਧੀ ਬਾਰੇ ਜਾਣਕਾਰੀ ਦਿੱਤੀ। ਸੰਸਥਾ ਦੇ ਡਾਇਰੈਕਟਰ ਡਾ. ਜੀ. ਡੀ. ਗੁਪਤਾ ਤੇ ਆਈ. ਐੱਸ. ਐੱਫ. ਸੀ. ਪੀ. ਆਰ. ਦੇ ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ ਨੇ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਕੰਪਨੀ ਅਧਿਕਾਰੀਆਂ ਦਾ ਧੰਨਵਾਦ ਕੀਤਾ। ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸਕੱਤਰ ਇੰਜੀ. ਜਨੇਸ਼ ਗਰਗ, ਡਾ. ਮੁਸਕਾਨ ਗਰਗ, ਡਾਇਰੈਕਟਰ ਡਾ. ਜੀ. ਡੀ. ਗੁਪਤਾ, ਪ੍ਰਿੰਸੀਪਲ ਡਾ. ਆਰ. ਕੇ ਨਾਰੰਗ ਨੇ ਵਿਦਿਆਰਥੀਆਂ ਤੇ ਸਟਾਫ ਨੂੰ ਇੰਡਸਟਰੀ ਟੂਰ ਲਈ ਵਧਾਈ ਦਿੱਤੀ।

# ਰਾਏ ਸਿੱਖ ਅਨੁਸੂਚਿਤ ਜਾਤੀ ਸਮਾਜ ਵੱਲੋਂ ਬਾਬਾ ਸਾਹਿਬ ਦੇ ਜਨਮ ਦਿਹਾੜੇ 'ਤੇ ਸਮਾਗਮ

## ਸਿੱਖਿਆ ਤੇ ਖੇਡਾਂ 'ਚ ਅੱਵਲ ਆਉਣ ਵਾਲੇ ਬੱਚਿਆਂ ਨੂੰ ਕੀਤਾ ਸਨਮਾਨਤ



ਜਲਾਲਾਬਾਦ (ਜੰਗੀਰ ਕੌਰ ਫਲੀਆਂਵਾਲਾ)

ਰਾਏ ਸਿੱਖ ਅਨੁਸੂਚਿਤ ਜਾਤੀ ਸਮਾਜ (ਅੰਬੇਡਕਰਵਾਦੀ) ਵੱਲੋਂ ਅੱਜ ਭਾਰਤੀ ਸੰਵਿਧਾਨ ਦੇ ਨਿਰਮਾਤਾ, ਪ੍ਰਸਿੱਧ ਸਿਆਸਤਦਾਨ ਤੇ ਮਹਾਨ ਸਮਾਜ ਸੁਧਾਰਕ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 133ਵਾਂ ਜਨਮ ਦਿਹਾੜਾ ਸਥਾਨਕ ਚਾਂਦੀ ਰਾਮ ਧਰਮਸ਼ਾਲਾ ਵਿਖੇ ਸਮਾਗਮ ਕਰਕੇ ਧੂਮਧਾਮ ਨਾਲ ਮਨਾਇਆ ਗਿਆ। ਸਵੇਰੇ ਸਭ ਤੋਂ ਪਹਿਲਾਂ ਸਥਾਨਕ ਸ਼ਹਿਰ ਵਿੱਚ ਸਥਾਪਤ ਬਾਬਾ ਸਾਹਿਬ ਦੀ ਪ੍ਰਤਿਭਾ ਨੂੰ ਫੁੱਲਾਂ ਦੇ ਹਾਰ ਪਾਏ ਗਏ ਤੇ ਇਸ ਦੇ ਬਾਅਦ ਸਮਾਗਮ ਦਾ ਆਰੰਭ ਹੋਇਆ। ਸਮਾਗਮ ਵਿੱਚ ਬਾਬਾ ਸਾਹਿਬ ਦੀਆਂ ਸਮਾਜ ਲਈ ਸਿੱਖਿਆਵਾਂ, ਦੇਸ਼ ਦੇ ਸੰਵਿਧਾਨ ਦੇ ਨਿਰਮਾਤਾ ਦੇ ਰੂਪ ਵਿੱਚ ਆਪਣੀ ਜ਼ਿੰਮੇਵਾਰੀ ਦੌਰਾਨ ਗਰੀਬ, ਮਜਲੂਮਾਂ ਤੇ ਦੱਬੇ ਕੁਚਲੇ ਲੋਕਾਂ ਲਈ ਰੱਖੀਆਂ ਧਰਾਵਾਂ, ਸਿੱਖਿਆ ਦੇ ਅਧਿਕਾਰ, ਨਾਰੀ ਜਾਤੀ ਦੇ ਉਥਾਨ ਲਈ ਪਾਏ ਸੰਵਿਧਾਨ ਵਿੱਚ ਯੋਗਦਾਨ ਨੂੰ ਯਾਦ ਕੀਤਾ ਗਿਆ। ਇਸ ਸਮਾਗਮ ਵਿੱਚ ਸਾਬਕਾ ਵਿਧਾਇਕ ਦਵਿੰਦਰ ਸਿੰਘ ਘੁਬਾਇਆ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਜਸਪਾਲ ਸਿੰਘ, ਗੁਰਮੀਤ ਸਿੰਘ, ਅਸ਼ੋਕ ਸਰਾਰੀ, ਜਗਨੰਦਨ ਸਿੰਘ, ਸਤਨਾਮ ਸਿੰਦ ਚਾਂਦੀ, ਪੰਜਾਬ ਸਿੰਘ ਰਿਟਾਇਰ ਇੰਸਪੈਕਟਰ, ਬਲਦੇਵ ਸਿੰਘ ਕਮਰੇਵਾਲਾ, ਕਾਮਰੇਡ ਹੰਸਾ ਸਿੰਘ, ਡਾ. ਸਤਨਾਮ ਸਿੰਘ ਰਾਏ, ਰਮੇਸ਼ ਰੰਗੀਲਾ, ਪਰਮਜੀਤ ਸਿੰਘ ਸ਼ੇਰੇਵਾਲਾ, ਫੁੰਮਣ ਸਿੰਘ ਸੀਨੀਅਰ ਸਹਾਇਕ ਇੰਜੀਨੀਅਰ, ਗੁਰਮੀਤ ਸਿੰਘ ਹਬੀਬ ਵਾਲਾ, ਸੁਖਤਿਆਰ ਸਿੰਘ, ਗੁਰਦਿੱਤ ਸਿੰਘ, ਮੈਡਮ ਪਰਮਿੰਦਰ ਕੌਰ, ਜੋਗਿੰਦਰ ਸਿੰਘ ਘੁਬਾਇਆ, ਵੀਰ ਸਿੰਘ, ਗਿਆਨ ਚੰਦ ਐੱਸ.ਡੀ.ਓ., ਡਾ. ਪਰਮਜੀਤ ਸਿੰਘ ਕੱਟੀਆਂਵਾਲਾ, ਪ੍ਰੇਮ ਸਿੰਘ ਪ੍ਰਿੰਸੀਪਲ ਤੇ ਹੋਰ ਅਧਿਆਪਕ ਅਤੇ ਸਮਾਜ ਸੇਵਾ ਆਗੂ ਹਾਜ਼ਰ ਸਨ।

ਸਮਾਗਮ ਵਿੱਚ ਸਿੱਖਿਆ ਦੇ ਖੇਤਰ ਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਹੋਣਹਾਰ ਬੱਚਿਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਸਨਮਾਨਤ ਕੀਤਾ ਗਿਆ। ਇਸ ਦੇ ਨਾਲ ਹੀ ਨੌਕਰੀ ਦੌਰਾਨ ਇਮਾਨਦਾਰੀ ਦੇ ਨਾਲ ਸੇਵਾਵਾਂ ਨਿਭਾਅ ਰਹੇ ਮੁਲਾਜ਼ਮਾਂ ਨੂੰ ਵੀ ਸਨਮਾਨਤ ਕੀਤਾ ਗਿਆ। ਇਹ ਸਮਾਗਮ ਸਮੂਹ ਬਿਰਾਦਰੀਆਂ ਦੇ ਲੋਕਾਂ ਨੂੰ ਇਕ ਮੰਚ 'ਤੇ ਇਕੱਠਾ ਹੋਣ ਲਈ ਸੰਦੇਸ਼ ਦਿੰਦਾ ਹੋਇਆ ਨੇਪਰੇ ਚੜ੍ਹਿਆ।

# ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਹੀ ਨੌਜਵਾਨਾਂ ਲਈ ਬਿਹਤਰ : ਪ੍ਰਨੀਤ ਕੌਰ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸਾਬਕਾ ਵਿਦੇਸ਼ ਰਾਜ ਮੰਤਰੀ ਤੇ ਪਟਿਆਲਾ ਤੋਂ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਆਪਣੇ ਭਾਸ਼ਣ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਜਾਰੀ ਕੀਤੇ ਗਏ ਸੰਕਲਪ ਪੱਤਰ ਦੀ ਪ੍ਰਸੰਸਾ ਕੀਤੀ।ਸ਼੍ਰੀਮਤੀ ਪ੍ਰਨੀਤ ਕੌਰ ਇੱਥੇ ਸਮਾਣਾ ਵਿੱਚ ਭਾਰਤੀ ਜਨਤਾ ਪਾਰਟੀ ਬੂਥ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਨੌਜਵਾਨ ਸਾਡਾ ਭਵਿੱਖ ਹਨ, ਇਹ ਤੁਹਾਡਾ ਕੰਮ ਹੈ ਕਿ ਹੁਣ ਬਹੁਤ ਸਮਝਦਾਰੀ ਨਾਲ ਚੋਣ ਕਰੋ, ਤੁਸੀਂ ਕਿਹੜੀ ਪਾਰਟੀ ਨੂੰ ਵੋਟ ਪਾਉਣ ਜਾ ਰਹੇ ਹੋ।ਸਿਰਫ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਹੀ ਸਾਡੇ ਨੌਜਵਾਨਾਂ ਲਈ ਬਿਹਤਰ ਭਵਿੱਖ ਯਕੀਨੀ ਬਣਾ ਸਕਦੀ ਹੈ। ਭਾਜਪਾ ਦੇ ਮੀਤ ਪ੍ਰਧਾਨ ਬਿਕਰਮ ਚੀਮਾ ਨੇ ਕਿਹਾ ਕਿ ਨਰੇਂਦਰ ਮੋਦੀ ਜੀ ਨੇ ਪਿਛਲੇ 10 ਸਾਲਾਂ ਵਿੱਚ, ਖ਼ਾਸਕਰ ਸਾਡੀਆਂ ਔਰਤਾਂ ਲਈ ਕੁਝ ਇਤਿਹਾਸਕ ਕਦਮ ਚੁੱਕੇ ਹਨ।ਇਸ ਮੌਕੇ ਹਰਜਿੰਦਰ ਸਿੰਘ ਠੇਕੇਦਾਰ, ਜ਼ਿਲ੍ਹਾ ਪ੍ਰਧਾਨ ਹਰਮੇਸ਼ ਡਕਾਲਾ, ਸਮਾਣਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ, ਜਨਰਲ ਸਕੱਤਰ ਦੱਖਣੀ ਕੁਲਵੀਰ ਸਿੰਘ, ਮੰਡਲ ਪ੍ਰਧਾਨ ਵਿਨੋਦ ਸਿੰਗਲਾ, ਯੂਥ ਪ੍ਰਧਾਨ ਪ੍ਰੀਕਸ਼ਤ ਪਾਠਕ, ਰੋਕੀ ਸਿੰਗਲਾ, ਸੋਨੂੰ ਢੋਟ ਜ਼ਿਲ੍ਹਾ, ਬਲਵਿੰਦਰ ਬੱਬੀ, ਪਵਨ ਘੱਗਾ ਮੰਡਲ ਇੰਚਾਰਜ, ਸ਼ੈਂਕੀ ਧਿਮਾਨ, ਗੁਰਮੀਤ ਸਿੰਘ ਰਾਮਨਗਰ ਮੰਡਲ, ਗੁਰੀ ਵਿਰਕ, ਰਾਹੁਲ ਸ਼ਰਮਾ, ਲਾਡੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਭਾਜਪਾ ਵਰਕਰ ਹਾਜ਼ਰ ਸਨ।

16-April-PAGE-11-Majha-24.qxd 4/15/2024 10:53 PM Page 1



# ਪਿੰਡ-ਪਿੰਡ ਭਾਜਪਾ ਆਗੂਆਂ ਦਾ ਵਿਰੋਧ ਕਰਨ ਲਈ ਕਿਸਾਨਾਂ/ਮਜ਼ਦੂਰਾਂ ਨੇ ਘੜੀ ਠੋਸ ਰਣਨੀਤੀ



ਗੁਰਦਾਸਪੁਰ (ਜਨਕ ਮਹਾਜਨ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲਾ ਗੁਰਦਾਸਪੁਰ ਦੇ ਜੋਨ ਸੰਤ ਬਾਬਾ ਲਾਲ ਸਿੰਘ ਕੁੱਲੀ ਵਾਲੇ ਵਲੋਂ ਅੱਡਾ ਭੈਣੀ ਮੀਆਂ ਖਾਂ ਵਿੱਚ ਇਕੱਠ ਕਰਕੇ ਕਿਸਾਨ ਮਜ਼ਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮਜ਼ਦੂਰ ਗੈਰ-ਰਾਜਨੀਤਿਕ ਵੱਲੋਂ ਜਾਰੀ ਕੀਤਾ ਬੈਨਰ ਪਿੰਡ ਦੀ ਸਾਂਝੀ ਜਗ੍ਹਾ ਉੱਤੇ ਲਗਾਇਆ ਗਿਆ। ਇਸ ਬੈਨਰ ਉਪਰ ਇੱਕ ਪਾਸੇ ਸ਼ਹੀਦ ਸ਼ੁਭਕਰਨ ਸਿੰਘ ਬਲੋ ਦੀ ਤਸਵੀਰ ਹੈ ਤੇ 12 ਸਵਾਲ ਹਨ ਜੋ ਕਿ ਆਉਣ ਵਾਲੇ ਦਿਨਾਂ ਵਿੱਚ ਭਾਜਪਾ ਆਗੂਆਂ ਨੂੰ ਪਿੰਡ ਵਿੱਚ ਆਉਣ ਤੇ ਪੁੱਛੇ ਜਾਣਗੇ।

ਜੇਕਰ ਭਾਜਪਾ ਆਗੂ ਇਨ੍ਹਾਂ ਸਵਾਲਾਂ ਦਾ ਜਵਾਬ ਨਹੀਂ ਦਿੰਦੇ ਤਾਂ ਫਿਰ ਤਿੱਖਾ ਵਿਰੋਧ ਕੀਤਾ ਜਾਵੇਗਾ ਹਰ ਪਿੰਡ ਵਿੱਚ ਇਹ ਬੈਨਰ ਲਗਾਇਆ ਜਾਵੇਗਾ।

ਭੈਣੀ ਮੀਆਂ ਖਾਂ ਵਿਖੇ ਪ੍ਰੈਸ ਨੂੰ ਸੰਬੋਧਨ ਕਰਦਿਆਂ ਕੈਪਟਨ ਸਮਿੰਦਰ ਸਿੰਘ, ਜ਼ਿਲਾ ਪ੍ਰੈੱਸ ਸਕੱਤਰ ਗੁਰਪ੍ਰੀਤ ਨਾਨੋਵਾਲ ਨੇ ਕਿਹਾ ਕਿਹਾ ਕਿ ਦੇਸ਼ ਨੂੰ ਆਜ਼ਾਦ ਹੋਇਆਂ ਭਾਵੇਂ 75 ਸਾਲ ਹੋ ਗਏ ਹਨ, ਦੇਸ਼ ਵਿੱਚ 75 ਸਾਲਾਂ ਦੌਰਾਨ ਲਾਗੂ ਹੋਏ ਲੋਕਤੰਤਰੀ ਢਾਂਚੇ ਨੂੰ ਸਮੇਂ ਦੀਆਂ ਸਰਕਾਰਾਂ ਵੱਲੋਂ ਨਕਾਰਾ ਕਰ ਦਿੱਤਾ ਗਿਆ ਹੈ। ਵੋਟ ਦੀ ਰਾਜਨੀਤੀ, ਭ੍ਰਿਸ਼ਟਾਚਾਰੀ, ਕਾਤਲ, ਫਿਰਕੂ ਦੰਗੇ ਫੈਲਾਉਣ ਵਾਲੇ ਦੇਸ਼ ਦੀ ਰਾਜਨੀਤਿਕ ਵਾਗ ਡੋਰ ਆਪਣੇ ਹੱਥਾਂ ਵਿੱਚ ਲੈਣ 'ਚ ਕਾਮਯਾਬ ਹੋ ਗਏ ਹਨ। ਕਾਰਪੋਰੇਟ ਘਰਾਣਿਆਂ ਤੋਂ ਵੋਟਾਂ ਦੌਰਾਨ ਅਰਬਾਂ ਖਰਬਾਂ ਦੇ ਫੰਡ ਲੈਂਦੇ ਹਨ ਤੇ ਫਿਰ ਇਨ੍ਹਾਂ ਘਰਾਣਿਆਂ ਨੂੰ ਮੁਨਾਫੇ ਖਟਾਉਣ ਲਈ ਇਹ ਆਗੂ ਕਿਸਾਨ ਮਜ਼ਦੂਰ ਤੇ ਆਮ ਲੋਕਾਂ ਨੂੰ ਤਬਾਹ ਕਰਨ ਵਾਲੀਆਂ ਨੀਤੀਆਂ ਬਣਾਉਂਦੇ ਹਨ। ਦੇਸ਼ ਵਿੱਚ 14 ਵੱਡੇ ਕਾਰਪੋਰੇਟ ਘਰਾਣੇ ਸਿਆਸੀ ਲੋਕਾਂ ਦੀ ਪੁਸ਼ਤ ਪਨਾਹੀ ਕਰਦੇ ਹਨ ਤੇ ਸੌ ਦੇ ਕਰੀਬ ਹੋਰ ਵੱਡੇ ਅਮੀਰ ਘਰਾਣੇ ਵੀ ਇਸ ਰੇਸ ਵਿੱਚ ਸ਼ਾਮਿਲ ਹਨ।

ਦੇਸ਼ ਦੀ ਅੱਧਾ ਫੀਸਦੀ ਆਬਾਦੀ ਤੋਂ ਵੀ ਘੱਟ ਲੋਕ 130 ਕਰੋੜ ਲੋਕਾਂ ਤੇ ਰਾਜ ਕਰ ਰਹੇ ਹਨ। ਲੋਕਾਂ ਕੋਲੋਂ ਰੁਜ਼ਗਾਰ ਖੋਹਿਆ ਜਾ ਰਿਹਾ, ਮਸ਼ੀਨੀਕਰਨ ਦੇ ਨਾਮ ਉੱਤੇ ਬੇਰੁਜ਼ਗਾਰੀ ਤੇ ਭੁੱਖਮਰੀ ਵੱਲ ਧੱਕਿਆ ਜਾ ਰਿਹਾ। ਦੇਸ਼ ਵਿੱਚ ਅਨਾਜ ਦਾ ਭੰਡਾਰ ਭਰਨ ਵਾਲੇ ਕਿਸਾਨਾਂ/ਮਜ਼ਦੂਰਾਂ ਨੂੰ ਆਪਣੇ ਹੱਕਾਂ ਲਈ ਫਸਲਾਂ ਦੇ ਮੁੱਲ ਲੈਣ ਤੇ ਜ਼ਮੀਨਾਂ ਬਚਾਉਣ ਲਈ ਆਪਣੇ ਹੀ ਦੇਸ਼ ਦੀਆਂ ਸਰਕਾਰਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਸਰਕਾਰਾਂ ਦੀਆਂ ਵਿਰੋਧੀ ਧਿਰਾਂ ਨੇ ਵੀ ਆਪਣੇ ਵਿਰੋਧੀਆਂ ਅੱਗੇ ਗੋਡੇ ਟੇਕ ਦਿੱਤੇ ਹਨ। ਇਸ ਲਈ ਹੁਣ ਕਿਸਾਨ ਜਥੇਬੰਦੀਆਂ ਨੂੰ ਹੀ ਆਪਣੇ ਹੱਕਾਂ ਲਈ ਮੈਦਾਨਾਂ ਵਿੱਚ ਡਟਣਾ ਪੈ ਰਿਹਾ ਜਿਸ ਦੀ ਕੜੀ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਕਿਸਾਨ ਡਟੇ ਹੋਏ ਹਨ। ਉਨ੍ਹਾਂ ਕਿਹਾ ਕਿ ਸ਼ਹੀਦ ਸ਼ੁਭਕਰਨ ਸਿੰਘ ਦੀ ਤਸਵੀਰ ਵਾਲੇ ਬੈਨਰ ਪਿੰਡਾਂ ਵਿੱਚ ਲਗਾ ਕੇ ਭਾਜਪਾ ਆਗੂਆਂ ਨੂੰ ਪਿੰਡ ਵਿੱਚ 12 ਸਵਾਲ ਪੁੱਛੇ ਜਾਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਜੀਤ ਕੌਰ, ਗੁਰਪ੍ਰੀਤ ਕੌਰ, ਬਲਵਿੰਦਰ ਕੌਰ, ਕਵਲਜੀਤ ਕੌਰ, ਗੁਰਮੀਤ ਕੌਰ, ਜਸਬੀਰ ਸਿੰਘ ਗੁਰਾਇਆ, ਮਨੋਹਰ ਸਿੰਘ ਜੀਦੜ, ਉੱਤਮ ਸਿੰਘ ਬਾਗੜੀਆ, ਅਵਤਾਰ ਸਿੰਘ, ਜਰਨੈਲ ਸਿੰਘ ਲਾਧੂਪੁਰ, ਦਲਵਿੰਦਰ ਸਿੰਘ, ਕਾਬਲ ਸਿੰਘ, ਕੁਲਦੀਪ ਸਿੰਘ, ਬਲਵਿੰਦਰ ਸਿੰਘ ਅਤੇ ਹੋਰ ਵੱਡੀ ਗਿਣਤੀ ਵਿਚ ਕਿਸਾਨ ਮਜ਼ਦੂਰ ਬੀਬੀਆਂ ਹਾਜ਼ਰ ਸਨ।

# ਪੰਜਾਬੀਆਂ ਦਾ ਝੁਕਾਅ ਦਿਨ-ਬ-ਦਿਨ ਕਾਂਗਰਸ ਪੱਖੀ ਹੋ ਰਿਹਾ : ਸੱਚਰ

ਮਜੀਠਾ (ਸੋਇਮ ਆਨੰਦ) ਪੰਜਾਬ ਵਿਚ ਬੇਸ਼ੱਕ ਅਖੀਰਲੇ ਪੜਾਅ ਪਹਿਲੀ ਜੂਨ ਨੂੰ ਲੋਕ ਸਭਾ ਦੀਆਂ ਚੋਣਾ ਹੋਣੀਆਂ ਹਨ ਪਰ ਇਸ ਵਾਸਤੇ ਸਾਰੀਆਂ ਸਿਆਸੀ ਪਾਰਟੀਆਂ ਨੇ ਹੁਣ ਤੋ ਹੀ ਕਮਰਕੱਸੇ ਕਰ ਲਏ ਹਨ ਅਤੇ ਆਪੋ ਆਪਣੇ ਪਾਰਟੀ ਵਰਕਰਾਂ ਅਤੇ ਆਗੂਆਂ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ।

ਅੰਮ੍ਰਿਤਸਰ ਲੋਕ ਸਭਾ ਹਲਕੇ ਤੋ ਦੋਵੇ ਸੱਤਾਧਾਰੀ ਪਾਰਟੀਆਂ ਭਾਜਪਾ ਅਤੇ ਆਮ ਆਦਮੀ ਪਾਰਟੀ ਵਲੋਂ ਵੀ ਆਪਣੇ ਉਮੀਦਵਾਰ ਵੀ ਐਲਾਨ ਦਿੱਤੇ ਹਨ ਹਮੇਸ਼ਾਂ ਦੇਰੀ ਨਾਲ ਉਮੀਦਵਾਰ ਦੇਣ ਵਾਲੀ ਕਾਂਗਰਸ ਪਾਰਟੀ ਇਸ ਵਾਰ ਵੀ ਪਹਿਲ ਕਦਮੀ ਕਰਦੀ ਨਜ਼ਰ ਨਹੀ ਆ ਰਹੀ ਪਰ ਇਸ ਦੇ ਬਾਵਜੂਦ ਲੋਕ ਸਭਾ ਹਲਕਾ ਅੰਮ੍ਰਿਤਸਰ ਵਿਚ ਪੈਂਦੇ ਵਿਧਾਨ ਸਭਾ ਹਲਕਾ ਮਜੀਠਾ ਤੋ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਤੇ ਸੀਨੀਅਰ ਕਾਂਗਰਸੀ ਆਗੂ ਭਗਵੰਤਪਾਲ ਸਿੰਘ ਸੱਚਰ ਨੇ ਆਪਣੀ ਜਿੰਮੇਵਾਰੀ ਸਮਝਦਿਆਂ ਕਾਂਗਰਸ ਪਾਰਟੀ ਲਈ ਬੀਤੇ ਕਾਫੀ ਦਿਨਾਂ ਤੋ ਮੀਟਿੰਗਾਂ ਦਾ ਸਿਲਸਿਲਾ ਆਰੰਭ ਕੀਤਾ ਹੋਇਆ ਹੈ। ਜਿਸ ਦੇ ਚਲਦਿਆਂ ਅੱਜ ਕਸਬਾ ਮਜੀਠਾ ਵਿਚ ਸ਼ਹਿਰੀ ਕਾਂਗਰਸ ਦੇ ਪ੍ਰਧਾਨ ਨਵਦੀਪ ਸਿੰਘ ਸੋਨਾ ਦੇ ਦਫਤਰ ਵਿਖੇ ਪ੍ਰਭਾਵਸ਼ਾਲੀ ਮੀਟਿੰਗ ਕੀਤੀ ਗਈ ਜਿਸ ਵਿਚ ਕਾਂਗਰਸ ਪਾਰਟੀ ਦੇ ਐਸਸੀ ਵਿੰਗ ਦੇ ਜ਼ਿਲ੍ਹਾ ਵਾਈਸ ਚੇਅਰਮੈਨ ਜਗਦੀਸ਼ ਸਿੰਘ ਸਾਬੀ ਨਾਗ ਨਵੇ ਜਿਹੜੇ ਪਾਰਟੀ ਨਾਲ ਕੁਝ ਨਾਰਾਜ਼ ਚੱਲ ਰਹੇ ਸਨ ਭਗਵੰਤਪਾਲ ਸਿੰਘ ਸੱਚਰ




ਦੀ ਪ੍ਰੇਰਨਾ ਸਦਕਾ ਸਭ ਗਿਲੇ ਸ਼ਿਕਵੇ ਭੁਲਾ ਕੇ ਸੱਚਰ ਤੇ ਕਾਂਗਰਸ ਪਾਰਟੀ ਨਾਲ ਚਲਣ ਦਾ ਪ੍ਰਣ ਕਰ ਲਿਆ। ਮੀਟਿੰਗ ਉਪਰੰਤ ਗਲਬਾਤ ਕਰਦਿਆਂ ਭਗਵੰਤਪਾਲ ਸਿੰਘ ਸੱਚਰ ਨੇ ਕਿਹਾ ਕਿ ਚੰਗੇ ਵਰਕਰ ਹੀ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅਤੇ ਸਾਬੀ ਨਾਗ ਦੇ ਆਉਣ ਨਾਲ ਪਾਰਟੀ ਅਤੇ ਨਿੱਜੀ ਤੋਰ ਤੇ ਉਨ੍ਹਾਂ ਨੂੰ ਭਾਰੀ ਬਲ ਮਿਲਿਆ ਹੈ ਸੱਚਰ ਨੇ ਸਾਬੀ ਨਾਗ ਨੂੰ ਵਿਸ਼ਵਾਸ ਦੁਆਇਆ ਕਿ ਪਾਰਟੀ ਵਿਚ ਬਣਦਾ ਹੋਰ ਵੀ ਮਾਣ ਸਤਿਕਾਰ ਦਿੱਤਾ ਜਾਵੇਗਾ।

ਸੱਚਰ ਨੇ ਅਗੇ ਕਿਹਾ ਕਿ ਕੇਂਦਰ ਵਿਚ ਭਾਜਪਾ ਅਤੇ ਪੰਜਾਬ ਵਿਚਲੀ ਮਾਨ ਸਰਕਾਰ ਨੇ ਝੂਠੇ ਵਾਅਦੇ ਕਰਕੇ ਲੋਕਾਂ ਕੋਲੋ ਵੋਟਾਂ ਲਈਆਂ ਪਰ ਇਹ ਸਰਕਾਰਾਂ ਹਰ ਫਰੰਟ ਤੇ ਫੇਲ੍ਹ ਸਾਬਤ ਹੋਈਆਂ ਜਿਸ ਕਰਕੇ ਹੁਣ ਮਾਹੋਲ ਸਾਰੇ ਦੇਸ਼ ਅਤੇ ਪੰਜਾਬ ਵਿਚ ਕਾਂਗਰਸ ਪੱਖੀ ਨਜ਼ਰ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਮਾਝੇ ਵਿਚ ਵੀ ਚੰਗਾ ਪ੍ਰਦਰਸ਼ਨ ਕਰਕੇ ਸਾਰੀਆਂ ਸੀਟਾਂ ਤੇ ਜਿੱਤ ਪ੍ਰਾਪਤ ਕਰਨਗੇ।

ਇਸ ਮੌਕੇ ਭਗਵੰਤਪਾਲ ਸਿੰਘ ਸੱਚਰ ਦੇ ਨਾਲ ਨਵਦੀਪ ਸਿੰਘ ਸੋਨਾ ਸਹਿਰੀ ਪ੍ਰਧਾਨ, ਸਾਬਕਾ ਕੌਂਸਲਰ ਪੱਪੀ ਭੱਲਾ, ਸਾਬਕਾ ਸਰਪੰਚ ਮਨੋਹਰ ਲਾਲ ਗਾਲੋਵਾਲੀ, ਜਸਪਾਲ ਸਿੰਘ ਜਲਾਲਪੁਰਾ, ਵਿਕਟਰ ਮਸੀਹ ਸੁਪਾਰੀਵਿੰਡ, ਬਲਵਿੰਦਰ ਸਿੰਘ ਰੋੜੀ, ਮਹਿੰਦਰ ਸਿੰਘ ਚੌਹਾਨ, ਰਾਕੇਸ਼ ਕੁਮਾਰ ਲਵਲੀ, ਪ੍ਰਦੀਪ ਸਿੰਘ ਗੋਲਣ, ਸਰਪੰਚ ਜਗਜੀਤ ਸਿੰਘ ਢਿੰਗਨੰਗਲ, ਸਰਪੰਚ ਸੁਰਜੀਤ ਸਿੰਘ ਤਰਗੜ੍ਹ, ਆਦਿ ਆਗੂ ਵੀ ਹਾਜ਼ਰ ਸਨ।

# ਵੋਟ ਹਰ ਹਾਲਤ 'ਚ ਪਾਉਣ ਲਈ ਲੋਕਾਂ ਨੂੰ ਕੀਤਾ ਪ੍ਰੇਰਿਤ




ਬਟਾਲਾ (ਡਾ. ਮਲਵਿੰਦਰ ਸਿੰਘ)- ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਦੇ ਦਿਸ਼ਾ ਨਿਰਦੇਸ਼ਾ ਤੇ ਉਮਰਪੁਰਾ ਦੇ ਘੱਟ ਪ੍ਰਤੀਸ਼ਤਾ ਵਾਲੇ ਬੂਥਾਂ 'ਤੇ ਸਵੀਪ ਟੀਮ ਵੱਲੋਂ ਵਿਸ਼ੇਸ਼ ਕੈਂਪ ਲਗਾ ਕੇ ਲੋਕਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕੀਤਾ ਗਿਆ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਨੋਡਲ ਅਫ਼ਸਰ ਸਵੀਪ-ਕਮ-ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਰਾਜੇਸ਼ ਕੁਮਾਰ ਸ਼ਰਮਾ (ਸਟੇਟ ਐਵਾਰਡੀ) ਨੇ ਦੱਸਿਆ ਕਿ ਅੱਜ ਸਥਾਨਕ ਸਰਕਾਰੀ ਪ੍ਰਾਇਮਰੀ/ਹਾਈ ਸਕੂਲ ਉਮਰਪੁਰਾ ਵਿਖੇ ਬੂਥ ਨੰ: 109,110,111 ਅਤੇ 112 ਵਿਖੇ ਪਹੁੰਚ ਕੇ ਜ਼ਿਲ੍ਹਾ ਸਵੀਪ ਟੀਮ ਵੱਲੋਂ ਨਿਵਾਸੀਆਂ ਨੂੰ ਇਸ ਵਾਰ ਸੱਤਰ ਪਾਰ ਦਾ ਟੀਚਾ ਪੂਰਾ ਕਰਨ ਲਈ ਪ੍ਰੇਰਿਤ ਕੀਤਾ।

ਇਸ ਦੌਰਾਨ ਮਹਿਲਾ ਮੋਟੀਵੇਟਰ ਮੁਕਤਾ ਸ਼ਰਮਾ ਵੱਲੋਂ ਨਿਰਪੱਖ ਢੰਗ ਨਾਲ ਮਤਦਾਨ ਕਰਨ ਤੇ ਵੋਟ ਦੇ ਅਧਿਕਾਰ ਨਾਲ ਸੰਬੰਧਤ ਕਵਿਤਾ ਸੁਣਾਈ।ਇਸ ਮੌਕੇ ਜ਼ਿਲ੍ਹਾ ਸਵੀਪ ਟੀਮ ਵੱਲੋਂ ਵੋਟਰ ਪ੍ਰਣ ਕਰਵਾਇਆ ਗਿਆ ਅਤੇ ਹਾਜ਼ਰ ਇਲਾਕਾ ਨਿਵਾਸੀਆਂ ਵੱਲੋਂ ਬਿਨਾਂ ਕਿਸੇ ਡਰ, ਭੈਅ ਤੇ ਲਾਲਚ ਤੋਂ ਆਪਣੇ ਵੋਟ ਦਾ ਇਸਤੇਮਾਲ ਕਰਨ ਦਾ ਪ੍ਰਣ ਕੀਤਾ।ਉਨ੍ਹਾਂ ਦੱਸਿਆ ਕਿ ਇਸ ਵਾਰ ਸੱਤਰ ਪਾਰ ਦਾ ਟੀਚਾ ਪੂਰਾ ਕਰਨ ਲਈ ਜ਼ਿਲ੍ਹਾ ਸਵੀਪ ਟੀਮ ਵੱਲੋਂ ਆਮ ਜਨਤਾ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

ਇਸ ਮੌਕੇ ਸਹਾਇਕ ਹਲਕਾ ਨੋਡਲ ਅਫ਼ਸਰ ਸਵੀਪ ਪ੍ਰਿੰਸੀਪਲ ਬਲਵਿੰਦਰ ਕੌਰ, ਸਵੀਪ ਮੈਂਬਰ ਗੁਰਮੀਤ ਸਿੰਘ ਭੋਮਾ, ਪਰਮਿੰਦਰ ਸਿੰਘ ਸੈਣੀ, ਅਮਰਜੀਤ ਸਿੰਘ ਪੁਰੇਵਾਲ, ਗਗਨਦੀਪ ਸਿੰਘ, ਸ਼ਿਵਾਨੀ ਗੈਂਦ, ਸੇਵਾਮੁਕਤ ਹੈੱਡਮਾਸਟਰ ਨਾਨਕ ਸਿੰਘ, ਹੈੱਡ ਮਿਸਟਰੈੱਸ ਮੁਕੇਸ਼ ਕੁਮਾਰੀ, ਹਰਜੀਤ ਕੌਰ, ਬੀਐੱਲਓ ਸੱਤਿਆ ਦੇਵੀ, ਪ੍ਰਵੇਸ਼ ਕੁਮਾਰ, ਜਨਕ ਰਾਜ, ਸਤਵੰਤ ਕੌਰ ਸਮੇਤ ਇਲਾਕੇ ਦੇ ਵੋਟਰ ਹਾਜ਼ਰ ਸਨ।

# ਜ਼ਿਲ੍ਹਾ ਸਿੱਖਿਆ ਅਫਸਰ ਕਵਲਜੀਤ ਸਿੰਘ ਧੰਜੂ ਦੀ ਸੇਵਾ ਮੁਕਤੀ 'ਤੇ ਸਨਮਾਨ ਸਮਾਰੋਹ



**ਮਜੀਠਾ (ਸੋਇਮ ਆਨੰਦ)**-ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਿਚ ਵੱਖ-ਵੱਖ ਉਚ ਅਹੁਦਿਆਂ 'ਤੇ ਵੱਖ ਵੱਖ ਸਟੇਸ਼ਨਾਂ 'ਤੇ ਸੇਵਾਵਾਂ ਨਿਭਾਉਣ ਉਪਰੰਤ ਸਵੈ ਇੱਛਾ ਨਾਲ ਵਿਭਾਗ ਤੋਂ ਸੇਵਾ ਮੁਕਤ ਹੋਏ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਕੰਵਲਜੀਤ ਸਿੰਘ ਧੰਜੂ ਦੇ ਸਨਮਾਨ ਵਿਚ ਸਮਾਗਮ ਕਰਾਇਆ ਗਿਆ।ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਅਰਦਾਸ ਉਪਰੰਤ ਸਿੱਖਿਆ ਵਿਭਾਗ ਵਿਚ ਕੰਮ ਕਰਦੇ ਅਧਿਕਾਰੀਆਂ ਅਤੇ ਹੋਰਨਾਂ ਵਲੋਂ ਧੰਜੂ ਨੂੰ ਤੋਹਫੇ ਦੇ ਕੇ ਸਨਮਾਨਿਤ ਕੀਤਾ ਗਿਆ। ਰਾਜੇਸ਼ ਸ਼ਰਮਾ ਜ਼ਿਲ੍ਹਾ ਸਿੱਖਿਆ ਅਫਸਰ ਗੁਰਦਾਸਪੁਰ, ਡਾ: ਸਤਿੰਦਰ ਸਿੰਘ ਨੈਸ਼ਨਲ ਐਵਾਰਡੀ ਫਿਰੋਜ਼ਪੁਰ, ਬਲਰਾਜ ਸਿੰਘ ਢਿੱਲੋਂ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਅੰਮ੍ਰਿਤਸਰ , ਰਾਜੇਸ਼ ਕੁਮਾਰ ਜ਼ਿਲ੍ਹਾ ਸਿੱਖਿਆ ਅਫਸਰ ਅੰਮ੍ਰਿਤਸਰ, ਸੁਰਿੰਦਰ ਕੁਮਾਰ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਤਰਨ ਤਾਰਨ, ਡਾ: ਦਿਲਬਾਗ ਸਿੰਘ ਧੰਜੂ ਮੁੱਖ ਖੇਤੀਬਾੜੀ ਅਫਸਰ ਰਿਟਾ: ਨੇ ਕਵਲਜੀਤ ਸਿੰਘ ਧੰਜੂ ਦੀਆਂ ਸਿੱਖਿਆ ਵਿਭਾਗ ਵਿਚ ਉਪਲੱਬਧੀਆਂ ਅਤੇ ਕੰਮਾਂ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਕਵਲਜੀਤ ਸਿੰਘ ਇੱਕ ਬਹੁਤ ਹੀ ਨੇਕਦਿਲ, ਇਮਾਨਦਾਰ, ਵਾਤਾਵਰਣ ਪ੍ਰੇਮੀ ਅਤੇ ਧਾਰਮਿਕ ਬਿਰਤੀ ਵਾਲੇ ਇਨਸਾਨ ਹਨ ਜਿਨ੍ਹਾਂ ਨੂੰ ਇਹ ਸਾਰੇ ਗੁਣ ਬਚਪਨ ਵਿਚ ਆਪਣੇ ਸੰਯੁਕਤ ਪਰਿਵਾਰ ਵਿਚੋਂ ਮਿਲੇ। ਧੰਜੂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਵਿਭਾਗ ਵਿਚੋ ਅਤੇ ਆਪਣੇ ਆਲੇ ਦੁਆਲੇ ਵਿਚੋ ਉਨ੍ਹਾਂ ਨੂੰ ਬਹੁਤ ਹੀ ਪਿਆਰ ਅਤੇ ਸਤਿਕਾਰ ਮਿਲਿਆ। ਇਸ ਮੌਕੇ ਉਕਤ ਅਧਿਕਾਰੀਆਂ ਤੋ ਇਲਾਵਾ ਸਨਮਾਨ ਸਮਾਰੋਹ ਵਿਚ ਹਾਜ਼ਰ ਸ਼ਖਸ਼ੀਅਤਾਂ ਵਿਚ ਗੁਰਬਿੰਦਰ ਸਿੰਘ ਧੰਜੂ, ਕਰਨਜੀਤ ਸਿੰਘ ਧੰਜੂ, ਰਾਜਿੰਦਰਪਾਲ ਸਿੰਘ ਧੰਜੂ, ਸੁਖਵਿੰਦਰ ਸਿੰਘ ਤਲਵੰਡੀ, ਹਰਜਿੰਦਰ ਸਿੰਘ, ਦਵਿੰਦਰਜੀਤ ਸਿੰਘ, ਪਰਮਜੀਤ ਸਿੰਘ, ਡਾ: ਦੇਵਿੰਦਰ ਸਿੰਘ, ਗਰੀਸ਼ ਕੁਮਾਰ, ਦਵਿੰਦਰ ਸਿੰਘ, ਨਵਦੀਪ ਕੌਰ, ਰੁਪਿੰਦਰ ਬਾਜਵਾ, ਅਜੈ ਕੁਮਾਰ ਸਾਰੇ ਪ੍ਰਿੰਸੀਪਲ, ਸੁਖਚੈਨ ਸਿੰਘ, ਰਸ਼ਪਾਲ ਸਿੰਘ, ਕਰਨਬੀਰ ਸਿੰਘ ਥਿੰਦ, ਸੁਰਿੰਦਰਪਾਲ ਸਿੰਘ, ਹਰਜਿੰਦਰ ਸਿੰਘ ਚੰਦੀ, ਗੁਰਜੀਤ ਸਿੰਘ ਰੰਧਾਵਾ, ਡਾ: ਇੰਦਰਜੀਤ ਸਿੰਘ, ਅਮਨ ਸ਼ਰਮਾ, ਅਸ਼ਵਨੀ ਅਵਸਥੀ, ਰਾਜੀਵ ਕੁਮਾਰ, ਜਸਪਾਲ ਸਿੰਘ ਗਿੱਲ, ਪ੍ਰਿਥੀਪਾਲ ਸਿੰਘ ਸਿੱਧੂ, ਲਖਵਿੰਦਰ ਸਿੰਘ ਗਿੱਲ, ਦਿਲਬਾਗ ਸਿੰਘ ਸੀਨੀ: ਸਹਾਇਕ, ਨਰਿੰਦਰ ਭੱਲਾ, ਅਸ਼ਵਨੀ ਦਿਆਲ, ਮਨਜੀਤ ਸਿੰਘ ਭੰਗਵਾਂ, ਜ਼ੋਗਾ ਸਿੰਘ ਅਠਵਾਲ, ਹਰਿੰਦਰਪਾਲ ਸਿੰਘ ਚੰਦੀ, ਗੁਰਮੇਲ ਸਿੰਘ ਸ਼ਾਮਨਗਰ, ਸੁਖਜੀਤ ਸਿੰਘ ਅਠਵਾਲ ਅਤੇ ਪਰਿਵਾਰਕ ਮੈਂਬਰ ਆਦਿ ਸ਼ਾਮਲ ਸਨ।

# ਘੁਣ ਵਾਂਗ ਚੰਬੜਿਆ ਨਸ਼ਾ ਗੰਭੀਰ ਚਿੰਤਾ ਦਾ ਵਿਸ਼ਾ: ਐੱਸ ਐੱਸ ਪੀ



ਬਟਾਲਾ (ਡਾ. ਮਲਵਿੰਦਰ ਸਿੰਘ)-ਐੱਸਐੱਸਪੀ ਬਟਾਲਾ ਮੈਡਮ ਅਸ਼ਵਨੀ ਗੋਟਿਆਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਸ ਦੇ ਸ਼ਕਤੀ ਹੈਲਪ ਡੈਸਕ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਣੀਏ ਕੇ ਬਾਂਗਰ ਵਿਖੇ ਵਿਦਿਆਰਥੀਆਂ ਨੂੰ ਔਰਤਾਂ ਦੇ ਅਧਿਕਾਰਾਂ, ਸਾਈਬਰ ਕਰਾਈਮ, ਨਸ਼ਾਖੋਰੀ ਅਤੇ ਸਾਂਝ ਸੇਵਾਵਾਂ ਬਾਰੇ ਜਾਗਰੂਕ ਕੀਤਾ ਗਿਆ।ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਦਿਆਂ ਦੱਸਿਆ ਗਿਆ ਕਿ ਨਸ਼ਾ ਸਮਾਜ ਲਈ ਲਈ ਬਹੁਤ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਲਈ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਰਲ ਕੇ ਹੰਭਲਾ ਮਾਰੀਏ।

ਉਨ੍ਹਾਂ ਦੱਸਿਆ ਕਿ ਜੇਕਰ ਕੋਈ ਵਿਅਕਤੀ ਕਿਸੇ ਕਾਰਨ ਨਸ਼ਿਆਂ ਦੀ ਦਲਦਲ ਵਿੱਚ ਫਸਦਾ ਹੈ ਤਾਂ ਇਸਦਾ ਇਲਾਜ ਵੀ ਸੰਭਵ ਹੈ ਤੇ ਉਸਦਾ ਇਲਾਜ ਨਸ਼ਾ ਛੁਡਾਊ ਕੇਂਦਰ ਵਿੱਚ ਬਿਲਕੁਲ ਮੁਫਤ ਕੀਤਾ ਜਾਂਦਾ ਹੈ।ਇਸ ਮੌਕੇ ਸਾਈਬਰ ਕਰਾਈਮ ਅਤੇ ਔਰਤਾਂ ਦੇ ਵੱਖ-ਵੱਖ ਅਧਿਕਾਰਾਂ ਆਦਿ ਬਾਰੇ ਵੀ ਜਾਣਕਾਰੀ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਨਸ਼ਿਆਂ ਦੇ ਦੁਰਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਲਈ ਵੱਧ ਤੋਂ ਵੱਧ ਜਾਗਰੂਕਤਾ ਸੈਮੀਨਾਰ ਲਗਾਏ ਜਾ ਰਹੇ ਹਨ ਤਾਂ ਜੋ ਬੱਚਿਆਂ ਦੇ ਨਾਲ-ਨਾਲ ਨੌਜਵਾਨ ਵਰਗ ਇਸ ਤੋਂ ਦੂਰ ਰਹੇ।

ਉਨ੍ਹਾਂ ਹੈਲਪਲਾਈਨ ਨੰਬਰ 112 ਬਾਰੇ ਵੀ ਜਾਗਰੂਕ ਕੀਤਾ ਅਤੇ ਕਿਹਾ ਕਿ ਸਹਾਇਤਾ ਲੈਣ ਲਈ ਇਸ ਨੰਬਰ ਤੇ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।

# ਭਾਜਪਾ ਵੱਲੋਂ ਡਾ. ਅੰਬੇਡਕਰ ਨੂੰ ਅਕੀਦਤ ਦੇ ਫੁੱਲ ਭੇਟ



ਬਟਾਲਾ (ਤਰਲੋਕ ਬੱਗਾ)— ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਅੰਬੇਡਕਰ ਦਾ ਜਨਮ ਦਿਨ ਸਮਾਗਮ ਭਾਰਤੀ ਜਨਤਾ ਪਾਰਟੀ ਵੱਲੋਂ ਕਪੂਰੀ ਗੇਟ ਚੌਕ ਬਟਾਲਾ ਵਿਖੇ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਦੀ ਪ੍ਰਧਾਨਗੀ ਹੇਠ ਬਾਬਾ ਸਾਹਿਬ ਦੇ ਬੁੱਤ ਨੂੰ ਹਾਰ ਪਾ ਕੇ ਅਤੇ ਸ਼ਰਧਾਂਜਲੀ ਭੇਟ ਕਰਕੇ ਧੂਮ-ਧਾਮ ਨਾਲ ਮਨਾਇਆ ਗਿਆ।ਇਸ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਸ਼ਮੂਲੀਅਤ ਕੀਤੀ।ਭਾਜਪਾ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਬਾਬਾ ਸਾਹਿਬ ਅੰਬੇਡਕਰ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੇ ਨਾ ਸਿਰਫ਼ ਦੇਸ਼ ਦਾ ਸੰਵਿਧਾਨ ਬਣਾਇਆ ਸਗੋਂ ਸਦਭਾਵਨਾ ਨੂੰ ਵੀ ਅੱਗੇ ਵਧਾਇਆ, ਜੋ ਕਿ ਭਾਰਤੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੈ।ਅੰਬੇਡਕਰ ਅਜਿਹੇ ਮਹਾਨ ਵਿਅਕਤੀ ਸਨ, ਜਿਨ੍ਹਾਂ ਨੇ ਦੇਸ਼ ਦੀ ਅਖੰਡਤਾ ਅਤੇ ਏਕਤਾ ਲਈ ਲਗਾਤਾਰ ਯਤਨ ਕੀਤੇ। ਉਨ੍ਹਾਂ ਨੇ ਅਜਿਹਾ ਸੰਵਿਧਾਨ ਬਣਾਇਆ ਜਿਸ ਨੇ ਸਾਰੇ ਵਰਗਾਂ ਨੂੰ ਬਰਾਬਰੀ ਦੀ ਭਾਵਨਾ ਪ੍ਰਦਾਨ ਕੀਤੀ।ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਰੋਸ਼ਨ ਲਾਲ, ਸ਼ਹਿਰੀ ਮੰਡਲ ਪ੍ਰਧਾਨ ਪੰਕਜ ਸ਼ਰਮਾ, ਸ਼ਹਿਰੀ ਮੰਡਲ ਪ੍ਰਧਾਨ ਐੱਸਸੀ ਮੋਰਚਾ ਸ਼ਮੀ ਭੱਟੀ, ਸਾਬਕਾ ਪ੍ਰਧਾਨ ਨਗਰ ਕੌਂਸਲ ਬਟਾਲਾ ਗਿਆਨ ਚੰਦ, ਮੰਡਲ ਜਨਰਲ ਸਕੱਤਰ ਅਨਿਲ ਭੱਟੀ, ਮੰਡਲ ਪ੍ਰਧਾਨ ਉਮਰਪੁਰ ਦੀਪਕ ਜੋਸ਼ੀ, ਮੰਡਲ ਪ੍ਰਧਾਨ ਚੰਦਰ ਨਗਰ ਅਮਨਦੀਪ ਸਿੰਘ, ਜਨਰਲ ਸਕੱਤਰ ਅੰਮ੍ਰਿਤਪਾਲ ਸਿੰਘ, ਜ਼ਿਲ੍ਹਾ ਪ੍ਰਧਾਨ ਡਿੰਪਲ ਮਹਾਜਨ, ਜਨਰਲ ਸਕੱਤਰ ਸ਼੍ਰੀਕਾਂਤ ਸ਼ਰਮਾ, ਸੋਸ਼ਲ ਮੀਡੀਆ ਜ਼ਿਲ੍ਹਾ ਇੰਚਾਰਜ ਰੋਹਿਤ ਸ਼ੈਲੀ, ਜ਼ਿਲ੍ਹਾ ਮੀਤ ਪ੍ਰਧਾਨ ਅਸ਼ਵਨੀ ਮਹਾਜਨ, ਜ਼ਿਲ੍ਹਾ ਖ਼ਜ਼ਾਨਚੀ ਭਵਾਨੀ ਸਨਾਨ, ਘੱਟ ਗਿਣਤੀ ਮੋਰਚਾ ਜ਼ਿਲ੍ਹਾ ਪ੍ਰਧਾਨ ਵਿਜੇ ਮੱਟੂ, ਮਹਿਲਾ ਮੋਰਚਾ ਜ਼ਿਲ੍ਹਾ ਪ੍ਰਧਾਨ ਰਾਧਾ ਰਾਣੀ ਆਦਿ ਹਾਜ਼ਰ ਸਨ।

# ਸਾਬਕਾ ਕੈਬਨਿਟ ਮੰਤਰੀ ਅਨਿਲ ਜੋਸ਼ੀ ਨੂੰ ਨੰਬਰਦਾਰਾਂ ਨੇ ਕੀਤਾ ਸਨਮਾਨਿਤ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਸ਼੍ਰੋਮਣੀ ਅਕਾਲੀ ਦਲ (ਬ) ਦੇ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਹਲਕਾ ਅੰਮ੍ਰਿਤਸਰ ਦੇ ਉਮੀਦਵਾਰ ਤੇ ਸਾਬਕਾ ਕੈਬਨਿਟ ਮੰਤਰੀ ਅਨਿਲ ਜੋਸ਼ੀ ਦਾ ਆਪਣੀ ਚੋਣ ਮੁਹਿੰਮ ਤਹਿਤ ਅਜਨਾਲਾ ਪੁੱਜਣ 'ਤੇ ਵਿਧਾਨ ਸਭਾ ਹਲਕਾ ਅਜਨਾਲਾ ਦੇ ਇੰਚਾਰਜ ਜੋਧ ਸਿੰਘ ਸਮਰਾ ਤੇ ਅਕਾਲੀ ਸਮਰਥਕਾਂ ਵੱਲੋਂ ਸ਼ਾਨਦਾਰ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਪੰਜਾਬ ਨੰਬਰਦਾਰਾ ਐਸੋਸੀਏਸ਼ਨ ਦੇ ਤਹਿਸੀਲ ਅਜਨਾਲਾ ਦੇ ਪ੍ਰਧਾਨ ਤੇ ਸੀਨੀ. ਅਕਾਲੀ ਆਗੂ ਨੰਬਰਦਾਰ ਸੁਰਜੀਤ ਸਿੰਘ ਗੁੰਥਗੜ੍ਹ ਦੀ ਅਗਵਾਈ 'ਚ ਨੰਬਰਦਾਰਾਂ ਦੀ ਹੋਈ ਭਰਵੀਂ ਮੀਟਿੰਗ ਉਪਰੰਤ ਸਾਬਕਾ ਕੈਬਨਿਟ ਮੰਤਰੀ ਅਨਿਲ ਜੋਸ਼ੀ ਤੇ ਜੋਧ ਸਿੰਘ ਸਮਰਾ ਨੂੰ ਪਾਰਟੀ ਪ੍ਰਤੀ ਨਿਭਾਈਆਂ ਜਾ ਰਹੀਆਂ ਨਿਸ਼ਕਾਮ ਸੇਵਾਵਾਂ ਨਾਤੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਾਰਕੀਟ ਕਮੇਟੀ ਅਜਨਾਲਾ ਸਾਬਕਾ ਚੇਅਰਮੈਨ ਰੁਪਿੰਦਰ ਸਿੰਘ ਰੂਬੀ ਗੁੱਝਾਪੀਰ, ਨੰਬਰਦਾਰ ਮਾਸਟਰ ਪ੍ਰੀਤ ਸਿੰਘ ਬਰਲਾਸ, ਨਗਰ ਪੰਚਾਇਤ ਅਜਨਾਲਾ ਦੇ ਸਾਬਕਾ ਪ੍ਰਧਾਨ ਜ਼ੋਰਾਵਰ ਸਿੰਘ, ਨੰਬਰਦਾਰ ਗੁਲਬਾਗ ਸਿੰਘ ਬਿੱਲਾ ਉਗਰ ਔਲਖ, ਕਸ਼ਮੀਰ ਸਿੰਘ ਅਨੈਤਪੁਰਾ, ਬਲਜਿੰਦਰ ਸਿੰਘ ਗੁਰਾਲਾ, ਜਰਨੈਲ ਸਿੰਘ, ਮਾਸਟਰ ਤੇਜਵੰਤ ਸਿੰਘ, ਅਮਰਬੀਰ ਸਿੰਘ ਸ਼ਾਲੀਵਾਲ, ਸ਼ਿੰਟੂ ਅਜਨਾਲਾ, ਪ੍ਰਗਟ ਸਿੰਘ ਚੱਕਬਾਲਾ, ਗੁਰਚਰਨ ਸਿੰਘ ਫੱਤੇਵਾਲ, ਸਾਬਕਾ ਸਰਪੰਚ ਬਲਕਾਰ ਸਿੰਘ ਸਾਹੋਵਾਲ ਆਦਿ ਹਾਜ਼ਰ ਸਨ।

# ਹਿਊਮੈਨਿਟੀ ਬਲੱਡ ਗਰੁੱਪ ਅੰਮ੍ਰਿਤਸਰ ਨੇ ਖ਼ੂਨਦਾਨ ਕੈਂਪ ਲਗਾਇਆ



ਚੋਹਲਾ ਸਾਹਿਬ (ਰਮਨ ਚੱਢਾ)-ਲੰਮੇ ਸਮੇਂ ਤੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਖ਼ੂਨਦਾਨ ਕੈਂਪਾਂ ਰਾਹੀ ਸੈਂਕੜੇ ਯੂਨਿਟ ਖ਼ੂਨ ਇੱਕਠਾ ਕਰਨ ਵਾਲੀ ਸੰਸਥਾ ਹਿਊਮੈਨਿਟੀ ਬਲੱਡ ਗਰੁੱਪ ਅੰਮ੍ਰਿਤਸਰ ਵੱਲੋਂ ਵਿਸਾਖੀ ਦੇ ਪਵਿੱਤਰ ਦੇ ਤਿਓਹਾਰ ਮੌਕੇ ਇਤਿਹਾਸਕ ਨਗਰ ਚੋਹਲਾ ਸਾਹਿਬ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ।

ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਪ੍ਰਧਾਨ ਮੈਡਮ ਰੁਪਾਲੀ ਨੇ ਦੱਸਿਆ ਕਿ ਇਤਿਹਾਸਕ ਨਗਰ ਚੋਹਲਾ ਸਾਹਿਬ ਵਿਖੇ ਉਨ੍ਹਾਂ ਦੀ ਸੰਸਥਾ ਵੱਲੋਂ ਖ਼ੂਨਦਾਨ ਕੈਂਪ ਲਗਾ ਕੇ 50 ਯੂਨਿਟ ਖ਼ੂਨ ਇੱਕਠਾ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਨੌਜਵਾਨ ਮੁੰਡੇ ਅਤੇ ਕੁੜੀਆਂ ਵਿੱਚ ਖ਼ੂਨਦਾਨ ਕਰਨ ਸਬੰਧੀ ਕਾਫੀ ਜਾਗਰੂਕਤਾ ਆ ਚੁੱਕੀ ਹੈ ਅਤੇ ਮੁੰਡੇ ਕੁੜੀਆਂ ਵੱਲੋਂ ਵੱਧ ਚੜ੍ਹ ਕੇ ਇਸ ਕੈਂਪ ਵਿੱਚ ਖ਼ੂਨਦਾਨ ਕੀਤਾ ਗਿਏ ਹੈ।

ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਵੱਧ ਤੋਂ ਵੱਧ ਖ਼ੂਨਦਾਨ ਕਰਨ ਕਿਉਂਕਿ ਖ਼ੂਨਦਾਨ ਇੱਕ ਮਹਾਂ ਦਾਨ ਹੈ, ਇਸ ਰਾਹੀਂ ਕੀਮਤੀ ਜ਼ਿੰਦਗੀਆਂ ਬਚਾਈਆਂ ਜਾਂਦੀਆਂ ਹਨ।ਇਸ ਸਮੇਂ ਦਾਨਿਸ਼, ਕੁਲਵੰਤ ਸਿੰਘ ਲਹਿਰ, ਜਜਮੀਤ ਸਿੰਘ ਸੀ ਏ, ਪਹਿਲਵਾਨ ਕੁਲਵੰਤ ਸਿੰਘ, ਗੁਰਜੰਟ ਸਿੰਘ, ਸੋਨੂੰ ਚਾਵਲਾ, ਵੀਰ ਸਿੰਘ ਖਾਰਾ, ਸਾਬੀ ਚੋਹਲਾ, ਅਜੇਪਾਲ ਸਿੰਘ, ਮਿੰਟੂ ਨਈਅਰ, ਭੁਪਿੰਦਰ ਕੁਮਾਰ ਨਈਅਰ, ਸੌਰਵ ਅਰੋੜਾ, ਹਰਵਿੰਦਰ ਸਿੰਘ, ਅਨਿਲ ਕੁਮਾਰ, ਤਰਸੇਮ ਕੁਮਾਰ, ਗੁਰਮੇਲ ਸਿੰਘ ਪਰਵੀਨ ਕੁਮਾਰ ਆਦਿ ਹਾਜ਼ਰ ਸਨ ।

# ਚੱਢਾ ਸ਼ੂਗਰ ਮਿੱਲ ਕੀੜੀ ਅਫਗਾਨਾ ਨੇ ਰਾਸ਼ਟਰੀ ਫਾਇਰ ਸੁਰੱਖਿਆ ਹਫਤਾ ਮਨਾਇਆ




ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਭਾਰਤ ਸਰਕਾਰ ਵੱਲੋਂ ਹਰ ਸਾਲ ਪੂਰੇ ਭਾਰਤ ਵਿੱਚ 14 ਅਪ੍ਰੈਲ ਨੂੰ ਅੱਗ ਬੁਝਾਉਣ ਵਾਲੇ ਬਹਾਦਰ ਜਵਾਨਾਂ ਨੂੰ ਸ਼ਰਧਾਂਜਲੀ ਦੇਣ ਲਈ ਰਾਸ਼ਟਰੀ ਫਾਇਰ ਦਿਵਸ ਵਜੋਂ ਮਨਾਇਆ ਜਾਂਦਾ ਹੈ ਜਿਨ੍ਹਾਂ ਬਹਾਦਰ ਜਵਾਨਾਂ ਨੇ ਅੱਗ ਨਾਲ ਲੜਦਿਆਂ ਹੋਇਆਂ ਦੂਸਰਿਆਂ ਦੀਆਂ ਜਾਨਾਂ ਬਚਾਉਣ ਲਈ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਰ ਦਿੱਤੀਆਂ।

ਇਸੇ ਲੜੀ ਤਹਿਤ ਚੱਢਾ ਸ਼ੂਗਰ ਮਿੱਲ ਕੀੜੀ ਅਫਗਾਨਾ ਵੱਲੋਂ ਰਾਸ਼ਟਰੀ ਫਾਇਰ ਸੁਰੱਖਿਆ ਹਫਤਾ ਮਨਾਇਆ ਗਿਆ। ਮਿੱਲ ਮੈਨੇਜਮੈਂਟ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਚੱਢਾ ਸ਼ੂਗਰ ਮਿੱਲ ਦੇ ਏ, ਬੀ ਗਰੇਨ ਯੂਨਿਟ ਵਿੱਚ ਮਨੀਸ਼ ਤਿਆਗੀ ਦੀ ਯੋਗ ਅਗਵਾਈ ਹੇਠ ਅਤੇ ਕਰਮਚਾਰੀਆਂ ਨੇ 1944 ਦੇ ਸ਼ਹੀਦਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕਰਦੇ ਹੋਏ ਮਨਾਇਆ ਜਿਸ ਵਿੱਚ ਸੰਦੀਪ ਸਿੰਘ ਧਰਮਸੋਤ ਫਾਇਰ ਸੇਟੀ ਅਫਸਰ ਨੇ ਆਪਣੇ ਵਡਮੁੱਲੇ ਵਿਚਾਰ ਰੱਖੇ। ਸ੍ਰੀ ਪ੍ਰਮੋਦ ਤੋਮਰ ਨੇ ਸੇਫਟੀ ਦਿਵਸ ਦੇ ਸਬੰਧ ਵਿੱਚ ਜਾਣਕਾਰੀ ਦਿੱਤੀ।

ਪ੍ਰੋਗਰਾਮ ਵਿੱਚ ਪਰਮਜੀਤ ਸਿੰਘ ਰੰਧਾਵਾ, ਐੱਮ ਲਵਕੁਸ਼ ਤਿਆਗੀ, ਐੱਮ ਬਿਕਰਮ ਸਿੰਘ ਬੇਦੀ, ਜੀਐੱਮ ਪੰਕਜ ਵਾਲੀਆ, ਏਜੀਐੱਮ ਰਕੇਸ਼ ਕੁਮਾਰ ਡਿਪਟੀ ਮੈਨੇਜਰ ਗੁਰਮੀਤ ਸਿੰਘ, ਐੱਚਆਰ ਮੈਨੇਜਰ ਹਰਪ੍ਰੀਤ ਸਿੰਘ, ਐੱਚਆਰ ਮੈਨੇਜਰ ਰਮੇਸ਼ਵਰ, ਸੀਐੱਚਓ ਅਤੇ ਅਮਰਜੀਤ ਸਿੰਘ ਸਕਿਓਰਟੀ ਅਫਸਰ ਅਤੇ ਮਿੱਲ ਦੇ ਹੋਰ ਅਫਸਰ ਅਤੇ ਕਰਮਚਾਰੀਆਂ ਨੇ ਭਾਗ ਲਿਆ ?

# ਲੋਕਾਂ ਨੂੰ ਆਨਲਾਈਨ ਸੇਵਾਵਾਂ ਦੇਣ 'ਚ ਅੰਮ੍ਰਿਤਸਰ ਜ਼ਿਲ੍ਹੇ ਦਾ ਪਹਿਲਾ ਸਥਾਨ: ਡਿਪਟੀ ਕਮਿਸ਼ਨਰ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨੇ ਜ਼ਿਲ੍ਹੇ ਦੇ ਕਰਮਚਾਰੀਆਂ ਨੂੰ ਇੱਕ ਵਾਰ ਫਿਰ ਵਧਾਈ ਦਿੰਦਿਆਂ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹਾ 99.94 ਫੀਸਦੀ ਲੋਕਾਂ ਨੂੰ ਸਮੇਂ ਸਿਰ ਸੇਵਾਵਾਂ ਮੁਹੱਈਆ ਕਰਵਾ ਕੇ ਰਾਜ ਵਿਚੋਂ ਪਹਿਲੇ ਸਥਾਨ 'ਤੇ ਹੈ।ਸ਼੍ਰੀ ਥੋਰੀ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਈ-ਸੇਵਾ ਕੇਂਦਰ ਰਾਹੀਂ ਨਾਗਰਿਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਅੰਮ੍ਰਿਤਸਰ ਜ਼ਿਲ੍ਹਾ ਪਹਿਲੇ ਨੰਬਰ 'ਤੇ ਸੀ ਪਰ ਪਿਛਲੇ ਕੁਝ ਦਿਨਾਂ ਵਿੱਚ ਹੀ ਈ ਸੇਵਾ ਬਕਾਇਆ ਕੇਸਾਂ ਨੂੰ ਲੈ ਕੇ ਖ਼ਤਮ ਕਰਨ ਲਈ ਤੁਹਾਡੇ ਦੁਆਰਾ ਕੀਤੀਆਂ ਗਈਆਂ ਸਖ਼ਤ ਕੋਸ਼ਿਸ਼ਾਂ ਸਦਕਾ ਪੈਂਡੇਂਸੀ ਨੂੰ ਵੱਡੀ ਹੱਦ ਤੱਕ ਖ਼ਤਮ ਕਰ ਦਿੱਤਾ ਗਿਆ ਹੈ ਜਿਸ ਨਾਲ ਆਪਣਾ ਜ਼ਿਲ੍ਹਾ ਰਾਜ ਭਰ ਵਿੱਚ ਪਹਿਲੇ ਨੰਬਰ 'ਤੇ ਮੁੜ ਅਪਣਾ ਸਥਾਨ ਕਾਇਮ ਰੱਖ ਸਕਿਆ ਹੈ।

ਉਨ੍ਹਾਂ ਕਿਹਾ ਕਿ ਇਸ ਪੱਧਰ 'ਤੇ ਰਹਿਣ ਲਈ ਅਧਿਕਾਰੀਆਂ ਅਤੇ ਸਬੰਧਤ ਕਰਮਚਾਰੀਆਂ ਨੂੰ ਹੋਰ ਜ਼ਿਆਦਾ ਸਖ਼ਤ ਮਿਹਨਤ ਕਰਨ ਦੀ ਜ਼ਰੂਰਤ ਹੈ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪਹਿਲੀ ਤਰਜੀਹ ਸੇਵਾ ਕੇਂਦਰਾਂ ਦੀ ਪੈਂਡੈਂਸੀ ਨੂੰ ਖ਼ਤਮ ਕਰਨਾ ਸੀ, ਜਿਸ ਵਿੱਚ ਸਫ਼ਲਤਾ ਮਿਲੀ ਹੈ। ਵਰਣਨਯੋਗ ਹੈ ਕਿ ਕਿ ਲੋਕਾਂ ਨੂੰ 90 ਫੀਸਦੀ ਕੰਮ ਸੇਵਾ ਕੇਂਦਰਾਂ ਅਤੇ ਫਰਦ ਕੇਂਦਰਾਂ ਨਾਲ ਪੈਂਦੇ ਹਨ ਅਤੇ ਪੈਂਡੈਂਸੀ ਖ਼ਤਮ ਹੋਣ ਨਾਲ ਲੋਕਾਂ ਨੂੰ ਕਾਫ਼ੀ ਰਾਹਤ ਮਿਲੀ ਹੈ।

ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ 41 ਸੇਵਾ ਕੇਂਦਰ ਕੰਮ ਕਰ ਰਹੇ ਹਨ ਅਤੇ ਇਨਾਂ ਸੇਵਾ ਕੇਂਦਰਾਂ ਵਿੱਚ 425 ਦੇ ਕਰੀਬ ਲੋਕਾਂ ਨੂੰ ਵੱਖ-ਵੱਖ ਮਹਿਕਮਿਆਂ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਅਤੇ ਪਿਛਲੇ ਸਾਲ 15 ਅਪ੍ਰੈਲ 2023 ਤੋਂ ਹੁਣ ਤੱਕ 4 ਲੱਖ 22 ਹਜ਼ਾਰ 414 ਦੇ ਕਰੀਬ ਲੋਕਾਂ ਵਲੋਂ ਸੇਵਾਵਾਂ ਲੈਣ ਲਈ ਸੇਵਾ ਕੇਂਦਰਾਂ ਤੱਕ ਪਹੁੰਚ ਕੀਤੀ ਗਈ ਹੈ।

3 ਲੱਖ 92 ਹਜ਼ਾਰ 208 ਲੋਕਾਂ ਨੂੰ ਵੱਖ-ਵੱਖ ਸੇਵਾਵਾਂ ਸੇਵਾ ਕੇਂਦਰਾਂ ਰਾਹੀਂ ਮੁਹੱਈਆਂ ਕਰਵਾਈਆਂ ਗਈਆਂ ਹਨ ਅਤੇ 9558 ਬਿਨੈ ਪੱਤਰ ਮੁਕੰਮਲ ਨਾ ਹੋਣ ਕਰਕੇ ਰੱਦ ਕੀਤੇ ਗਏ ਹਨ, 10313 ਦੇ ਕਰੀਬ ਬਿਨੈ ਪੱਤਰ ਪ੍ਰਕ੍ਰਿਆ ਵਿੱਚ ਹਨ ਅਤੇ 10335 ਦੇ ਕਰੀਬ ਬਿਨੈ ਪੱਤਰਾਂ ਤੇ ਇਤਰਾਜ਼ ਲੱਗੇ ਹੋਏ ਹਨ।

# ਬਜ਼ੁਰਗਾਂ ਦੇ ਵਿਹੜੇ 'ਚ ਮਨਾਇਆ ਵਿਸਾਖੀ ਦਾ ਤਿਉਹਾਰ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਆਦਰਸ਼ ਬਿਰਧ ਆਸ਼ਰਮ ਝਾਖੋਲਾਹੜੀ ਵਿੱਚ ਬਜ਼ੁਰਗਾਂ ਨੇ ਵਿਸਾਖੀ ਦਾ ਤਿਉਹਾਰ ਮਨਾਇਆ।ਇਸ ਮੌਕੇ ਸੱਤਿਅਮ ਮੰਚ ਕਲਾ ਪਠਾਨਕੋਟ ਦੀ ਟੀਮ ਨੇ ਆ ਕੇ ਬਿਰਧ ਘਰ ਵਿੱਚ ਰੌਣਕਾਂ ਬੰਨ੍ਹੀਆਂ।ਇਸ ਮੌਕੇ ਵੱਖ-ਵੱਖ ਕਲਾਕਾਰ ਇਥੇ ਪਹੁੰਚੇ ਸਨ।ਆਸ਼ਰਮ ਵਿੱਚ ਰਹਿ ਰਹੇ ਬਜ਼ੁਰਗ ਬਾਪੂ ਗੁਰਦਿਆਲ ਸਿੰਘ ਨੇ ਵੀ ਗੀਤਾਂ ਰਾਹੀਂ ਰੌਣਕਾਂ ਲਾਈਆਂ ।ਇਸ ਮੌਕੇ ਕਮਲ ਟ੍ਰੇਨਿੰਗ ਵੈੱਲਫੇਅਰ ਸੋਸਾਇਟੀ ਪਠਾਨਕੋਟ ਤੋਂ ਕਮਲ ਰਾਜ ਅਤੇ ਰੰਜਨਾ ਮਹਾਜਨ ਵੀ ਪਹੁੰਚੇ ਸਨ। ਉਨ੍ਹਾਂ ਨੇ ਵੀ ਆ ਕੇ ਬਜ਼ੁਰਗਾਂ ਨਾਲ ਦੁੱਖ ਸਾਂਝੇ ਕੀਤੇ, ਉਨ੍ਹਾਂ ਦਾ ਹਾਲ-ਚਲ ਜਾਣਿਆ। ਇਸੇ ਤਰ੍ਹਾਂ ਵੱਖ-ਵੱਖ ਆਏ ਹੋਏ ਮਹਿਮਾਨਾਂ ਨੇ ਬਜ਼ੁਰਗਾਂ ਦੇ ਨਾਲ ਦੁੱਖ ਸਾਂਝੇ ਕੀਤੇ, ਉਨ੍ਹਾਂ ਨੂੰ ਹੌਸਲਾ ਦਿੱਤਾ ਕਿ ਅਸੀਂ ਵੀ ਤੁਹਾਡੇ ਹੀ ਬੱਚੇ ਹਾਂ, ਜੋ ਕੁਝ ਤੁਹਾਡੇ ਨਾਲ ਪਿੱਛੇ ਹੋਇਆ ਤੁਸੀਂ ਉਸਨੂੰ ਭੁੱਲ ਜਾਓ ਤੇ ਸਾਰਿਆਂ ਨੇ ਮਿਲ ਕੇ ਵਿਸਾਖੀ ਦਾ ਤਿਉਹਾਰ ਮਨਾਇਆ।ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਅਤੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ ਨੇ ਆਏ ਹੋਏ ਸਾਰੇ ਮਹਿਮਾਨਾ ਦਾ ਧੰਨਵਾਦ ਕੀਤਾ।ਉਨ੍ਹਾਂ ਨੂੰ ਵਿਸਾਖੀ ਦੀਆਂ ਅਤੇ ਬਾਬਾ ਸਾਹਿਬ ਅੰਬੇਡਕਰ ਦੇ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਆਸ਼ਰਮ ਚੇਅਰਪਰਸਨ ਮੈਡਮ ਰੀਨਾ ਸਰਮਾਲ, ਅਰਸ਼ਦੀਪ, ਅਰਜਨ ਆਰੀਆ, ਸਤਨਾਮ ਸੱਤਾ, ਸੱਤਿਅਮ ਮੰਚ ਕਲਾ ਦੇ ਪ੍ਰਧਾਨ ਤੇ ਉਨ੍ਹਾਂ ਦੀ ਸਾਰੀ ਟੀਮ, ਨਰਿੰਦਰ ਨਿੰਦੀ, ਆਸ਼ਰਮ ਸਮੂਹ ਸਟਾਫ਼ ਮੈਂਬਰ ਸਵਿਤਾ, ਕੁਲਵਿੰਦਰ ਕੌਰ, ਸੁਖਵਿੰਦਰ ਕੌਰ, ਤਰਸੇਮ ਲਾਲ, ਰਮੇਸ਼ ਕੁਮਾਰ, ਅੰਜੂ ਬਾਲਾ, ਸਰੋਜ ਬਾਲਾ ਆਦਿ ਮੌਜੂਦ ਸਨ।

# ਟਰੈਫਿਕ ਦੇ ਨਿਯਮ ਦੱਸਣ ਬਾਰੇ ਸੈਮੀਨਾਰ ਆਯੋਜਿਤ




ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਗੁਰਪ੍ਰੀਤ ਸਿੰਘ ਭੁੱਲਰ ਆਈਪੀਐੱਸ ਪੁਲਸ ਕਮਿਸ਼ਨਰੇਟ ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ ਹੇਠ ਏਡੀਸੀਪੀ ਟਰੈਫਿਕ ਹਰਪਾਲ ਸਿੰਘ ਦੀ ਰਹਿਨੁਮਾਈ ਹੇਠ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਐੱਸਆਈ ਦਲਜੀਤ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ ਬੀਤੇ ਦਿਨੀਂ ਮੋਹਿੰਦਰਗੜ੍ਹ ਹਰਿਆਣਾ ਵਿਚ ਹੋਏ ਸਕੂਲ ਬੱਸ ਦਾ ਐਕਸੀਡੈਂਟ ਨੂੰ ਮੁੱਖ ਰੱਖਦੇ ਹੋਏ ਟ੍ਰੈਫਿਕ ਐਜੂਕੇਸ਼ਨ ਸੈੱਲ ਵੱਲੋਂ ਦਿੱਲੀ ਪਬਲਿਕ ਸਕੂਲ ਅੰਮ੍ਰਿਤਸਰ ਵਿਖੇ ਸਕੂਲੀ ਬੱਚਿਆਂ ਅਤੇ ਸਕੂਲੀ ਵੈਨ ਡਰਾਈਵਰਾਂ ਨਾਲ ਟ੍ਰੈਫਿਕ ਸੈਮੀਨਾਰ ਕੀਤਾ ਗਿਆ। ਉਨ੍ਹਾਂ ਨੂੰ ਟ੍ਰੈਫਿਕ ਰੂਲਜ ਫੋਲੋ ਕਰਨ ਲਈ ਪ੍ਰੇਰਿਤ ਕੀਤਾ ਗਿਆ, ਸੀਟ ਬੈਲਟ, ਸ਼ਰਾਬ ਪੀ ਕੇ ਗੱਡੀ ਨਾ ਚਲਾਉਣ ਬਾਰੇ ਪ੍ਰੇਰਿਤ ਕੀਤਾ। ਅਨਸਕਿਲਡ ਡ੍ਰਾਈਵਿੰਗ ਕਾਰਨ ਹੁੰਦੇ ਐਕਸੀਡੈਂਟਾਂ ਬਾਰੇ ਜਾਗਰੂਕ ਕੀਤਾ ਗਿਆ, ਰੈੱਡ ਲਾਈਟ ਜੰਪ ਨਾ ਕਰਨਾ, ਹਮੇਸ਼ਾ ਸੀਟ ਬੈਲਟ ਲਗਾ ਕੇ ਵਾਹਨ ਚਲਾਉਣਾ, ਵਹੀਕਲ ਚਲਾਉਂਦੇ ਸਮੇ ਮੋਬਾਇਲ ਫੋਨ ਦੀ ਵਰਤੋਂ ਨਹੀਂ ਕਰਨੀ ਅਤੇ ਟੂਵ੍ਹੀਲਰ ਚਲਾਉਂਦੇ ਸਮੇਂ ਹਮੇਸ਼ਾ ਹੈਲਮਟ ਪਾ ਕੇ ਵਹੀਕਲ ਚਲਾਉਣ ਬਾਰੇ ਪ੍ਰੇਰਿਤ ਕੀਤਾ, ਫੋਰਵ੍ਹੀਲਰ ਚਲਾਉਂਦੇ ਸਮੇਂ ਹਮੇਸ਼ਾ ਸੀਟ ਬੈਲਟ ਲਗਾ ਕੇ ਵਹੀਕਲ ਚਲਾਉਣ ਬਾਰੇ ਦੱਸਿਆ ਗਿਆ।

ਬੱਚਿਆਂ ਨੂੰ ਸੜਕੀ ਹਾਦਸਿਆਂ ਬਾਰੇ ਜਾਗਰੂਕ ਕੀਤਾ, ਨਸ਼ਿਆਂ ਪ੍ਰਤੀ ਜਾਗਰੂਕ ਕੀਤਾ ਗਿਆ,ਬੱਚਿਆ ਨੂੰ ਅੰਡਰ ਏਜ ਡ੍ਰਾਈਵਿੰਗ ਬਾਰੇ ਦੱਸਿਆ ਗਿਆ। ਉਨ੍ਹਾਂ ਨੂੰ ਸੇਫ ਸਕੂਲ ਵਾਹਨ ਪਾਲਸੀ ਦੀਆਂ ਸ਼ਰਤਾਂ ਤੋਂ ਜਾਣੂ ਕੀਤਾ ਗਿਆ। ਇਸ ਮੌਕੇ ਪ੍ਰਿੰ. ਕਮਾਲ ਚੰਦ, ਕੋਆਰਡੀਨੇਟਰ ਰਾਜਿੰਦਰ ਸਿੰਘ ਸੱਗੂ, ਟਰਾਂਪੋਰਟ ਇੰਚਾਰਜ ਮਹੇਸ਼, ਹਰਜਿੰਦਰ ਸਿੰਘ ਹਾਜ਼ਰ ਸਨ

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਸੈਮੀਨਾਰ ਤੇ ਨਾਟਕ ਪੇਸ਼ਕਾਰੀ 20 ਨੂੰ

ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. ਅਤੇ ਪੰਜਾਬ ਨਾਟਸ਼ਾਲਾ ਵਲੋਂ ਸਥਾਨਕ ਸਾਹਿਤ ਸਭਾਵਾਂ ਦੇ ਪੂਰਨ ਸਹਿਯੋਗ ਨਾਲ 'ਔਰਤ ਸਮਾਜ ਅਤੇ ਸੰਘਰਸ਼' ਵਿਸ਼ੇ ਤੇ ਸੈਮੀਨਾਰ ਅਤੇ 'ਰਾਹਾਂ ਵਿੱਚ ਅੰਗਿਆਰ ਬੜੇ ਸੀ' ਨਾਟਕ ਕਰਵਾਇਆ ਜਾ ਰਿਹਾ ਹੈ।ਸਮਾਗਮ ਦੇ ਕਨਵੀਨਰ ਦੀਪ ਦੇਵਿੰਦਰ ਸਿੰਘ ਅਤੇ ਕੋ-ਕਨਵੀਨਰ ਸ਼ੈਲਿੰਦਰਜੀਤ ਸਿੰਘ ਰਾਜਨ ਬਾਬਾ ਬਕਾਲਾ ਸਾਹਿਬ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਦੀ ਅਗਵਾਈ ਵਿਚ 20 ਅਪ੍ਰੈਲ ਸ਼ਨੀਵਾਰ ਦੁਪਹਿਰ ਦੋ ਵਜੇ ਪੰਜਾਬ ਨਾਟਸ਼ਾਲਾ ਵਿਖੇ ਹੋਣ ਵਾਲੇ ਇਸ ਸੈਮੀਨਾਰ ਦੀ ਪ੍ਰਧਾਨਗੀ ਨਾਮਵਰ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਕਰਨਗੇ ਅਤੇ ਡਾ. ਲਖਵਿੰਦਰ ਜੌਹਲ, ਪ੍ਰਿੰ: ਡਾ ਮਹਿਲ ਸਿੰਘ, ਸੁਖਵਿੰਦਰ ਅੰਮ੍ਰਿਤ ਵਿਸ਼ੇਸ਼ ਮਹਿਮਾਨ ਹੋਣਗੇ ਜਦਕਿ ਡਾ. ਪਰਮਿੰਦਰ ਮੁੱਖ ਵਕਤਾ ਦੇ ਤੌਰ 'ਤੇ ਸ਼ਿਰਕਤ ਕਰਨਗੇ।ਸਮਾਗਮ ਦੀ ਤਿਆਰੀ ਟੀਮ ਦੇ ਮੈਂਬਰ ਹਰਜੀਤ ਸਿੰਘ ਸੰਧੂ, ਵਜ਼ੀਰ ਸਿੰਘ ਰੰਧਾਵਾ, ਮਨਮੋਹਨ ਢਿੱਲੋਂ ਅਤੇ ਪ੍ਰਤੀਕ ਸਹਿਦੇਵ ਨੇ ਦੱਸਿਆ ਕਿ ਅਕਸ ਰੰਗ-ਮੰਚ ਦੀ ਟੀਮ ਵੱਲੋਂ ਉਸੇ ਦਿਨ ਸ਼ਾਮ 6 ਵਜੇ ਰਾਜਵਿੰਦਰ ਸਮਰਾਲਾ ਦੀ ਨਿਰਦੇਸ਼ਨਾ ਹੇਠ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਦੇ ਜੀਵਨ ਤੇ ਅਧਾਰਿਤ ਨਾਟਕ 'ਰਾਹਾਂ ਵਿੱਚ ਅੰਗਿਆਰ ਬੜੇ ਸੀ' ਵੀ ਪੇਸ਼ ਕੀਤਾ ਜਾਵੇਗਾ ਜਿਸ ਵਿੱਚ ਸ਼ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਮੁੱਖ ਮਹਿਮਾਨ ਹੋਣਗੇ ਅਤੇ ਨਾਟਕਕਾਰ ਜਤਿੰਦਰ ਬਰਾੜ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕਰਨਗੇ।




# ਮੇਰਿੰਗੋ ਏਸ਼ੀਆ ਹਾਸਪਿਟਲਸ ਵੱਲੋਂ ਕਿਫੋਸਕੋਲੀਓਸਿਸ ਦੇ ਇਲਾਜ ਲਈ ਜਾਗਰੂਕਤਾ ਫੈਲਾਉਣ ਲਈ ਸਮਰਥਨ

ਜਲੰਧਰ : ਮੇਰਿੰਗੋ ਏਸ਼ੀਆ ਹਾਸਪਿਟਲਸ ਫਰੀਦਾਬਾਦ ਰੀੜ੍ਹ ਦੀ ਹੱਡੀ ਦੀ ਗੰਭੀਰ ਬਿਮਾਰੀ, ਕਿਫੋਸਕੋਲੀਓਸਿਸ ਦੇ ਬਾਰੇ ਜਾਗਰੂਕਤਾ ਵਧਾਉਣ ਲਈ ਆਪਣੇ ਸਮਰਥਨ ਅਤੇ ਵਚਨਬੱਧਤਾ ਦਾ ਐਲਾਨ ਕਰਨ 'ਤੇ ਮਾਣ ਕਰਦਾ ਹੈ। ਇਹ ਰੀੜ੍ਹ ਦੀ ਹੱਡੀ ਦੀ ਬਿਮਾਰੀ ਦੁਨੀਆ ਭਰ ਦੇ ਲੱਖਾਂ ਵਿਅਕਤੀਆਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਦਿਮਾਗ ਅਤੇ ਰੀੜ੍ਹ ਦੀ ਸਰਜਰੀ ਵਿਭਾਗ ਦੇ ਡਾਕਟਰਾਂ ਦੀ ਟੀਮ ਦਾ ਉਦੇਸ਼ ਇਸ ਬਿਮਾਰੀ ਨਾਲ ਜੀ ਰਹੇ ਲੋਕਾਂ ਲਈ ਸਿੱਖਿਆ, ਸਮਰਥਨ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਨਾ ਹੈ।

ਇਸ ਟੀਮ ਦੀ ਅਗਵਾਈ ਡਾ: ਤਰੁਣ ਸ਼ਰਮਾ, ਨਿਦੇਸ਼ਕ ਅਤੇ ਐੱਚਓਡੀ ਕਰ ਰਹੇ ਹਨ ਅਤੇ ਡਾ: ਸਚਿਨ ਗੋਇਲ, ਸੀਨੀਅਰ ਸਲਾਹਕਾਰ, ਮੇਰਿੰਗੋ ਏਸ਼ੀਆ ਹਸਪਤਾਲ ਫਰੀਦਾਬਾਦ ਦੁਆਰਾ ਸਹਿਯੋਗ ਪ੍ਰਦਾਨ ਕੀਤਾ ਜਾ ਰਿਹਾ ਹੈ।ਡਾ. ਤਰੁਣ ਸ਼ਰਮਾ, ਨਿਦੇਸ਼ਕ ਅਤੇ ਐੱਚਓਡੀ., ਨਿਊਰੋਸਰਜਰੀ ਵਿਭਾਗ, ਮੇਰਿੰਗੋ ਏਸ਼ੀਆ ਹੋਸਪਿਟਲਸ ਫਰੀਦਾਬਾਦ ਦਾ ਕਹਿਣਾ ਹੈ ਕਿ ਅਸੀਂ ਪ੍ਰਭਾਵਿਤ ਵਿਅਕਤੀਆਂ ਲਈ ਛੇਤੀ ਨਿਦਾਨ, ਦੇਖਭਾਲ ਤੱਕ ਪਹੁੰਚ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਕਿਫੋਸਕੋਲੀਓਸਿਸ ਬਾਰੇ ਜਾਗਰੂਕਤਾ ਫੈਲਾਉਣ ਦੇ ਮਹੱਤਵ ਨੂੰ ਸਮਝਦੇ ਹਾਂ।

# ਮਾਤਾ ਸੁਰਿੰਦਰਪਾਲ ਕੌਰ ਦਾ ਅੰਤਿਮ ਸੰਸਕਾਰ



ਮੀਆਂਵਿੰਡ (ਰਵੀ ਖਹਿਰਾ)—ਬੀਤੇ ਕੱਲ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੇ ਮਾਤਾ ਸਰਦਾਰਨੀ ਸੁਰਿੰਦਰਪਾਲ ਕੌਰ ਅਕਾਲ ਚਲਾਣਾ ਕਰ ਗਏ ਸਨ ਜਿਨ੍ਹਾਂ ਦਾ ਅੰਤਿਮ ਸੰਸਕਾਰ ਕਪੂਰ ਫਾਰਮ ਪੁਰਾਣਾ ਹੁਸ਼ਿਆਰਪੁਰ ਰੋਡ ਲੰਮਾ ਪਿੰਡ ਚੌਕ ਜਲੰਧਰ ਵਿਖੇ ਕੀਤਾ ਗਿਆ ਜਿੱਥੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਤੋਂ ਇਲਾਵਾ ਸੈਂਕੜਿਆਂ ਦੀ ਤਾਦਾਦ ਵਿੱਚ ਪੁੱਜੇ ਲੋਕਾਂ ਨੇ ਮਾਤਾ ਨੂੰ ਸੇਜਲ ਅੱਖਾਂ ਨਾਲ ਵਿਦਾਈ ਦਿੱਤੀ।ਮਾਤਾ ਜੀ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਰਮਨਜੀਤ ਸਿੰਘ ਸਿੱਕੀ ਵੱਲੋਂ ਦਿੱਤੀ ਗਈ।

ਇਸ ਮੌਕੇ ਵੱਖ-ਵੱਖ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਸ਼ਖਸੀਅਤਾਂ ਹਾਜ਼ਰ ਸਨ ਜਿਨ੍ਹਾਂ ਮਾਤਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ।

# ਪਿੰਡ ਖੇੜੀ-ਜੱਟਾਂ ਵਿਸ਼ੇਸ਼ ਸਪਲੀਮੈਂਟ



## ਸੰਦੇਸ਼



ਮੈਂ ਬਤੌਰ ਵਧੀਕ ਡਿਪਟੀ ਕਮਿਸ਼ਨਰ ਸੰਗਰੂਰ ਸੰਨ 2014 ਵਿੱਚ ਤਾਇਨਾਤ ਸੀ ਉਸ ਸਮੇਂ ਮੇਰੇ ਪਾਸ ਸੀਨੀਅਰ ਪੱਤਰਕਾਰ ਫਤਿਹ ਪ੍ਰਭਾਕਰ ਜਿਹਨਾਂ ਦਾ ਪਿੰਡ ਖੇੜੀ-ਜੱਟਾਂ ਤਹਿਸੀਲ ਧੂਰੀ ਹੈ ਉਹਨਾਂ ਦੇ ਨਾਲ ਮੈਂ ਪਿੰਡ ਖੇੜੀ-ਜੱਟਾਂ ਗਿਆ।ਪਿੰਡ ਬਹੁਤ ਛੋਟਾ ਤੇ ਪਿੰਡ ਵਿੱਚ ਇੱਕੋ ਗੁਰਦੁਆਰਾ, ਇੱਕੋ ਸੀਨੀਅਰ ਸੈਕੰਡਰੀ ਸਕੂਲ ਤੇ ਇੱਕੋਂ ਸਮਸ਼ਾਨਘਾਟ ਦੇਖ ਕੇ ਮੈਂ ਕਾਫੀ ਪ੍ਰਭਾਵਤ ਹੋਇਆ। ਉਸ ਉਪਰੰਤ ਅਧਿਕਾਰੀਆਂ ਨੂੰ ਪਿੰਡ ਦੇ ਵਿਕਾਸ ਲਈ ਜੋ ਜੋ ਕੁਝ ਲੋੜੀਦਾ ਸੀ ਉਹ ਹਦਾਇਤਾਂ ਕਰ ਦਿੱਤੀਆਂ। ਸਭ ਤੋਂ ਪਹਿਲਾਂ ਪਿੰਡ ਦੇ ਮੁੱਖ ਦਰਵਾਜੇ ਦੇ ਸਾਹਮਣੇ ਨਰੇਗਾ ਭਵਨ, ਸੀਨੀਅਰ ਸੈਕੰਡਰੀ ਸਕੂਲ ਦੀ ਚਾਰ ਦੀਵਾਰੀ ਲਈ ਸਰਵ ਸਿੱਖਿਆ ਅਭਿਆਨ 4.32 ਦੀ ਗ੍ਰਾਂਟ ਨਾਲ ਤੇ ਹੋਰ ਬਹੁਤ ਸਾਰੇ ਕਾਰਜ ਸ਼ੁਰੂ ਹੋ ਗਏ ਤੇ ਦਿਨਾਂ ਵਿੱਚ ਹੀ ਪਿੰਡ ਦੇ ਵਿਕਾਸ ਦੀਆਂ ਚਰਚਾਵਾਂ ਜ਼ਿਲ੍ਹਾ ਭਰ ਵਿੱਚ ਹੋਣ ਲੱਗੀਆਂ। ਉਸ ਉਪਰੰਤ ਸ਼ੁਰੂ ਹੋਇਆ ਵਿਕਾਸ ਕਾਰਜ ਬਾਬੇ ਨਾਨਕ ਦੀ ਅਪਾਰ ਕ੍ਰਿਪਾ ਸਦਕਾ ਪਿੰਡ ਖੇੜੀ-ਜੱਟਾਂ ਵਿਕਾਸ ਪੱਖੋਂ ਅੱਜ ਇੱਕ ਨਮੂਨੇ ਦਾ ਪਿੰਡ ਬਣ ਗਿਆ।

*ਪ੍ਰੀਤਮ ਸਿੰਘ ਜੌਹਲ (ਸੇਵਾ ਮੁਕਤ), ਵਧੀਕ ਡਿਪਟੀ ਕਮਿਸ਼ਨਰ ਸੰਗਰੂਰ।*

## ਸੰਦੇਸ਼



ਮੈਂ ਬਤੌਰ ਐਕਸੀਅਨ ਪੰਚਾਇਤੀ ਰਾਜ ਜ਼ਿਲ੍ਹਾ ਸੰਗਰੂਰ ਵਿਖੇ ਸੇਵਾਵਾਂ ਨਿਭਾ ਰਿਹਾ ਸੀ ਉਸ ਸਮੇਂ ਦੇ ਜ਼ਿਲ੍ਹਾ ਪ੍ਰਸ਼ਾਸ਼ਨਿਕ ਅਧਿਕਾਰੀਆਂ ਵੱਲੋਂ ਪਿੰਡ ਖੇੜੀ-ਜੱਟਾਂ ਦੇ ਸਰਬਪੱਖੀ ਵਿਕਾਸ ਲਈ ਕੀਤੇ ਜਾਣ ਵਾਲੇ ਕਾਰਜਾਂ ਸੰਬੰਧੀ ਮੈਨੂੰ ਨਿਰਦੇਸ਼ ਦਿੱਤੇ ਗਏ। ਇਹ ਗੱਲ ਸਾਲ 2014 ਦੀ ਹੈ ਕਿ ਮੈਂ ਪਿੰਡ ਦੇ ਜੰਮਪਲ ਸੀਨੀਅਰ ਪੱਤਰਕਾਰ ਫਤਿਹ ਪ੍ਰਭਾਕਰ ਅਤੇ ਸਮੁੱਚੇ ਗ੍ਰਾਮ ਪੰਚਾਇਤ ਤੇ ਬਲਾਕ ਸੰਮਤੀ ਮੈਂਬਰ ਦੇ ਸਹਿਯੋਗ ਸਦਕਾ ਪਿੰਡ ਵਿੱਚ ਮਨਰੇਗਾ ਭਵਨ, ਸਾਰੀਆਂ ਧਰਮਸ਼ਾਲਾਵਾਂ ਦੀ ਮੁਰੰਮਤ, ਗਲੀਆਂ ਨਾਲੀਆਂ ਦੇ ਕਾਰਜ ਕਰਾਏ ਉਸ ਉਪਰੰਤ ਅਗਲੀ ਸਰਕਾਰ ਸਮੇਂ ਪਿੰਡ ਬਾਬੇ ਨਾਨਕ ਦਾ ਸਕੀਮ ਅਧੀਨ ਪਿੰਡ ਖੇੜੀ-ਜੱਟਾਂ ਆ ਗਿਆ ਜਿਸ ਕਾਰਨ 1 ਕਰੋੜ ਰੁਪਏ ਦੀ ਗ੍ਰਾਂਟ ਆਈ। ਜਿਸ ਵਿੱਚੋਂ ਬਹੁਤ ਸਾਰੇ ਵਿਕਾਸ ਕਾਰਜ ਪਿੰਡ ਅੰਦਰ ਕਰਾਏ ਗਏ। ਮਨਰੇਗਾ ਫੰਡਾਂ ਅਧੀਨ ਖੇਤਾਂ ਨੂੰ ਜਾਣ ਵਾਲੇ ਖੜਵੰਜੇ ਵੀ ਪੱਕੇ ਕਰਾਏ ਗਏ ਅਤੇ ਪਾਇਪ ਲਾਈਨ ਪਾ ਕੇ ਬਰਸਾਤੀ ਪਾਣੀ ਨੂੰ ਡਰੇਨ ਤੱਕ ਲਿਜਾਇਆ ਗਿਆ ਤੇ ਹੋਰ ਬਹੁਤ ਸਾਰੇ ਕਾਰਜ ਕੀਤੇ ਗਏ ਜਿਸ ਨਾਲ ਅੱਜ ਪਿੰਡ ਖੇੜੀ-ਜੱਟਾਂ ਪੰਜਾਬ ਦੇ ਵਿਕਾਸ ਮੁੱਖੀ 12 ਪਿੰਡਾਂ ਵਿੱਚ ਗਿਣਿਆ ਜਾਣ ਲੱਗਾ।

*ਇੰਜ. ਰਣਜੀਤ ਸਿੰਘ ਸ਼ੇਰਗਿੱਲ ਐਕਸੀਅਨ ਪੰਚਾਇਤੀ ਰਾਜ*

## ਸੰਦੇਸ਼



ਸੀਨੀਅਰ ਪੱਤਰਕਾਰ ਤੇ ਸਮਾਜ ਸੇਵੀ ਫਤਿਹ ਪ੍ਰਭਾਕਰ ਦੀ ਜਨਮ ਭੂਮੀ ਪਿੰਡ ਖੇੜੀ-ਜੱਟਾਂ ਵਿਖੇ ਸੰਨ 2014 ਤੋਂ ਕਈ ਵਾਰ ਜਾਣ ਦਾ ਮੌਕਾ ਮਿਲਿਆ ਤਾਂ ਮੈਨੂੰ ਹੈਰਾਨੀ ਹੋਈ ਕਿ ਛੋਟਾ ਪਿੰਡ, ਛੋਟੀ ਕਿਸਾਨੀ ਹੋਵੇ ਪਰ ਲੋਕਾਂ ਦੀ ਏਕਤਾ ਅਤੇ ਵਿਕਾਸ ਮੁੱਖੀ ਸੋਚ ਸਦਕਾ ਪਿੰਡ ਵਿਕਾਸ ਪੱਖੋਂ ਇੱਕ ਨਮੂਨੇ ਦਾ ਪਿੰਡ ਬਣ ਗਿਆ ਹੋਵੇ। ਪਿੰਡ ਵਿੱਚ ਬੱਚਿਆਂ ਨੂੰ ਸਮੇਂ ਦੇ ਹਾਣੀ ਬਨਾਉਣ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਕੰਪਿਊਟਰ ਸੈਂਟਰ ਵੀ ਫਤਿਹ ਪ੍ਰਭਾਕਰ ਦੇ ਯਤਨਾਂ ਸਦਕਾ ਪਿਛਲੇ 10 ਸਾਲਾਂ ਤੋਂ ਚੱਲ ਰਿਹਾ ਹੋਵੇ ਜਿਸ ਦਾ ਲਾਹਾ ਨੇੜੇ ਦੇ 7-8 ਪਿੰਡਾਂ ਦੇ ਬੱਚੇ ਅਤੇ ਬੱਚੀਆਂ ਉਠਾਉਂਦੇ ਆ ਰਹੇ ਹਨ। ਪਿੰਡ ਖੇੜੀ-ਜੱਟਾਂ ਪੰਜਾਬ ਦੇ ਪਿੰਡਾਂ ਲਈ ਵਿਕਾਸ ਪੱਖੋਂ ਹੋਰਨਾਂ ਪਿੰਡਾਂ ਲਈ ਇੱਕ ਪ੍ਰੇਰਨਾ ਸ੍ਰੋਤ ਬਣ ਗਿਆ।

*ਡਾ. ਨਰਵਿੰਦਰ ਸਿੰਘ ਕੌਸ਼ਲ ਸੇਵਾ-ਮੁਕਤ ਡੀਨ ਕੁਰੂਕਸ਼ੇਤਰਾ ਯੂਨੀਵਰਸਿਟੀ।*

## ਸੰਦੇਸ਼



ਫਤਿਹ ਪ੍ਰਭਾਕਰ ਨਿਰਪੱਖ, ਨਿਡਰਤਾ ਅਤੇ ਦਲੇਰੀ ਨਾਲ ਸਮਾਜ ਵਿੱਚ ਵਾਪਰ ਰਹੇ ਵਰਤਾਰਿਆਂ ਨੂੰ ਆਪਣੀ ਕਲਮ ਸੰਗ ਤਰੀਟਦੇ ਆ ਰਹੇ ਹਨ।ਉਹਨਾਂ ਵੱਲੋਂ ਲਿੱਖੀਆਂ ਲੜੀਵਾਰ ਲਿਖਤਾਂ ਨਾਲ ਕੈਂਸਰ ਪੀੜਤ ਮਰੀਜ਼ਾਂ ਨੂੰ ਸਰਕਾਰਾਂ ਵੱਲੋਂ 1.50 ਲੱਖ ਰੁਪਏ ਤੱਕ ਦੀ ਰਾਸ਼ੀ ਇਲਾਜ ਲਈ ਮਿਲਣ ਲੱਗੀ।ਹੋਰ ਬਹੁਤ ਸਾਰੇ ਕਾਰਜ ਪੁਲਿਸ ਜਾਂ ਸਰਕਾਰੀ ਦਮਨ ਜਿਥੇ ਵੀ ਹੁੰਦਾ ਹੋਵੇ ਉਹਨਾਂ ਆਪਣੀ ਕਲਮ ਹੱਕ ਤੇ ਇਨਸਾਫ਼ ਲਈ ਵਾਹੀ ਹੈ।ਇਸ ਲਈ ਉਹਨਾਂ ਦਾ ਇਲਾਕੇ ਵਿੱਚ ਸਤਿਕਾਰ ਹੈ।ਪਿਛਲੇ 10 ਵਰ੍ਹਿਆਂ ਤੋਂ ਆਪਣੀ ਜਨਮ ਭੂਮੀ ਨੂੰ ਵਿਕਾਸ ਅਤੇ ਤਰੱਕੀ ਵੱਲ ਲੈ ਜਾਣ ਲਈ ਉਹ ਯਤਨਸ਼ੀਲ ਰਹਿੰਦੇ ਹਨ। ਉਹਨਾਂ ਵੱਲੋਂ ਕੱਢੇ ਜਾ ਰਹੇ ਵਿਸ਼ੇਸ਼ ਸਪਲੀਮੈਂਟ ਲਈ ਮੈਂ ਉਹਨਾਂ ਨੂੰ ਮੁਬਾਰਕਵਾਦ ਦਿੰਦਾ ਹਾਂ।

*ਕਾਮਰੇਡ ਸੁਖਦੇਵ ਸ਼ਰਮਾ ਜਿਲ੍ਹਾ ਸਕੱਤਰ ਸੀ ਪੀ ਆਈ ਸੰਗਰੂਰ।*

## ਸਹਿਯੋਗੀ ਸੱਜਣ



ਇੰਜ. ਜਸਵੰਤ ਸਿੰਘ ਖਹਿਰਾ | ਅਸ਼ੋਕ ਮੋਹਨ ਰਿਟਾ. ਡੀ ਐਸ ਪੀ | ਡਾ. ਪ੍ਰਭਜੋਤ ਸਿੰਘ ਸਿਬੀਆ | ਗਿਆਨੀ ਹਰੀਸ਼ ਅਰੋੜਾ
ਜੀ.ਐਸ.ਗਿੱਲ | ਰੋਸ਼ਨ ਲਾਲ ਪੂਨੀਆ | ਸੁਖਿੰਦਰ ਸਿੰਘ ਮਾਲਕ ਹਰਮਨ ਹੋਟਲ | ਵੈਦ ਦੁਰਗਾ ਦਾਸ
ਗੁਰਦੀਪ ਸਿੰਘ ਸਚਦੇਵਾ | ਬਲਵਿੰਦਰ ਸਿੰਘ ਪਿੰਡ ਖੇੜੀ-ਜੱਟਾਂ | ਸੁਖਵਿੰਦਰ ਸਿੰਘ ਬਬਲਾ ਚੰਦ ਫਾਰਮਾਸਿਸਟ | ਕੇਵਲ ਕ੍ਰਿਸ਼ਨ ਲੌਂਗੋਵਾਲੀਆ

**ਘਰ ਦੀ ਰੌਣਕ**



# ਕੀ ਪੁੱਛਦੇ ਓ ਹਾਲ ਫਕੀਰਾਂ ਦਾ...

ਧੂਰੀ ਵਿਧਾਨ ਸਭਾ ਹਲਕੇ ਦਾ ਛੋਟਾ ਜਿਹਾ ਪਿੰਡ ਖੇੜੀ-ਜੱਟਾਂ ਜਿਸ ਦੀ ਕੁੱਲ ਅਬਾਦੀ 1432 ਜਿਸ ਵਿੱਚ ਜਰਨਲ ਵਰਗ ਦੇ ਲੋਕ ਸਿਰਫ-562 ਉਹ ਵੀ ਛੋਟੀ ਕਿਸਾਨੀ ਤੇ ਐਸ ਸੀ/ਬੀ ਸੀ/ ਓ ਬੀ ਸੀ ਨਾਲ ਸਬੰਧਤ-870 ਲੋਕ ਵੱਸਦੇ ਹਨ। ਪਿੰਡ ਖੇੜੀ-ਜੱਟਾਂ ਦੇ ਨੇੜੇ ਦੇ ਚਾਰ ਹੋਰ ਪਿੰਡਾਂ ਦੇ ਪਟਵਾਰ ਹਲਕੇ ਦੇ ਬਤੌਰ ਪਟਵਾਰੀ ਲੰਮਾ ਸਮਾਂ ਸੇਵਾਵਾਂ ਨਿਭਾਉਂਦੇ ਰਹੇ, ਮੇਰੇ ਪਿਤਾ ਸਵ. ਸ ਪਟਵਾਰੀ ਗਿਰਧਾਰੀ ਲਾਲ ਜੀ। ਪਿੰਡ ਖੇੜੀ-ਜੱਟਾਂ ਵਿੱਚ ਮੇਰਾ ਜਨਮ, ਬਚਪਨ ਅਤੇ ਮੁੱਢਲੀ ਅੱਠਵੀਂ ਤੱਕ ਦੀ ਪੜ੍ਹਾਈ ਸਰਕਾਰੀ ਮਿੱਡਲ ਸਕੂਲ ਢਢੋਗਲ ਖੇੜੀ ਦੀ ਹੈ। ਉਸ ਉਪਰੰਤ ਸਾਡਾ ਪਰਿਵਾਰ ਸ਼ਹਿਰ ਸੰਗਰੂਰ ਆ ਗਿਆ ਪਰ ਪਿੰਡ ਖੇੜੀ-ਜੱਟਾਂ ਦੇ ਲੋਕਾਂ ਨਾਲ ਰਾਬਤਾ ਕਾਇਮ ਰਿਹਾ। ਸੰਨ 1991 ਵਿੱਚ ਮੈਂ ਸੰਗਰੂਰ ਜਿਲ੍ਹਾ ਹੈਡ ਕੁਆਟਰ ਤੋਂ ਬਤੌਰ ਪੱਤਰਕਾਰ ਆਪਣੀ ਪਹਿਚਾਣ ਬਣਾਈ। ਸਾਲ 2000 ਵਿੱਚ ਮੇਰੇ ਕੁਝ ਸਹਿਪਾਠੀ ਪਿੰਡ ਖੇੜੀ-ਜੱਟਾਂ ਤੋਂ ਆਏ ਤੇ ਉਹਨਾਂ ਕਿਹਾ ਕਿ ਵੀਰ ਫਤਿਹ ਪ੍ਰਭਾਕਰ ਆਪਣੇ ਸਕੂਲ ਦੇ



ਗੁਰਦੁਆਰਾ ਝਿੜਾ ਸਾਹਿਬ



ਕਮਰਿਆਂ ਦੀਆਂ ਛੱਤਾਂ ਖਸਤਾਂ ਹਾਲਤ ਵਿੱਚ ਹਨ ਉਹਨਾਂ ਨੂੰ ਬਦਲਣਾ ਹੈ। ਤੱਤਕਾਲੀ ਡੀ.ਸੀ ਸ੍ਰੀ ਅਨਿਰੁਧ ਤਿਵਾੜੀ ਕੋਲ ਅਸੀਂ ਪਹੁੰਚ ਕੀਤੀ ਤੇ ਮਾਰਚ ਦਾ ਅਖੀਰ ਹੋਣ ਕਰਕੇ ਸਾਨੂੰ ਮੈਚਿੰਗ ਗ੍ਰਾਂਟ ਮਿਲੀ ਜਿਸ ਨਾਲ ਅਸੀਂ ਸਕੂਲ ਦੇ ਕਮਰਿਆਂ ਦੀਆਂ ਛੱਤਾਂ ਬਦਲਣ ਵਿੱਚ ਸਫ਼ਲ ਰਹੇ। ਸਾਲ 2014 ਵਿੱਚ ਮੇਰੇ ਹਮਜਮਾਤੀਆਂ ਦੇ ਮੁੰਡੇ ਮੈਂਬਰ ਪੰਚਾਇਤ ਚੁਣੇ ਗਏ ਜਦੋਂ ਕਿ ਪਿੰਡ ਦੀ ਸਰਪੰਚਣੀ ਦਲਿਤ ਭਾਈਚਾਰੇ ਵਿੱਚੋਂ ਸ੍ਰੀਮਤੀ ਜਸਵਿੰਦਰ ਕੌਰ ਸਨ। ਉਹਨਾਂ ਵਿੱਚ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗਿਆਨੀ ਦਰਸ਼ਨ ਸਿੰਘ ਤੇ ਹੋਰ ਮੌਹਤਬਰ ਵਿਅਕਤੀਆਂ ਵਿੱਚ ਸੁਰਜੀਤ ਸਿੰਘ ਬਲਾਕ ਸੰਮਤੀ ਮੈਂਬਰ ਤੇ ਹੋਰਨਾਂ ਨੇ ਆ ਕੇ ਮੈਨੂੰ ਕਿਹਾ ਕਿ ਫਤਿਹ ਪ੍ਰਭਾਕਰ ਆਪਣਾ ਪਿੰਡ ਛੋਟਾ ਤੇ ਵੋਟ ਥੋੜ੍ਹੀ ਹੋਣ ਕਾਰਨ ਪਿੰਡ ਨੂੰ ਕਿੱਤੇ ਕੋਈ ਵਿਕਾਸ ਲਈ ਗ੍ਰਾਂਟ ਨਹੀਂ ਮਿਲਦੀ। ਤੁਸੀਂ ਸਾਡਾ ਸਾਥ ਦਿਓ ਤਾਂ ਜੋ ਆਪਾ ਪਿੰਡ ਦਾ ਵਿਕਾਸ ਕਰਾ ਸਕੀਏ। ਇਸ ਉਪਰੰਤ ਇਹ ਫੈਸਲਾ ਹੋਇਆ ਕਿ ਕਿਸੇ ਗ੍ਰਾਂਟ ਵਿੱਚੋਂ ਕੋਈ ਪੈਸਾ ਨਹੀਂ ਖਾਇਗਾ ਤੇ ਵਿਕਾਸ ਕਰਨ ਸਮੇਂ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾਵੇਗਾ।

### ਜਦੋਂ ਸਾਡੇ ਪਿੰਡ ਖੇੜੀ ਜੱਟਾਂ ਦੀ ਬਦਲੀ ਨੁਹਾਰ

ਇਸ ਉਪਰੰਤ ਤੱਤਕਾਲੀ ਏ.ਡੀ.ਸੀ (ਜ) ਸ. ਪ੍ਰੀਤਮ ਸਿੰਘ ਜੌਹਲ ਨੂੰ ਨਾਲ ਲੈ ਕੇ ਪਿੰਡ ਦਾ ਦੌਰਾ ਕੀਤਾ ਅਤੇ ਵਿਕਾਸ ਦਾ ਮੁੱਢ ਬੱਝਣਾ ਸ਼ੁਰੂ ਹੋ ਗਿਆ। ਇਤਿਹਾਸਕ ਕਦਮ ਪਿੰਡ ਦੀਆਂ ਕਈ ਸਮਸ਼ਾਨਘਾਟਾਂ ਨੂੰ ਮਿਟਾ ਕੇ ਇੱਕ ਸਮਸ਼ਾਨਘਾਟ ਕਰ ਦਿੱਤੀ ਗਈ। ਵਿਕਾਸ ਪੱਖੋਂ 4 ਲੱਖ 32 ਹਜਾਰ ਸਰਬ ਸਿੱਖਿਆ ਅਭਿਆਨ ਵਿੱਚੋਂ ਮਿਲੀ ਗ੍ਰਾਂਟ ਨਾਲ




ਉਡੀਕ ਘਰ

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਚਾਰ ਦੀਵਾਰੀ, ਦਰਵਾਜੇ ਦੇ ਸਾਹਮਣੇ 17 ਲੱਖ ਦੀ ਲਾਗਤ ਨਾਲ ਮਨਰੇਗਾ ਭਵਨ, ਪਟਵਾਰ ਖਾਨੇ ਦੀ ਢਹਿ ਢੇਰੀ ਹੋ ਚੁੱਕੀ ਇਮਾਰਤ ਨੂੰ ਪੰਚਾਇਤ ਵੱਲੋਂ ਮੁੜ ਉਸਾਰ ਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪੇਂਡੂ ਬੱਚਿਆਂ ਨੂੰ ਸਮੇਂ ਦੀ ਹਾਣੀ ਬਨਾਉਣ ਲਈ ਮੁਫ਼ਤ ਕੰਪਿਊਟਰ ਸੈਂਟਰ ਚਾਲੂ ਕੀਤਾ ਗਿਆ, ਸਾਰੀਆਂ ਧਰਮਸ਼ਾਲਾਵਾਂ ਦੀ ਮੁਰੰਮਤ, ਖੇਤਾਂ ਨੂੰ ਜਾਣ ਵਾਲੇ ਸਾਰੇ ਰਸਤੇ (ਖੜਵੰਜੇ) 11.25 ਲੱਖ ਦੀ ਲਾਗਤ ਨਾਲ ਪੱਕੇ ਬਣਾਏ, ਮੁਸਲਮਾਨ ਭਰਾਵਾਂ ਦੇ ਇਬਾਦਤ ਲਈ ਮਸਜਿਦ ਦੀ ਉਸਾਰੀ ਅਤੇ ਉਹਨਾਂ ਦਾ ਕਬਰਿਸਤਾਨ ਵੀ ਬਣਾਇਆ ਗਿਆ। ਪਿੰਡ ਦੀਆਂ ਗਲੀਆਂ ਨਾਲੀਆਂ ਪੱਕੀਆਂ, ਮੀਹਾਂ ਦੇ ਪਾਣੀ ਦੀ ਨਿਕਾਸੀ ਲਈ ਅੰਡਰ ਗਰਾਉਂਡ ਪਾਇਪਾਂ ਪਾ ਕੇ ਡਰੇਨ ਵਿੱਚ ਪਾਉਣ ਸਮੇਤ ਅਨੇਕਾਂ ਕਾਰਜ ਜੋ ਕਿ ਪਿੰਡ ਲਈ ਲੋੜੀਦੇ ਸਨ ਸਾਂਝੇ ਯਤਨਾਂ ਨਾਲ ਨੇਪਰੇ ਚਾੜ੍ਹੇ ਗਏ।

ਹੁਣ ਪੰਜਾਬ ਵਿੱਚ ਜਿਥੇ ਸਰਕਾਰ ਕੈਪਟਨ ਅਮਰਿੰਦਰ ਸਿੰਘ ਦੀ ਆ ਗਈ ਉਥੇ ਪਿੰਡ ਦੀ ਸਰਪੰਚੀ ਸ. ਮਨਪ੍ਰੀਤ ਸਿੰਘ ਮਨੀ ਉਰਫ਼ ਨੰਬਰਦਾਰ ਦੇ ਹੱਥ ਆਈ। ਹੁਣ ਵੀ ਸਮੁੱਚੀ ਪੰਚਾਇਤ ਵਿਕਾਸ ਲਈ ਹਰ ਕਿਸਮ ਦੇ ਸਹਿਯੋਗ ਲਈ ਮੈਨੂੰ ਨਾਲ ਲੈ ਕੇ ਤੁਰਦੇ ਸਨ। ਉਸ ਸਮੇਂ ਵੀ ਬਹੁਤ ਸਾਰੇ ਕਾਰਜ ਪਿੰਡ ਦੇ ਵਿਕਾਸ ਦੇ ਹੋਏ ਅਤੇ ਇਸੇ ਸਮੇਂ ਦੌਰਾਨ ਪਿੰਡ ਖੇੜੀ-ਜੱਟਾਂ ਪਿੰਡ ਬਾਬੇ ਨਾਨਕ ਦਾ ਸਕੀਮ ਅਧੀਨ ਆ ਗਿਆ। ਜਿਸ ਕਾਰਨ ਇੱਕ ਕਰੋੜ ਰੁਪਏ ਦੀ ਗ੍ਰਾਂਟ ਨਾਲ ਪਿੰਡ ਦਾ ਸਰਬਪੱਖੀ ਵਿਕਾਸ ਹੋ ਗਿਆ। ਜਿਸ ਵਿੱਚ ਰਹਿੰਦੇ ਕਾਫੀ ਕਾਰਜ ਮੁਕੰਮਲ ਹੋਏ, ਪੂਰਾ ਪਿੰਡ ਸਟਰੀਟ ਲਾਈਟਾਂ ਤੇ ਕੈਮਰਿਆਂ ਦੀ ਨਜ਼ਰ ਹੇਠ ਆਇਆ, ਸੋਲਰ ਸਿਸਟਮ, ਪਿੰਡ ਨੂੰ ਹਰਾ ਭਰਾ ਕਰਨ ਲਈ ਨਾਨਕ ਬਗੀਚੀ ਅਤੇ ਪਿੰਡ ਦੇ ਰਸਤਿਆਂ ਤੇ ਟਰੀ ਗਾਰਡ ਲੱਗਾ ਕੇ ਬਹੁਤ ਸਾਰੇ ਬੂਟੇ ਲਗਾਏ ਗਏ। ਪਿੰਡ ਦੇ ਸਰਬਪੱਖੀ ਵਿਕਾਸ ਲਈ ਦਿੱਤੇ ਸਹਿਯੋਗ ਸਦਕਾ ਸੂਬਾ ਪੱਧਰੀ ਸਨਮਾਨ ਦਿੱਤੇ ਜਾਣ ਲਈ ਮੇਰੇ ਨਾਂ ਦੀ ਸਿਫਾਰਸ਼ ਪਿੰਡ ਦੀ ਪੰਚਾਇਤ ਵੱਲੋਂ ਪਾਸ ਕੀਤੇ ਮੱਤੇ ਤੇ ਤੱਤਕਾਲੀ ਵਿਰੋਧੀ ਧਿਰ ਦੇ ਆਗੂ ਸ. ਹਰਪਾਲ ਸਿੰਘ ਚੀਮਾ ਮੌਜੂਦਾ ਸਰਕਾਰ ਵਿੱਚ ਵਿੱਤ ਮੰਤਰੀ ਵੱਲੋਂ ਪੰਜਾਬ ਸਰਕਾਰ ਨੂੰ ਭੇਜੀ ਗਈ। ਕਾਂਗਰਸੀਆਂ ਨੂੰ ਇਹ ਮਨਜ਼ੂਰ ਨਹੀਂ ਸੀ ਇਸ ਲਈ ਐਵਾਰਡ ਵਿੱਚੇ ਹੀ ਲਟਕਾ ਦਿੱਤਾ ਗਿਆ। ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਵਿੱਚ ਖਜਾਨਾ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਵਾਰ ਵਾਰ ਆਪਣੀ ਸਰਕਾਰ ਨੂੰ ਵੀ ਸੂਬਾ ਪੱਧਰੀ ਐਵਾਰਡ ਦੇਣ ਲਈ ਲਿਖਿਆ ਪਰ ਕੁਝ ਨਹੀਂ ਹੋਇਆ। ਇਥੇ ਇਹ ਵੀ ਵਰਣਨਯੋਗ ਹੈ ਕਿ ਦੋਵੇਂ ਪੰਚਾਇਤਾਂ ਵੱਲੋਂ ਫਤਿਹ ਪ੍ਰਭਾਕਰ ਨੂੰ ਸਟੇਟ ਐਵਾਰਡ ਦਿੱਤੇ ਜਾਣ ਲਈ ਮਤੇ ਪਾ ਕੇ ਸਰਕਾਰਾਂ ਨੂੰ ਭੇਜੇ ਗਏ ਪਰ ਕਾਰਵਾਈ ਨਹੀਂ ਹੋਈ। 2 ਸਾਲ ਪਹਿਲਾਂ ਧੂਰੀ ਵਿਧਾਨ ਸਭਾ ਹਲਕੇ ਦੀ ਖ਼ੁਸ਼ਕਿਸਮਤੀ ਤੇ ਖਾਸ ਕਰਕੇ ਖੇੜੀ-ਜੱਟਾਂ ਦੀ ਇਹ ਰਹੀ ਕਿ ਇਸ ਹਲਕੇ ਤੋਂ ਚੋਣ ਲੜ ਕੇ ਪੰਜਾਬ ਦੇ ਬਤੌਰ ਮੁੱਖ ਮੰਤਰੀ ਦੀ ਕੁਰਸੀ ਤੇ ਵਿਰਾਜਮਾਨ ਸ. ਭਗਵੰਤ ਸਿੰਘ ਮਾਨ ਜੋ ਕਿ ਗਤੀਸ਼ੀਲ ਮੁੱਖ ਮੰਤਰੀ ਹਨ ਤੇ ਪਿੰਡ ਦੇ ਵਿਕਾਸ ਕਾਰਜ ਜਾਰੀ ਹਨ।ਇਹਨਾਂ ਸਾਰੇ ਕਾਰਜਾਂ ਨੂੰ ਦੇਖਦੇ ਹੋਏ ਪਿੰਡ ਖੇੜੀ-ਜੱਟਾਂ ਜਿਹੜਾ ਕਦੇ ਘੱਟ ਅਬਾਦੀ ਵਾਲਾ ਹੋਣ ਕਰਕੇ ਅਣਗੌਲਿਆਂ ਸੀ ਹੁਣ ਵਿਕਾਸ ਦੇ ਪੱਖ ਤੋਂ ਸੂਬੇ ਦੇ 12 ਪਿੰਡਾਂ ਵਿੱਚ ਗਿਣਿਆ ਜਾਣ ਲੱਗਾ ਹੈ। ਪਿੰਡ ਦੀ ਤਰੱਕੀ ਅਤੇ ਵਿਕਾਸ ਅਜੇ ਜਾਰੀ ਹੈ ਪਰ ਸਮਾਜ ਸੇਵਕ ਅਤੇ ਸੀਨੀਅਰ ਪੱਤਰਕਾਰ ਦਾ ਸਟੇਟ ਐਵਾਰਡ ਆਪਣੀ ਸਰਕਾਰ ਹੁੰਦਿਆ ਹੋਇਆ ਵੀ ਅਜੇ ਲਮਕ ਅਵਸਥਾ ਵਿੱਚ ਪਿਆ ਹੈ।

### ਮੁੱਖ ਮੰਤਰੀ ਭਾਵੇਂ ਤੀਸਰੇ ਆ ਗਏ ਪਰ ਅਰਧ ਅਧਿਕਾਰੀ ਵੱਲੋਂ ਵਿਤਕਰੇਬਾਜ਼ੀ ਜਿਉਂ ਦੀ ਤਿਉਂ ਰਹੀ

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਸੀਨੀਅਰ ਪੱਤਰਕਾਰ ਜਿਹਨਾਂ ਦੀਆਂ ਸੇਵਾਵਾਂ 20 ਸਾਲਾਂ ਤੋਂ ਵੱਧ ਦੀਆਂ ਹੋ



ਗਈਆਂ ਤੇ ਆਪਣੀ 60 ਸਾਲ ਦੀ ਉਮਰ ਹੰਢਾ ਚੁੱਕੇ ਹਨ ਉਹਨਾਂ ਨੂੰ (ਫਾਈਨੈਂਸ਼ੀਅਲ ਅਸਿਸਟੈਂਟ ਸਕੀਮ ਫਾਰ ਜਰਨਲਿਸਟ) ਰਾਹੀਂ ਮਹੀਨੇਵਾਰ ਰਾਸ਼ੀ ਦੇਣ ਦਾ ਨੋਟੀਫਿਕੇਸ਼ਨ ਜਾਰੀ ਹੋਇਆ। ਇਸ ਸਕੀਮ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਦੇ ਬਾਵਜੂਦ ਪਿਛਲੇ ਢਾਈ ਕੁ ਸਾਲਾਂ ਤੋਂ ਇਸ ਕੇਸ ਨੂੰ ਇੱਕ ਅਰਧ ਅਧਿਕਾਰੀ ਜਿਹੜਾ ਕਿ ਨਾਂ ਪੀ.ਸੀ.ਐਸ ਤੇ ਨਾਂ ਆਈ.ਏ.ਐਸ ਪਰ ਉਹ ਪੰਜਾਬ ਸਰਕਾਰ ਦੇ ਪਬਲਿਕ ਰਿਲੇਸ਼ਨ ਵਿਭਾਗ ਵਿੱਚ ਜੁਆਇੰਟ ਡਾਇਰੈਕਟਰ ਸ. ਇਸ਼ਵਿੰਦਰ ਸਿੰਘ ਗਰੇਵਾਲ ਬੈਠਾ ਹੈ। ਉਹ ਵੱਖਰੀ ਵਿਚਾਰਧਾਰਾ ਰੱਖਦਾ ਹੋਣ ਕਰਕੇ ਜਦੋਂ ਕਿ ਮੈਂ ਸ਼ਹੀਦੇ-ਏ-ਆਜਮ ਸ. ਭਗਤ ਸਿੰਘ ਹੋਰਾਂ ਦੀ ਵਿਚਾਰਧਾਰਾ ਦਾ ਧਾਰਨੀ ਹਾਂ ਤੇ ਮੇਰੇ ਨਾਲ ਵਿਤਕਰਾ ਕਰਦੇ ਹੋਏ ਇਸ ਕੇਸ ਨੂੰ ਦੱਬੀ ਬੈਠਾ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਇਨਕਲਾਬ ਦਾ ਨਾਅਰਾ ਲਗਾਉਂਣ ਵਾਲੀ ਇਹ ਸਰਕਾਰ ਅੰਦਰ ਬੈਠੇ ਇਹੋ ਜਿਹੇ ਅਰਧ ਅਧਿਕਾਰੀ ਜੇਕਰ ਲੋਕਾਂ ਨੂੰ ਇਨਸਾਫ਼ ਦੇਣ ਦੀ ਬਜਾਏ ਵਿਤਕਰੇਵਾਜੀ ਕਰਦੇ ਰਹਿਣਗੇ ਤਾਂ ਸਰਕਾਰ ਦਾ ਅਕਸ਼ ਪੰਜਾਬ ਦੇ ਲੋਕਾਂ ਵਿੱਚ ਕਿਹੋ ਜਿਹਾ ਜਾਏਗਾ। ਇਥੇ ਵਰਣਨਯੋਗ ਹੈ ਕਿ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਬਣਨ ਸਮੇਂ ਕੁਝ ਅਧਿਕਾਰੀ ਨੂੰ ਡਰ ਜਰੂਰ ਪੈਦਾ ਹੋਇਆ ਸੀ ਤੇ ਉਸ ਅਧਿਕਾਰੀ ਨੇ ਪਲਬਿਕ ਰਿਲੇਸ਼ਨ ਜਿਲ੍ਹਾ ਸੰਗਰੂਰ ਦੇ ਅਧਿਕਾਰੀ ਰਾਹੀਂ ਕੇਸ ਦੁਬਾਰਾ ਮੰਗਵਾ ਲਿਆ ਸੀ।

ਇਸ ਉਪਰੰਤ ਪੰਜਾਬ ਦੇ ਲੋਕ ਸੰਪਰਕ ਵਿਭਾਗ ਦੇ ਮੰਤਰੀ ਸ੍ਰੀ ਅਮਨ ਅਰੋੜਾ ਅਤੇ ਮੌਜੂਦਾ ਮੰਤਰੀ ਸ੍ਰੀ ਚੇਤਨ ਸਿੰਘ ਜੌੜਾਮਾਜਰਾ ਰਾਹੀਂ ਵੀ ਆਪਣੇ ਕੇਸ ਦੀ ਫਾਇਲ ਭੇਜੀ ਗਈ ਹੈ ਪਰ ਪੰਤਾਲਾ ਥੈਂ ਦੀ ਥੈਂ।ਲੋਕ ਸਰਕਾਰਾਂ ਜਾਂ ਅਧਿਕਾਰੀਆਂ ਵੱਲੋਂ ਕੀਤੇ ਜਾ ਰਹੇ ਵਿਤਕਰੇਵਾਜੀ ਤੋਂ ਦੁਖੀ ਹੋ ਕੇ ਪੱਤਰਕਾਰਾਂ ਪਾਸ ਆਪਣੀ ਫਰਿਆਦ ਲੈ ਕੇ ਆਉਂਦੇ ਹਨ ਪਰ ਜੇਕਰ ਪੱਤਰਕਾਰ ਨਾਲ ਹੀ ਅਜਿਹੀ ਵਿਤਕਰੇਬਾਜ਼ੀ ਹੁੰਦੀ ਹੋਵੇ ਤਾਂ ਉਹ ਕਿਥੇ ਅਤੇ ਕਿਸ ਕੋਲੋ ਜਾਵੇ।



ਫਤਿਹ ਪ੍ਰਭਾਕਰ
ਵੈਟਰਨ ਪੱਤਰਕਾਰ ਸੰਗਰੂਰ
ਮੋਬ- 98140-13210

## ਸੰਦੇਸ਼



ਜਸਵਿੰਦਰ ਕੌਰ ਸਾਬਕਾ ਸਰਪੰਚ | ਮਨਪ੍ਰੀਤ ਸਿੰਘ ਮਨੀ ਸਾਬਕਾ ਸਰਪੰਚ | ਸ. ਸੁਰਜੀਤ ਸਿੰਘ | ਗਿਆਨੀ ਦਰਸ਼ਨ ਸਿੰਘ | ਬਲਵੀਰ ਸਿੰਘ



ਹਰਪ੍ਰੀਤ ਸਿੰਘ



ਬਲਵਿੰਦਰ ਸਿੰਘ

ਸਾਡਾ ਪਿੰਡ ਅਬਾਦੀ ਪੱਖੋਂ ਛੋਟਾ ਹੋਣ ਕਾਰਨ ਰਾਜਨੀਤਿਕ ਪਾਰਟੀਆਂ ਦੇ ਆਗੂ ਵਿਕਾਸ ਲਈ ਅਖਤਿਆਰੀ ਫੰਡਾਂ ਵਿੱਚੋਂ ਬਹੁਤੇ ਫੰਡ ਨਹੀਂ ਸਨ ਦਿੰਦੇ ਜਿਸ ਕਾਰਨ ਪਿੰਡ ਵਿਕਾਸ ਪੱਖੋਂ ਪੱਛੜ ਰਿਹਾ ਸੀ। ਸਾਡੇ ਪਿੰਡ ਦੇ ਜੰਮਪਲ ਸੀਨੀਅਰ ਪੱਤਰਕਾਰ ਫਤਿਹ ਪ੍ਰਭਾਕਰ ਜਿਹੜੇ ਕਿ ਸ਼ਹਿਰ ਸੰਗਰੂਰ ਵਿੱਖੇ ਰਹਿ ਰਹੇ ਸਨ ਬਾਰੇ ਸਾਡੇ ਵੱਡਿਆਂ ਨੇ ਕਿਹਾ ਕਿ ਜੇਕਰ ਪਿੰਡ ਦਾ ਵਿਕਾਸ ਕਰਾਉਣਾ ਹੈ ਤਾਂ ਉਹਨਾਂ ਕੋਲ ਜਾਓ, ਜੇਕਰ ਉਹ ਪਿੰਡ ਦੇ ਵਿਕਾਸ ਲਈ ਅੱਗੇ ਹੋ ਕੇ ਚੱਲਦੇ ਹਨ ਤਾਂ ਆਪਣੇ ਪਿੰਡ ਦਾ ਵਿਕਾਸ ਹੋ ਸਕੇਗਾ। ਸੰਨ 2014 ਵਿੱਚ ਉਹਨਾਂ ਨੇ ਆਪਣੇ ਅਸਰ-ਰਸੂਖ ਨਾਲ ਸਮੇਂ ਦੀ ਸਰਕਾਰ ਤੇ ਅਧਿਕਾਰੀਆਂ ਪਾਸ ਪਹੁੰਚ ਕੀਤੀ ਤੇ ਵਿਕਾਸ ਕਾਰਜ ਜਿਹਨਾਂ ਦੀ ਆਸ ਵੀ ਨਹੀਂ ਸੀ ਹੋਣੇ ਸ਼ੁਰੂ ਹੋ ਗਏ। ਬੱਚਿਆਂ ਨੂੰ ਸਮੇਂ ਦੇ ਹਾਣੀ ਬਨਾਉਣ ਲਈ ਪੰਚਾਇਤ ਵੱਲੋਂ ਪਟਵਾਰਖਾਨੇ ਵਾਲੀ ਥਾਂ ਤੇ ਇਮਾਰਤ ਬਣਾ ਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਕੰਪਿਊਟਰ ਸੈਂਟਰ ਸ਼ੁਰੂ ਕਰ ਦਿੱਤਾ ਜੋ ਅੱਜ ਤੱਕ ਚੱਲ ਰਿਹਾ ਹੈ। ਉਸ ਉਪਰੰਤ ਅਗਲੀ ਪੰਚਾਇਤ ਵਿੱਚ ਸ. ਮਨਪ੍ਰੀਤ ਸਿੰਘ ਮਨੀ ਸਰਪੰਚ ਤੇ ਉਹਨਾਂ ਦੀ ਅਗਵਾਈ ਵਿੱਚ ਹੀ ਸਤਿਕਾਰਯੋਗ ਫਤਿਹ ਪ੍ਰਭਾਕਰ ਤੇ ਵਿਕਾਸ ਕਾਰਜ ਜਾਰੀ ਰਹੇ। ਇਸ ਸਮੇਂ ਦੌਰਾਨ ਪਿੰਡ ਬਾਬੇ ਨਾਨਕ ਦਾ ਸਕੀਮ ਅਧੀਨ ਸਾਡਾ ਪਿੰਡ ਆ ਗਿਆ ਅਤੇ ਇੱਕ ਕਰੋੜ ਦੀ ਲਾਗਤ ਨਾਲ ਢੇਰ ਸਾਰੇ ਵਿਕਾਸ ਕਾਰਜ ਮੁਕੰਮਲ ਹੋਏ। ਪੰਜਾਬ ਵਿੱਚ ਸਰਕਾਰ ਬਦਲੀ ਪਰ ਵਿਕਾਸ ਕਾਰਜ ਜਾਰੀ ਰਹੇ। ਅਸੀਂ ਸਾਡੇ ਸਤਿਕਾਰਯੋਗ ਫਤਿਹ ਪ੍ਰਭਾਕਰ ਜੀ ਦੇ ਸਦਾ ਰਿਣੀ ਰਹਾਂਗੇ, ਜਿਹਨਾਂ ਨੇ ਹਮੇਸ਼ਾ ਵਿਕਾਸ ਲਈ ਸਾਡਾ ਸਾਥ ਦਿੱਤਾ ਅਤੇ ਉਸ ਵਿਕਾਸ ਪੁਰਸ਼ ਨੂੰ ਸੂਬਾ ਪੱਧਰੀ ਅਵਾਰਡ ਜਿਸ ਦੇ ਉਹ ਹੱਕਦਾਰ ਹਨ ਪੰਜਾਬ ਸਰਕਾਰ ਵੱਲੋਂ ਦਿੱਤਾ ਜਾਣਾ ਬਣਦਾ ਹੈ।

**ਤੱਤਕਾਲੀ ਗ੍ਰਾਮ ਪੰਚਾਇਤ ਤੇ ਪਤਵੰਤੇ ਸੱਜਣ ਪਿੰਡ ਖੇੜੀ-ਜੱਟਾਂ**

## ਸੰਦੇਸ਼



ਸੁਖਦੇਵ ਸਿੰਘ ਢੀਂਡਸਾ ਸਾਬਕਾ ਕੇਂਦਰੀ ਮੰਤਰੀ



ਪਰਮਿੰਦਰ ਸਿੰਘ ਢੀਂਡਸਾ ਸਾਬਕਾ ਕੈਬਨਿਟ ਮੰਤਰੀ

ਪੱਤਰਕਾਰੀ ਦੇ ਖੇਤਰ ਵਿੱਚ ਆਪਣਾ ਨਾਂਅ ਸਥਾਪਤ ਕਰਨ ਵਾਲੇ ਫਤਿਹ ਪ੍ਰਭਾਕਰ ਨਾਲ ਸਾਡਾ ਲੰਮੇ ਅਰਸੇ ਤੋਂ ਰਾਬਤਾ ਚੱਲਿਆ ਆ ਰਿਹਾ ਹੈ। ਇਹਨਾਂ ਦੀ ਲੇਖਣੀ ਨਿਰਪੱਖ ਅਤੇ ਨਿਡਰਤਾ ਵਾਲੀ ਹੈ। ਇਹਨਾਂ ਦੀ ਸੋਚ ਹਮੇਸ਼ਾ ਵਿਕਾਸ ਮੁੱਖੀ ਰਹੀ ਹੈ। ਜਿਸ ਕਾਰਨ ਇਹਨਾਂ ਆਪਣੀ ਜਨਮ ਭੂਮੀ ਪਿੰਡ ਖੇੜੀ-ਜੱਟਾਂ ਦੇ ਵਿਕਾਸ ਕਾਰਜਾਂ ਲਈ ਹਮੇਸ਼ਾ ਕੇਂਦਰ ਅਤੇ ਸੂਬਾ ਸਰਕਾਰਾਂ ਤੋਂ ਮਿਲਣ ਵਾਲੀਆਂ ਗ੍ਰਾਂਟਾਂ ਲੈਣ ਲਈ ਪਹੁੰਚ ਕੀਤੀ ਹੈ ਤੇ ਉਹਨਾਂ ਦੀ ਸੋਚ ਸਦਕਾ ਉਹਨਾਂ ਨੂੰ ਹਮੇਸ਼ਾ ਸਹਿਯੋਗ ਹੀ ਮਿਲਿਆ ਹੈ। ਪਿੰਡ ਖੇੜੀ-ਜੱਟਾਂ ਪਿੰਡ ਬਾਬੇ ਨਾਨਕ ਦਾ ਸਕੀਮ ਅਧੀਨ ਆਉਂਣ ਕਾਰਨ ਹੀ ਵੱਡੇ ਪੱਧਰ ਤੇ ਵਿਕਾਸ ਕਾਰਜ ਹੋਏ ਹਨ ਤੇ ਉਹਨਾਂ ਵਿੱਚ ਹੀ ਹਮੇਸ਼ਾ ਪਿੰਡ ਵਾਸੀਆਂ ਨੂੰ ਫਤਿਹ ਪ੍ਰਭਾਕਰ ਤੋਂ ਸਹਿਯੋਗ ਮਿਲਦਾ ਆ ਰਿਹਾ ਹੈ ਤੇ ਅੱਗੋਂ ਨੂੰ ਹੀ ਮਿਲਦਾ ਰਹੇਗਾ।

## ਸੰਦੇਸ਼



ਮੇਰਾ ਪਿਛਲੇ ਲੰਮੇ ਸਮੇਂ ਤੋਂ ਵਾਹ ਜਿਲ੍ਹਾ ਸੰਗਰੂਰ ਦੇ ਇੱਕ ਸੀਨੀਅਰ ਪੱਤਰਕਾਰ ਫਤਿਹ ਪ੍ਰਭਾਕਰ ਨਾਲ ਰਿਹਾ ਹੈ। ਉਹਨਾਂ ਦੀ ਆਪਣੀ ਜਨਮ ਭੂਮੀ ਦੇ ਵਿਕਾਸ ਪ੍ਰਤੀ ਸੋਚ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ ਅਤੇ ਜੇਕਰ ਅਸੀਂ ਸਾਰੇ ਆਪਣੇ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਦੇ ਵਿਕਾਸ ਲਈ ਇਸ ਤਰ੍ਹਾਂ ਦੀ ਸੋਚ ਅਪਣਾਈਏ ਤਾਂ ਸਾਡਾ ਪੰਜਾਬ ਸਚਮੁੱਚ ਇੱਕ ਸੋਨੇ ਦੀ ਚਿੜੀ ਬਣ ਜਾਵੇਗਾ। ਫਤਿਹ ਪ੍ਰਭਾਕਰ ਦੀ ਜਨਮ ਭੂਮੀ ਪਿੰਡ ਖੇੜੀ-ਜੱਟਾਂ ਦਾ ਵਿਕਾਸ ਦੇਖ ਕੇ ਮਨ ਗਦਗਦ ਹੋ ਜਾਂਦਾ ਹੈ ਤੇ ਇੰਝ ਲੱਗਦਾ ਹੈ ਜਿਵੇਂ ਕਿਸੇ ਵੱਡੇ ਰੁਤਬੇ ਤੇ ਪਹੁੰਚਣ ਦੀ ਜਰੂਰਤ ਨਹੀਂ ਸਗੋਂ ਦ੍ਰਿੜ ਇਰਾਦਾ ਅਤੇ ਉੱਚੀ ਸੋਚ ਦੇ ਧਾਰਨੀ ਮਨੁੱਖ ਹੀ ਅਜਿਹੇ ਵਿਕਾਸਮੁੱਖੀ ਕਾਰਜ ਕਰਾ ਸਕਦੇ ਹਨ। ਮੈਂ ਉਹਨਾਂ ਵੱਲੋਂ ਕਰਾਏ ਗਏ ਵਿਕਾਸ ਕਾਰਜਾਂ ਕਰਕੇ ਆਪਣੇ ਵੱਡੇ ਵੀਰ ਫਤਿਹ ਪ੍ਰਭਾਕਰ ਨੂੰ ਸਲੂਟ ਕਰਦਾ ਹਾਂ।

*ਸੰਜੀਵ ਬਾਂਸਲ ਸੈਂਟੀ ਸੂਲਰ ਘਰਾਟ।*

## ਸੰਦੇਸ਼



ਪਿੰਡ ਖੇੜੀ-ਜੱਟਾਂ ਵਿੱਖੇ ਕਰਾਏ ਵਿਕਾਸ ਕਾਰਜਾਂ ਕਾਰਨ ਪਿੰਡ ਖੇੜੀ-ਜੱਟਾਂ ਸਮੁੱਚੇ ਪੰਜਾਬ ਦੇ ਵਿਕਾਸ ਮੁੱਖੀ 12 ਪਿੰਡਾਂ ਦੀ ਗਿਣਤੀ ਵਿੱਚ ਆ ਗਿਆ। ਸਾਨੂੰ ਇਸ ਗੱਲ ਦਾ ਮਾਣ ਹਾਸਲ ਹੈ ਕਿ ਸੀਨੀਅਰ ਪੱਤਰਕਾਰ ਫਤਿਹ ਪ੍ਰਭਾਕਰ ਹੋਰਾਂ ਦਾ ਉਹ ਪਿੰਡ ਹੈ ਤੇ ਪੰਚਾਇਤ, ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪਿੰਡ ਦੇ ਪਤਵੰਤੇ ਸੱਜਣਾਂ ਨੂੰ ਨਾਲ ਲੈ ਕੇ ਵਿਕਾਸ ਲਈ ਕੀਤੇ ਯਤਨਾਂ ਨੂੰ ਬੂਰ ਪਿਆ ਹੈ।ਪਿੰਡ ਬਾਬੇ ਨਾਨਕ ਦਾ ਸਕੀਮ ਅਧੀਨ ਆਉਂਣ ਕਾਰਨ ਪਿੰਡ ਨੂੰ ਗ੍ਰਾਂਟਾਂ ਦਾ ਗੱਫੇ ਮਿਲੇ ਤੇ ਵਿਕਾਸ ਕਾਰਜ ਹੋਏ।

*ਸੋਮਨਾਥ ਗੋਇਲ M/s ਗੋਇਲ ਸ਼ਟਰਿੰਗ ਸਟੋਰ ਸੰਗਰੂਰ।*

## ਸੰਦੇਸ਼



ਸਾਲ 1990-91 ਤੋਂ ਮੈਂ ਅਦਾਰਾ ਨਵਾਂ ਜ਼ਮਾਨਾ ਨਾਲ ਜੁੜ ਕੇ ਸੰਗਰੂਰ ਤੋਂ ਬਤੌਰ ਪੱਤਰਕਾਰ ਕਾਰਜ ਸ਼ੁਰੂ ਕੀਤਾ।ਇਹ ਸਿਲਸਿਲਾ ਲਗਾਤਾਰ ਜਾਰੀ ਰਿਹਾ।ਸਾਲ 1996 ਵਿੱਚ ਦੇਸ਼ ਸੇਵਕ ਚੰਡੀਗੜ੍ਹ ਸ਼ੁਰੂ ਹੋਇਆ ਉਸ ਲਈ ਵੀ ਸੇਵਾਵਾਂ ਲਗਾਤਾਰ ਨਿਭਾਈਆਂ।ਕੁਝ ਸਮਾਂ ਜਲੰਧਰ ਤੋਂ ਛਪਦੇ ਅਜੀਤ ਅਖ਼ਬਾਰ ਲਈ ਵੀ ਬਤੌਰ ਪੱਤਰਕਾਰ ਸੇਵਾ ਨਿਭਾਈ।ਇਸ ਲੰਮੇ ਅਰਸੇ ਦੌਰਾਨ ਸਮਾਜ ਵਿੱਚ ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਮਸਲਿਆਂ ਤੇ ਆਪਣੀ ਕਲਮ ਰਾਹੀਂ ਦੱਬੇ ਕੁਚਲੇ ਲੋਕਾਂ ਦੀ ਅਵਾਜ਼ ਸਰਕਾਰਾਂ ਦੇ ਕੰਨਾਂ ਤੱਕ ਪਹੁੰਚਾਉਣ ਦਾ ਭਰਪੂਰ ਯਤਨ ਕਰਦਾ ਆ ਰਿਹਾ ਹਾਂ।ਜਦ ਤੱਕ ਸਰੀਰਕ ਸਮੱਰਥਾ ਰਹੇਗੀ, ਆਪਣੀ ਕਲਮ ਸੰਗ ਸਮਾਜਿਕ ਵਰਤਾਰੇ 'ਤੇ ਲਿਖਦਾ ਰਹਾਂਗਾ।ਇਸ ਸਪਲੀਮੈਂਟ ਲਈ ਸਹਿਯੋਗ ਦੇਣ ਵਾਲੇ ਦੋਸਤਾਂ, ਮਿੱਤਰਾਂ ਅਤੇ ਸੰਸਥਾਵਾਂ ਦਾ ਮੈਂ ਰਿਣੀ ਹਾਂ।

*ਸੀਨੀਅਰ ਪੱਤਰਕਾਰ ਫਤਿਹ ਪ੍ਰਭਾਕਰ, ਸੰਗਰੂਰ*


# ਰਾਜ ਕੁਮਾਰ ਉਭਾਵਾਲੀਆ ਕੰਸਲਟੈਂਟ ਸੰਗਰੂਰ

ਸੰਪਰਕ ਨੰ. 98142-40246

ਸ਼ਹਿਰੀ ਜਾਂ ਪੇਂਡੂ ਪ੍ਰੋਪਰਟੀ, ਜ਼ਮੀਨਾਂ, ਦੁਕਾਨਾਂ, ਸ਼ੋਰੂਮ ਖਰੀਦਣ ਜਾਂ ਵੇਚਣ ਲਈ ਸਹੀ ਸਲਾਹ ਲੈਣ ਲਈ ਸੰਪਰਕ ਕਰ ਸਕਦੇ ਹੋ।



ਰਾਜ ਕੁਮਾਰ ਪ੍ਰੋਪਰਟੀ ਸਲਾਹਕਾਰ ਸੰਗਰੂਰ

Sibia Healthcare Pvt. Ltd.
Heart & Multi-Specialty Centre

BMD Test
Bone Matrix Density Test
ਹੱਡੀਆਂ ਦੇ ਰੇਸ਼ੇ ਦੀ ਜਾਂਚ




ਅੱਜ ਹੀ ਸਾਡੇ ਨਾਲ ਸੰਪਰਕ ਕਰੋ

O.P.D. BOOKING 92166-00321
EMERGENCY 94174-66920
Mob: 98146-98416
Jind Road, Sangrur, PB-148001



# ਅਕਾਲ ਸੀਡ ਫਾਰਮ



ਗੁਰਸਾਗਰ ਮਸਤੂਆਣਾ ਸਾਹਿਬ

ਮੋ. 76967-57411,94171-31588

ਅਕਾਲ ਸੀਡ ਫਾਰਮ ਗੁਰਸਾਗਰ ਮਸਤੂਆਣਾ ਸਾਹਿਬ
ਸਾਉਣੀ ਬੀਜਾਂ ਦੀ ਰੇਟ ਲਿਸਟ 2024.....

| ਲੜੀ ਨੰ. | ਫਸਲ ਕਿਸਮ | ਰੇਟ ਪ੍ਰਤੀ ਥੇਲਾ (24 ਕਿਲੋ) |
|---|---|---|
| 1 | RC | 1400/- |
| 2 | ਉਸ਼ਾ | 1300/- |
| 3 | ਪੂਸਾ - 1886 | 2200/- |
| 4 | ਪੂਸਾ - 1692 | 2200/- |
| 5 | ਪੂਸਾ - 1121 | 1800/- |
| 6 | ਪੂਸਾ - 1509 | 1700/- |
| 7 | ਪੂਸਾ - 1847 | 2000/- |
| 8 | ਪੂਸਾ - 1885 | 1800/- |
| 9 | PR-126 C/S | 1700/- |
| 10 | PR-131 | 1500/- |
| 11 | PR -118 | 1400/- |
| 12 | PB-1 (ASF) | 1700/- |

ਉਪਰੋਕਤ ਬੀਜਾਂ ਦੀ ਵਿਕਰੀ ਅਕਾਲ ਸੀਡ ਫਾਰਮ, ਮੇਨ ਗੇਟ ਨੰ.2, ਦੇ ਨਾਲ ਸ਼ੁਰੂ ਹੈ ।
ਨੋਟ : ਅਕਾਲ ਸੀਡ ਫਾਰਮ ਦੀ ਕਮੇਟੀ ਕਣਕ ਬੀਜ ਦੇ ਰੇਟ ਵਧਾਉਣ ਅਤੇ ਘਟਾਉਣ ਦਾ ਅਧਿਕਾਰ ਰੱਖਦੀ ਹੈ ।
ਮੋ. 84370-10148, 92562-24600